ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 16 | 29 April 2020 to 05 May 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਅਮਰੀਕਾ ਵਿਚ ਮ੍ਰਿਤਕਾਂ ਦੀ ਗਿਣਤੀ 59000 ਤੋਂ ਪਾਰ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਪਿਛਲੇ 24 ਘੰਟਿਆਂ ਦੌਰਾਨ 2200 ਤੋਂ ਵਧ ਮੌਤਾਂ ਹੋਈਆਂ ਹਨ। ਮੌਤਾਂ ਦੀ ਕੁਲ ਗਿਣਤੀ 59266 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ 10,35,765 ਹੋ ਗਈ ਹੈ। ਤਕਰੀਬਨ 25000 ਨਵੇਂ ਮਰੀਜ਼ ਆਏ ਹਨ। ਹੁਣ ਤੱਕ 2,01, 504 ਕੇਸ ਬੰਦ ਕਰ ਦਿੱਤੇ ਗਏ ਹਨ। ਇਨਾਂ ਵਿਚੋਂ 71% ਮਰੀਜ਼ ਠੀਕ ਹੋਏ ਹਨ ਜਦ ਕਿ 29% ਮੌਤ ਦੇ ਮੂੰਹ ਵਿਚ ਜਾ ਪਏ ਹਨ। ਇਕੱਲੇ ਨਿਊਯਾਰਕ ਵਿਚ ਪਿਛਲੇ 24 ਘੰਟਿਆਂ ਦੌਰਾਨ 521 ਮੌਤਾਂ ਹੋਈਆਂ ਹਨ। ਨਿਊਯਾਰਕ ਵਿਚ ਮ੍ਰਿਤਕਾਂ ਦੀ ਗਿਣਤੀ 23144 ਹੋ ਗਈ ਹੈ। ਬਦਤਰ ਬਣੀ ਸਥਿੱਤੀ ਦੇ ਦਰਮਿਆਨ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਗਰੌਸਰੀ ਸਟੋਰਾਂ ਵਿਚ ਮੀਟ ਦੀ ਸਪਲਾਈ ਯਕੀਨੀ ਬਣਾਉਣ ਲਈ ਮੀਟ ਪਲਾਂਟ ਖੋਲਣ ਦੇ ਆਦੇਸ਼ ਦਿੱਤੇ ਹਨ।

**ਮੀਟ ਪਲਾਂਟ ਖੋਲਣ ਦੇ ਆਦੇਸ਼:**
ਰਾਸ਼ਟਰਪਤੀ ਟਰੰਪ ਨੇ ਮੀਟ ਦੀ ਪੈਦਾ ਹੋਈ ਥੁੜ ਨੂੰ ਵੇਖਦਿਆਂ ਹੋਇਆਂ ਕੋਰੋਨਾਵਾਇਰਸ ਦੇ ਫੈਲਣ ਦੀ ਚਿੰਤਾ ਦੇ ਬਾਵਜੂਦ ਬੀਫ਼, ਪੋਰਕ ਤੇ ਪੋਲਟਰੀ ਪ੍ਰਾਸੈਸਿੰਗ ਪਲਾਂਟ ਖੋਲਣ ਦੇ ਆਦੇਸ਼ ਦਿੱਤੇ ਹਨ। ਡਿਫੈਂਸ ਪ੍ਰੋਡੱਕਸ਼ਨ ਐਕਟ ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਜਾਰੀ ਆਦੇਸ਼ ਵਿਚ ਟਰੰਪ ਨੇ ਕਿਹਾ ਹੈ ਕਿ ਅਮਰੀਕਨਾਂ ਨੂੰ ਪ੍ਰੋਟੀਨ ਦੀ ਸਪਲਾਈ ਯਕੀਨੀ ਬਣਾਉਣ ਵਾਸਤੇ ਇਹ ਮਹੱਤਵਪੂਰਨ ਹੈ ਕਿ ਬੀਫ਼, ਪੋਰਕ ਤੇ ਪੋਲਟਰੀ (ਮੀਟ ਤੇ ਪੋਲਟਰੀ) ਦੀ ਫੂਡ ਸਪਲਾਈ ਚੇਨ ਵਿਚ ਨਿਰੰਤਰਤਾ ਬਣੀ ਰਹੇ। ਟਰੰਪ ਦੇ ਇਸ ਆਦੇਸ਼ 'ਤੇ ਅਲੋਚਕਾਂ ਨੇ ਕਿਹਾ ਹੈ ਕਿ ਕੁੱਝ ਪਲਾਂਟ ਇਸ ਕਰਕੇ ਬੰਦ ਕਰ ਦਿੱਤੇ ਸਨ ਕਿਉਂਕਿ ਉਥੇ ਕੰਮ ਕਰਦੇ ਮੁਲਾਜ਼ਮਾਂ ਨੂੰ ਕੋਰੋਨਾ ਹੋ ਗਿਆ ਸੀ। ਜਬਰਨ ਪਲਾਂਟ ਖੋਲਣ ਨਾਲ ਵਰਕਰਾਂ ਦੀ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਮੁਲਾਜ਼ਮ ਜੋ ਨੌਕਰੀ ਦੌਰਾਨ ਕੋਰੋਨਾਵਾਇਰਸ ਦੇ ਸੰਪਰਕ ਵਿਚ ਆਏ ਸਨ, ਕਾਨੂੰਨੀ



ਕਾਰਵਾਈ ਕਰਦੇ ਹਨ ਤਾਂ ਉਹ ਮੀਟ ਪਲਾਂਟਾਂ ਦੀ ਹਿਫ਼ਾਜਤ ਕਰਨਗੇ।

**ਡਾਕਟਰ ਨੇ ਕੀਤੀ ਖੁਦਕੁੱਸ਼ੀ:**
ਮੈਨਹਟਨ ਵਿਚ ਐਮਰਜੈਂਸੀ ਰੂਮ ਡਾਕਟਰ ਜਿਸ ਨੇ ਅਨੇਕਾਂ ਕੋਰੋਨਾਵਾਇਰਸ ਮਰੀਜ਼ਾਂ ਦਾ ਇਲਾਜ਼ ਕੀਤਾ, ਨੇ ਖੁਦਕੁੱਸ਼ੀ ਕਰ ਲਈ ਹੈ। ਪੁਲਿਸ ਅਨੁਸਾਰ ਡਾਕਟਰ ਲੌਰਨਾ ਬਰੀਨ (49) ਨਿਊਯਾਰਕ-ਪ੍ਰੈਸਬਾਈਟਰੇਅਨ ਐਲਨ ਹਸਪਤਾਲ ਵਿਚ ਐਮਰਜੈਂਸੀ ਵਿਭਾਗ ਵਿਚ ਮੈਡੀਕਲ ਡਾਇਰੈਕਟਰ ਵਜੋਂ ਕੰਮ ਕਰਦੀ ਸੀ ਤੇ ਇਸ ਸਮੇਂ ਉਹ ਆਪਣੇ ਪਰਿਵਾਰ ਨਾਲ ਚਰਲੋਟੈਸਵਿਲੇ, ਵਰਜੀਨੀਆ ਵਿਚ ਰਹਿ ਰਹੀ ਸੀ। ਪੁਲਿਸ ਉਸ ਨੂੰ ਡਾਕਟਰੀ ਸਹਾਇਤਾ ਲਈ ਵਰਜੀਨੀਆ ਮੈਡੀਕਲ ਸੈਂਟਰ ਵਿਖੇ ਲੈ ਕੇ ਗਈ ਜਿਥੇ ਉਹ ਖੁਦ ਵੱਲੋਂ ਕੀਤੇ ਜ਼ਖਮਾਂ ਦੀ ਤਾਬ ਨਾ ਸਹਾਰਦੀ ਹੋਈ ਦਮ ਤੋੜ ਗਈ। ਬਰੀਨ ਦੇ ਪਿਤਾ ਡਾਕਟਰ ਫਿਲਿਪ ਨੇ ਦੱਸਿਆ ਕਿ ਮੇਰੀ ਬੇਟੀ ਮਰੀਜ਼ਾਂ ਦੀਆਂ ਮੌਤਾਂ ਦੇ ਭਿਆਨਕ ਦ੍ਰਿਸ਼ਾਂ ਬਾਰੇ ਦਸਦੀ ਸੀ ਜਿਸ ਤੋਂ ਉਹ ਪ੍ਰੇਸ਼ਾਨ ਸੀ। ਉਹ ਕੋਰੋਨਾਵਾਇਰਸ ਦੇ ਸੰਪਰਕ ਵਿਚ ਆਈ ਸੀ ਪਰੰਤੂ ਡੇਢ ਹਫਤੇ ਬਾਅਦ ਉਹ ਮੁੜ ਆਪਣੀ ਡਿਊਟੀ 'ਤੇ ਚਲੀ ਗਈ ਸੀ। ਜਦੋਂ ਹਸਪਤਾਲ ਨੇ ਉਸ ਨੂੰ ਘਰ ਭੇਜ ਦਿੱਤਾ ਤਾਂ ਉਹ ਇਥੇ ਸਾਡੇ ਕੋਲ ਵਰਜੀਨੀਆ ਆ ਗਈ ਸੀ।

## ਪੰਜਾਬ ਆਉਣ ਵਾਲੇ ਹਰੇਕ ਨੂੰ ਏਕਾਂਤਵਾਸ ਭੇਜਣ ਦੇ ਹੁਕਮ

**ਚੰਡੀਗੜ੍ਹ/ਏ.ਟੀ.ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਉਂਦੇ ਦਿਨਾਂ ਵਿੱਚ ਸ਼ਰਤਾਂ ਤਹਿਤ ਕੁਝ ਛੋਟਾਂ ਦੇਣ ਦੇ ਸੰਕੇਤ ਦਿੰਦਿਆਂ ਐਲਾਨ ਕੀਤਾ ਹੈ ਕਿ ਕੋਵਿਡ ਦੇ ਫੈਲਾਅ ਦੀ ਰੋਕਥਾਮ ਲਈ ਹੋਰਨਾਂ ਥਾਵਾਂ ਤੋਂ ਪੰਜਾਬ ਆਉਣ ਵਾਲੇ ਹਰੇਕ ਨਾਗਰਿਕ ਨੂੰ ਲਾਜ਼ਮੀ 21 ਦਿਨਾਂ ਦੇ ਇਕਾਂਤਵਾਸ 'ਤੇ ਭੇਜਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਨਾਂਦੇੜ ਸਾਹਿਬ ਤੋਂ ਆਉਣ ਵਾਲੇ ਸ਼ਰਧਾਲੂਆਂ ਤੇ ਰਾਜਸਥਾਨ ਤੋਂ ਆਉਣ ਵਾਲੇ ਵਿਦਿਆਰਥੀਆਂ ਤੇ ਮਜ਼ਦੂਰਾਂ ਨੂੰ ਸਰਹੱਦ 'ਤੇ ਹੀ ਰੋਕ ਕੇ ਸਰਕਾਰੀ ਇਕਾਂਤਵਾਸ ਕੇਂਦਰਾਂ 'ਚ ਭੇਜਿਆ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ 21 ਦਿਨਾਂ ਲਈ ਉਹ ਦੂਜੇ ਲੋਕਾਂ ਨਾਲ ਘੁਲ-ਮਿਲ ਨਾ ਸਕਣ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਦਿਨਾਂ ਤੋਂ ਪਰਤ ਰਹੇ ਲੋਕਾਂ ਲਈ ਰਾਧਾ ਸੁਆਮੀ ਸਤਿਸੰਗ ਡੇਰਿਆਂ ਨੂੰ ਵੀ ਏਕਾਂਤਵਾਸ ਸਥਾਨ ਵਜੋਂ ਵਰਤਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ-19 ਕਰਫਿਊ ਤੇ ਲੌਕਡਾਊਨ ਦੀ ਸਥਿਤੀ 'ਚੋਂ ਬਾਹਰ ਕੱਢਣ ਦੀ ਨੀਤੀ ਘੜਨ ਵਾਸਤੇ ਬਣਾਈ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਪਾਂਬਦੀਆਂ 'ਚ ਕੁਝ ਢਿੱਲ ਦਿੱਤੀ ਜਾ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਵੀਡਿਓ ਕਾਨਫਰੰਸ ਰਾਹੀਂ ਸੂਬੇ ਦੇ ਕਾਂਗਰਸੀ ਵਿਧਾਇਕਾਂ ਦੇ ਨਾਲ ਕੋਵਿਡ ਅਤੇ ਲੌਕਡਾਊਨ ਦੀ ਸਥਿਤੀ ਦੇ ਨਾਲ ਸੂਬੇ ਵਿੱਚ ਚੱਲ ਰਹੇ ਕਣਕ ਦੇ ਖਰੀਦ ਪ੍ਰਬੰਧਾਂ ਬਾਰੇ ਚਰਚਾ ਕਰ ਰਹੇ ਸਨ। ਵਿਧਾਇਕਾਂ ਵਿੱਚ ਵੱਡੇ ਪੱਧਰ 'ਤੇ ਇਸ ਗੱਲ ਉਤੇ ਸਹਿਮਤੀ ਸੀ ਕਿ ਸਿਰਫ ਕੁਝ ਖੇਤਰਾਂ 'ਚ ਬਹੁਤ ਸੀਮਤ ਛੋਟਾਂ ਨਾਲ ਪਾਬੰਦੀਆਂ ਕੁਝ ਹੋਰ ਹਫ਼ਤਿਆਂ ਲਈ ਜਾਰੀ ਰੱਖੀਆਂ ਜਾਣ ਅਤੇ ਸੂਬੇ ਦੀਆਂ ਸਰਹੱਦਾਂ ਦੇ ਨਾਲ ਜ਼ਿਲ੍ਹਿਆਂ ਅਤੇ ਪਿੰਡਾਂ ਦੀਆਂ ਸਰਹੱਦਾਂ ਨੂੰ ਵੀ ਸੀਲ ਰੱਖਿਆ ਜਾਵੇ। ਉਨ੍ਹਾਂ ਬਾਹਰੀ ਸੰਪਰਕ ਤੇ ਫੈਲਾਅ ਸੀਮਤ ਕਰਨ ਲਈ ਕਿਸੇ ਵੀ ਕੋਵਿਡ



ਮਰੀਜ਼ ਦਾ ਇਲਾਜ ਉਸ ਦੇ ਸਬੰਧਤ ਜ਼ਿਲ੍ਹੇ ਵਿੱਚ ਹੀ ਕਰਨ ਦੀ ਗੱਲ ਕੀਤੀ। ਸ੍ਰੀ ਜਾਖੜ ਨੇ ਪੇਂਡੂ ਖੇਤਰਾਂ ਵਿੱਚ ਸਥਿਤ ਸਨਅਤਾਂ ਨੂੰ ਰਾਤ ਸਮੇਂ ਚਲਾਉਣ ਦੀ ਇਜਾਜ਼ਤ ਦੇਣ ਦਾ ਸੁਝਾਅ ਪੇਸ਼ ਕੀਤਾ ਤਾਂ ਜੋ ਵਰਕਰਾਂ ਦਾ ਆਪਸ ਵਿੱਚ ਰਲੇਵਾਂ ਰੋਕਿਆ ਜਾ ਸਕੇ।

## ਅਦਾਕਾਰ ਇਰਫ਼ਾਨ ਖ਼ਾਨ ਦਾ ਦੇਹਾਂਤ



**ਮੁੰਬਈ/ ਏ.ਟੀ.ਨਿਊਜ਼:** ਬਾਲੀਵੁੱਡ ਅਦਾਕਾਰ ਇਰਫ਼ਾਨ ਖਾਨ ਦਾ ਕੋਕਿਲਾਬੇਨ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ 54 ਸਾਲਾਂ ਦੇ ਸਨ ਤੇ ਪਿਛਲੇ ਕੁਝ ਸਮੇਂ ਤੋਂ ਕੈਂਸਰ ਤੋਂ ਪੀੜਤ ਸਨ। ਇਰਫ਼ਾਨ ਖਾਨ ਦਾ ਜਨਮ ਰਾਜਸਥਾਨ ਸੂਬੇ ਦੀ ਰਾਜਧਾਨੀ ਜੈਪੁਰ 'ਚ ਇੱਕ ਮੁਸਲਿਮ ਪਸ਼ਤੂਨ ਖਾਨਦਾਨ 'ਚ ਹੋਇਆ ਸੀ। ਉਨ੍ਹਾਂ ਦਾ ਪਰਿਵਾਰ ਟੌਂਕ ਜ਼ਿਲ੍ਹੇ ਨਾਲ ਸਬੰਧਤ ਰਿਹਾ ਹੈ। ਇਰਫ਼ਾਨ ਖਾਨ ਦਾ ਫ਼ਿਲਮੀ ਕਰੀਅਰ ਲਗਭਗ 30 ਸਾਲ ਚੱਲਦਾ ਰਿਹਾ। ਉਨ੍ਹਾਂ ਆਪਣੀ ਵਧੀਆ ਅਦਾਕਾਰੀ ਦੇ ਦਮ 'ਤੇ ਬਹੁਤ ਸਾਰੇਪੁਰਸਕਾਰ ਜਿੱਤੇ; ਜਿਨ੍ਹਾਂ ਵਿੱਚ ਰਾਸ਼ਟਰੀ ਫ਼ਿਲਮ ਪੁਰਸਕਾਰ ਤੇ ਫ਼ਿਲਮਫ਼ੇਅਰ ਪੁਰਸਕਾਰ ਪ੍ਰਮੁੱਖ ਹਨ। ਆਲੋਚਕ ਇਰਫ਼ਾਨ ਖਾਨ ਨੂੰ ਭਾਰਤੀ ਸਿਨੇਮਾ ਦੇ ਸੁਲਝੇ ਹੋਏ ਕਲਾਕਾਰਾਂ ਵਿੱਚੋਂ ਇੱਕ ਮੰਨਦੇ ਸਨ। ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ ਵੀ ਮਿਲਿਆ ਸੀ। ਉਨ੍ਹਾਂ ਦਾ ਫ਼ਿਲਮੀ ਕਰੀਅਰ 1988 'ਚ ਫ਼ਿਲਮ 'ਸਲਾਮ ਬੌਂਬੇ' ਤੋਂ ਸ਼ੁਰੂ ਹੋਇਆ ਸੀ। ਉਨ੍ਹਾਂ ਦੀਆਂ ਚਰਚਿਤ ਫ਼ਿਲਮਾਂ 'ਹਾਸਿਲ' (2003) ਅਤੇ 'ਮਕਬੂਲ' (2004) ਲਈ ਉਨ੍ਹਾਂ ਨੂੰ ਬਿਹਤਰੀਨ ਖਲਨਾਇਕ ਵਜੋਂ ਫ਼ਿਲਮਫ਼ੇਅਰ ਪੁਰਸਕਾਰ ਜਿੱਤੇ ਸਨ। ਫ਼ਿਲਮ 'ਲਾਈਫ਼ ਇਨ ਏ ਮੈਟਰੋ' (2007) ਫ਼ਿਲਮ ਨੂੰ ਅਨੇਕ ਪੁਰਸਕਾਰ ਹਾਸਲ ਹੋਏ ਸਨ। ਉਨ੍ਹਾਂ ਨੂੰ ਇਸ ਫ਼ਿਲਮ ਲਈ ਬਿਹਤਰੀਨ ਸਹਾਇਕ ਅਦਾਕਾਰ ਦਾ ਮਿਲਿਆ ਸੀ। ਫ਼ਿਲਮ 'ਪਾਨ ਸਿੰਘ ਤੋਮਰ' ਲਈ ਉਨ੍ਹਾਂ ਨੂੰ 2011 ਦਾ ਬਿਹਤਰੀਨ ਅਦਾਕਾਰ ਦਾ ਪੁਰਸਕਾਰ ਮਿਲਿਆ ਸੀ। ਫ਼ਿਲਮ 'ਹੈਦਰ' (2014), ਗੁੰਡੇ (2014) ਅਤੇ 'ਪੀਕੂ' (2015), 'ਤਲਵਾਰ' (2015) ਉਨ੍ਹਾਂ ਦੀਆਂ ਯਾਦਗਾਰੀ ਫ਼ਿਲਮਾਂ ਹਨ। ਸਾਲ 2017 'ਚ ਰਿਲੀਜ਼ ਹੋਈ ਫ਼ਿਲਮ 'ਹਿੰਦੀ ਮੀਡੀਅਮ' ਭਾਰਤ ਹੀ ਨਹੀਂ, ਚੀਨ ਵਿੱਚ ਵੀ ਬਹੁਤ ਮਕਬੂਲ ਹੋਈ ਸੀ। ਇਸ ਤੋਂ ਇਲਾਵਾ ਸਾਲ 2008 ਦੀ ਫ਼ਿਲਮ 'ਸਲੱਮਡੌਗ ਮਿਲੀਅਨਾਇਰ', 'ਜਿਊਰਾਸਿਕ ਵਰਲਡ' (2015) ਅਤੇ 'ਇਨਫ਼ਰਨੋ' (2016) ਵੀ ਇਰਫ਼ਾਨ ਖਾਨ ਦੀਆਂ ਚਰਚਿਤ ਫ਼ਿਲਮਾਂ ਹਨ।


















ਮਰਦਮਸ਼ੁਮਾਰੀ
CALIFORNIA ALL
2020

# ਜਨਗਣਨਾ ਹੋਣ ਵਾਲੀ ਹੈ ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ
ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ
ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।
ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

CaliforniaCensus.org 'ਤੇ ਹੋਰ ਜਾਣੋ

# ਅੰਤਰਰਾਸ਼ਟਰੀ ਧਾਰਮਿਕ ਅਜਾਦੀ ਕਮਿਸ਼ਨ ਨੇ ਭਾਰਤ ਨੂੰ ਧਾਰਮਿਕ ਅਜਾਦੀਆਂ ਦੀ ਉਲੰਘਣਾ ਵਾਲੀ ਸੂਚੀ ਵਿੱਚ ਦਰਜ ਕੀਤਾ

**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕੀ ਕਮਿਸ਼ਨ, ਜੋ ਅੰਤਰਰਾਸ਼ਟਰੀ ਧਾਰਮਿਕ ਅਜਾਦੀ ਉਤੇ ਖਾਸ ਨਜਰ ਰੱਖਦਾ ਹੈ, ਨੇ ਆਪਣੀ ਸਲਾਨਾ ਰਿਪੋਰਟ, ਜੋ 28 ਅਪ੍ਰੈਲ ਨੂੰ ਜਾਰੀ ਕੀਤੀ ਹੈ, ਵਿਚ ਭਾਰਤ ਬਾਰੇ ਖਾਸ ਜਿਕਰ ਕਰਦਿਆਂ, ਭਾਰਤ ਨੂੰ ਆਪਣੀ ਵਿਸ਼ੇਸ਼-ਫਿਕਰ ਵਾਲੀ ਸੂਚੀ ਵਿਚ ਦਰਜ ਕੀਤਾ ਹੈ, ਅਤੇ ਕਿਹਾ ਹੈ ਕਿ ਭਾਰਤ, ਇਕ ਅਜਿਹਾ ਦੇਸ਼ ਬਣ ਗਿਆ ਹੈ ਜਿੱਥੇ ਲਗਾਤਾਰ ਬੜੇ ਵੱਡੇ ਪੱਧਰ ਉਤੇ ਸੋਚੇ ਸਮਝੇ ਤੇ ਯੋਜਨਾਬੱਧ ਤਰੀਕੇ ਨਾਲ ਕੀਤੀਆਂ ਤੇ ਕਰਵਾਇਆਂ ਜਾ ਰਹੀਆਂ ਧਾਰਮਿਕ ਅਜਾਦੀ ਦੀਆਂ ਵੱਡੀਆਂ ਉਲੰਘਨਾਵਾਂ ਨੂੰ ਸਰਕਾਰੀ ਤੇ ਗੈਰ ਸਰਕਾਰੀ ਪੱਧਰ ਉਤੇ ਬਰਦਾਸ਼ਤ ਕੀਤਾ ਜਾ ਰਿਹਾ ਹੈ।



ਡਾਕਟਰ ਪਿ ?ਤਪਾਲ ਸਿੰਘ, ਜੋ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਹਨ, ਨੇ ਅੰਤਰਰਾਸ਼ਟਰੀ ਧਾਰਮਿਕ ਅਜਾਦੀ ਦੇ ਅਮਰੀਕੀ ਕਮਿਸ਼ਨ ਦੇ ਇਸ ਬਿਆਨ ਦੀ ਬੇਹੱਦ ਪ੍ਰਸ਼ੰਸਾ ਕੀਤੀ ਹੈ। ਉਨਾਂ ਕਿਹਾ ਕਿ ਇਹ ਬੜੇ ਦੁੱਖ ਤੇ ਚਿੰਤਾ ਦੀ ਗੱਲ ਹੈ ਕਿ ਭਾਰਤ ਵਿਚ ਰਹਿ ਰਹੀਆਂ ਘੱਟ ਗਿਣਤੀਆਂ ਉਤੇ ਲਗਾਤਾਰ ਜੁਲਮ ਹੋ ਰਿਹਾ ਹੈ ਤੇ ਉਨਾਂ ਨੂੰ ਆਪਣੇ ਧਰਮ ਮੰਨਣ ਦੀ ਵੀ ਪੂਰੀ ਅਜਾਦੀ ਨਹੀਂ ਦਿੱਤੀ ਜਾ ਰਹੀ। ਬਿਆਨ ਵਿਚ ਅੱਗੇ ਚਲਦਿਆਂ ਉਨਾਂ ਕਿਹਾ ਕਿ ਭਾਰਤੀ-ਹਿੰਦੂਤਵਾ ਰਾਜਨੀਤਕ ਤੇ ਧਾਰਮਿਕ ਆਗੂ , ਘੱਟ ਗਿਣਤੀਆਂ ਤੇ ਅਨੇਕਾਂ ਕਬੀਲਿਆਂ ਵਿਰੁੱਧ ਲਗਾਤਾਰ ਨਫਰਤੀ ਪਚਾਰ ਕਰਦੇ ਹਨ ਤੇ ਸ਼ਰੇਆਮ ਨਫਰਤ ਭਰੀਆਂ ਤਕਰੀਰਾਂ ਕਰਕੇ ਨਸਲੀ ਅਪਰਾਧਾਂ ਨੂੰ ਵਧਾਉਣ ਵਿਚ ਮੁੱਖ ਹਿੱਸਾ ਪਾ ਰਹੇ ਹਨ ਤੇ ਸਰਕਾਰ ਤਮਾਸ਼ਾ ਵੇਖ ਰਹੀ ਹੈ, ਭਾਵ ਨਫਰਤੀ ਜੁਲਮਾਂ ਨੂੰ ਵਧਾ ਰਹੀ ਹੈ, ਜਿਸ ਨਾਲ ਘੱਟ ਗਿਣਤੀਆਂ ਦਹਿਸ਼ਤ ਜਦਾ ਹਨ,ਜਿਸ ਨਾਲ ਧਾਰਮਿਕ ਆਜਾਦੀ ਭਾਰੀ ਖਤਰੇ ਵਿਚ ਹੈ।

ਹਰਪ੍ਰੀਤ ਸਿੰਘ ਸੰਧੂ , ਜੋ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਨ, ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਉਹ ਇਸ ਰਿਪੋਰਟ ਦਾ ਸੁਆਗਤ ਕਰਦੇ ਹਨ,ਜਿਸਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ।ਉਨਾਂ ਕਿਹਾ ਕਿ ਅਮਰੀਕਨ ਸਿੱਖ ਕਾਕਸ ਕਮੇਟੀ ਬਹੁਤ ਸਾਰੇ ਅਮਰੀਕੀ ਕਾਗਰਸਮੈਨਾਂ ਨਾਲ ਮਿਲਕੇ ਸੰਸਾਰ ਵਿਚ ਧਾਰਮਿਕ ਅਜਾਦੀਆਂ ਨੂੰ ਬਚਾਉਣ ਦੇ ਮਾਮਲੇ ਵਿਚ ਮਿਲਕੇ ਕੰਮ ਕਰ ਰਹੀ ਹੈ। ਉਨਾਂ ਕਿਹਾ ਕਿ ਅਮਰੀਕਨ ਸਿੱਖ ਕਾਕਸ ਕਮੇਟੀ, ਅੰਤਰਰਾਸ਼ਟਰੀ ਧਾਰਮਿਕ ਅਜਾਦੀ ਕਮਿਸ਼ਨ ਨਾਲ ਮਿਲਕੇ ਪਹਿਲਾਂ ਵੀ ਰਾਜਧਾਨੀ ਵਿਚ ਧਾਰਮਿਕ ਅਜਾਦੀਆਂ ਬਾਰੇ ਬਹੁਤ ਸਾਰੇ ਇਕੱਠੇ ਸਮਾਗਮ ਚੁੱਕੀ ਹੈ।

ਦੋਹਾਂ ਆਗੂਆਂ ਨੇ ਡਾਕਟਰ ਇਕਤਦਾਰ ਚੀਮਾਂ ਦਾ ਇਕ ਪ੍ਰਭਾਵਸ਼ਾਲੀ ਰਿਪੋਰਟ ਤਿਆਰ ਕਰਨ ਵਾਸਤੇ ਧੰਨਵਾਦ ਕੀਤਾ। ਸਿੱਖ ਆਗੂਆਂ ਨੇ ਕਿਹਾ ਕਿ ਡਾ: ਚੀਮਾਂ ਜੋ ਪਹਿਲਾਂ ਵੀ ਅੰਤਰਰਾਸ਼ਟਰੀ ਧਾਰਮਿਕ ਅਜਾਦੀ ਵਾਲੇ ਅਮਰੀਕੀ ਕਮਿਸ਼ਨ ਦੇ ਸਲਾਹਕਾਰ ਰਹਿ ਚੁੱਕੇ ਹਨ ਤੇ ਉਨਾਂ ਨੇ ਹੀ ਕਮਿਸ਼ਨ ਵਾਸਤੇ ਇਕ ਖਾਸ ਰਿਪੋਰਟ, " ਭਾਰਤ ਵਿਚ ਘੱਟ ਗਿਣਤੀਆਂ ਨੂੰ ਪੇਸ਼ ਆ ਰਹੀਆਂ ਸੰਵਿਧਾਨਿਕ ਤੇ ਕਾਨੂੰਨੀ ਵੰਗਾਰਾਂ " ਵੀ ਤਿਆਰ ਕੀਤੀ ਸੀ। ਹਾਲਾਂ ਕਿ ਭਾਰਤ ਇਨਾਂ ਦੀ ਤਿਆਰ ਕੀਤੀ ਰਿਪੋਰਟ ਉਤੇ ਅਮਲ ਕਰਕੇ ਸੰਵਿਧਾਨ ਪ੍ਰਤੀ ਸੱਚਾ ਹੋ ਸਕਦਾ ਸੀ ਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਅਨੁਸਾਰ ਗਲਤੀਆਂ ਸੁਧਾਰ ਸਕਦਾ ਸੀ ਪਰ ਭਾਰਤ ਨੇ ਉਸ ਰਿਪੋਰਟ ਉਤੇ ਅਮਲ ਕਰਨ ਦੀ ਬਜਾਏ ਉਸਦਾ ਵਿਰੋਧ ਕੀਤਾ ਤੇ ਆਲੋਚਨਾ ਕੀਤੀ।

# ਨ.ਫਰਤ ਦੇ ਵਪਾਰੀ ਅਰਨਬ ਗੋਸਵਾਮੀ ਨੂੰ ਅਦਾਲਤਾਂ ਤੇ ਸੰਸਥਾਵਾਂ ਦੀ ਛੱਤਰੀ

**ਚੰਡੀਗੜ/ਜਸਪਾਲ ਸਿੰਘ ਸਿੱਧੂ :** ਪੱਤਰਕਾਰੀ ਦੀ ਆੜ ਵਿੱਚ, ਰਿਪਬਲਿਕ ਟੀਵੀ ਦਾ ਅਰਨਬ ਗੋਸਵਾਮੀ ਮੁਸਲਮਾਨਾਂ ਅਤੇ ਇਸਾਈਆਂ ਵਿਰੁੱਧ ਨਫਰਤ-ਪ੍ਰਚਾਰ ਕਰਦਾ ਹੈ ਜੋ ਭਾਜਪਾ ਨੇਤਾਵਾਂ ਦੇ ਪਧਰ ਉੱਤੇ ਵੋਟ-ਬੈਂਕ ਹਿਸਾਬ ਨਾਲ ਸਮਾਜ ਵਿੱਚ ਧਰੁਵੀਕਰਨ ਬਣਾਉਣ ਲਈ ਸੇਵਾ ਕਰਦਾ ਹੈ । ਇੱਕ ਤਾਜ਼ਾ ਟੀਵੀ ਪ੍ਰੋਗਰਾਮ ਵਿੱਚ ਉਸਨੇ ਸੋਨੀਆ ਗਾਂਧੀ ਉੱਤੇ ਇੱਕ ਨਿੱਜੀ ਹਮਲਾ ਕੀਤਾ ਅਤੇ ਪਾਲਘਰ (ਮਹਾਰਾਸ਼ਟਰ) ਵਿੱਚ ਹੋਈ ਮੋਬਲਿਚਿੰਗ ਲਈ ਮੁਸਲਿਮ ਭਾਈਚਾਰੇ ਨੂੰ ਦੋਸ਼ੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਆਪਣੀ ਗਲਤ ਪੇਸ਼ਕਾਰੀ ਕਾਰਨ ਫੜਿਆ ਗਿਆ। ਆਪਣੇ ਬਚਾਓ ਲਈ ਕਾਗਰਸ ਵਰਕਰਾਂ ਵਲੋਂ ਕੀਤੇ ਹਮਲੇ ਦਾ ਨਾਟਕ ਕੀਤਾ ।

ਸੋਨੀਆ ਗਾਂਧੀ ਖਿਲਾਫ ਕੀਤੀ ਟਿੱਪਣੀ ਕਾਰਨ ਕਾਂਗਰਸੀਆਂ ਵੱਲੋਂ ਦੇਸ਼ ਦੇ ਵੱਖ ਵਖ ਸੂਬਿਆਂ ਵਿੱਚ ਪੁਲਿਸ ਪਰਚੇ ਦਰਜ ਕਰਵਾਏ ਗਏ । ਅਰਨਬ ਦੀ ਗਿ੍ਫਤਾਰੀ ਦੀ ਤਿਆਰੀ ਵਕਤ ਪ੍ਰੈਸ ਕੌਂਸਲ ਇੰਡੀਆ (ਪੀ.ਸੀ.ਆਈ) ਅਤੇ ਐਡੀਟਰਜ਼ ਗਿਲਡ 'ਪ੍ਰੈਸ ਦੀ ਆਜ਼ਾਦੀ' ਤੇ ਹਮਲੇ 'ਦੇ ਨਾਂਅ' ਤੇ ਉਸ ਦੇ ਸਮਰਥਨ 'ਚ ਆਏ ਅਤੇ ਸੁਪਰੀਮ ਕੋਰਟ (ਐਸਸੀ) ਨੇ ਜਲਦੀ ਹੀ ਅਰਨਬ ਨੂੰ ਉਸ ਦੀ ਪਟੀਸ਼ਨ ਦਾਇਰ ਕਰਨ ਦੇ 10 ਘੰਟਿਆਂ ਵਿੱਚ ਹੀ ਗਿ੍ਫਤਾਰੀ ਉੱਤੇ ਰੋਕ ਲਗਾ ਦਿੱਤੀ ।

ਪੀ.ਸੀ.ਆਈ ਅਤੇ ਐਸ.ਸੀ ਨੇ ਯੋਗੀ ਸਰਕਾਰ ਦੁਆਰਾ ਵਾਇਰ ਸੰਪਾਦਕ ਸਿਧਾਰਥ ਖਿਲਾਫ ਪੁਲਿਸ ਕਾਰਵਾਈ ਵਿੱਚ ਦਖਲ ਦੇਣ ਤੋਂ ਪਾਸਾ ਵਟ ਲਿਆ ਸੀ । ਕਸ਼ਮੀਰ ਦੇ ਤਿੰਨ ਪਤੱਰਕਾਰ ਜਿਸ ਵਿੱਚ 26 ਸਾਲਾਂ ਦੀ ਇਕ ਮਹਿਲਾ ਫੋਟੋਗ੍ਰਾਫ਼ਰ ਵੀ ਸ਼ਾਮਲ ਹੈ ਇਹਨਾਂ ਤਿੰਨ ਕਸ਼ਮੀਰੀ ਪੱਤਰਕਾਰਾਂ ਤੇ ਯੂ.ਏ.ਪੀ.ਏ ਸਖਤ ਐਕਟ ਲਗਾਇਆ ਜਿਸ ਵਾਸਤੇ ਉਪਰੋਕਤ ਅਦਾਰੇ ਚੁਪ ਹਨ।

ਕਿਉਂਕਿ 'ਗੋਦੀ ਮੀਡੀਆ ਹਾਕਮਾਂ ਦੀ ਰਾਜਨੀਤੀਕ ਸੇਵਾ ਕਰਦਾ ਹੈ ਇਸ ਲਈ ਉਹ ਸਾਰੇ ਪਦਾਰਥਕ ਲਾਭ ਅਤੇ ਸੁਰੱਖਿਆ ਦਾ ਅਨੰਦ ਮਾਨਦਾ ਹੈ ਪਰ ਉਨ੍ਹਾਂ ਦੀ ਨ.ਫਰਤ ਦਾ ਵਪਾਰ ਦੀ ਚੱਲ ਰਹੀ ਦੁਕਾਨਦਾਰੀ ਬਹੁਤ ਵਿਨਾਸ਼ਕਾਰੀ ਹੋਵੇਗੀ 1994 ਵਿਚ ਅਫਰੀਕਾ ਵਿੱਚ ਰਿਵਾਂਡਾ ਦੇ ਰੇਡੀਓ ਦਾ ਫਿਰਕੂ ਪ੍ਰਚਾਰ ਤੁਸਤੀ ਕਬੀਲੇ ਦੇ ਇਕ ਮਿਲੀਅਨ ਲੋਕਾਂ ਦੀ ਨਸਲਕੁਸ਼ੀ ਦਾ ਕਾਰਨ ਬਣਿਆ ਸੀ।

ਪੰਜਾਬ ਦਾ ਅਰਨਬ ਗੋਸਵਾਮੀ ਲਾਲਾ ਜਗਤ ਨਾਰਾਇਣ ਸੀ ਜਿਸ ਨੇ ਫਿਰਕਾਪ੍ਰਸਤੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਉਸ ਨੇ ਆਪਣੇ ਸੰਪਾਦਕੀ ਵਿੱਚ ਉਸ ਸਮੇਂ ਅਕਾਲ ਤਖਤ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ 'ਦੇਸ਼-ਵਿਰੋਧੀ' ਪਾਕਿਸਤਾਨੀ ਏਜੰਟ ਲਿਖਿਆ ਅਤੇ ਅਕਾਲੀਆਂ ਨੂੰ 'ਵੱਖਵਾਦੀ ਦੇਸ਼ ਨੂੰ ਤੋੜਨ ਵਾਲੇ ਲਿਖਿਆ ਸੀ। ਪਰ ਸਰਕਾਰਾਂ ਨੇ ਇਸ ਵਰਤਾਰੇ ਦੀ ਪੱਤਰਕਾਰੀ ਨੂੰ ਖੁੱਲਾ ਸਮਰਥਨ ਦਿੱਤਾ ਸੀ ਜਿਸ ਦੇ ਫਲਸਰੂਪ ਦਰਬਾਰ ਸਾਹਿਬ ਉੱਤੇ ਹਮਲਾ ਤੇ ਨਵੰਬਰ 1984 ਵਿਚ ਕਤਲੇਆਮ ਵਾਪਰਿਆ ਲਾਲਾ ਜੀ ਦੇ ਪਰਵਾਰ ਨੇ ਪੰਜਾਬ ਦੀਆਂ ਖੱਬੇ ਪੱਖੀ ਆਗੂਆਂ ਹਰਕਿਸ਼ਨ ਸਿੰਘ ਸੁਰਜੀਤ ਤੇ ਜਗਜੀਤ ਸਿੰਘ ਅਨੰਦ ਦੇ ਸਹਿਯੋਗ ਨਾਲ ਸ਼ਹੀਦੀ ਫੰਡ ਦਾ ਪ੍ਰੋਗਰਾਮ ਬਣਾਇਆ ਜਿਸਨੇ ਪੰਜਾਬ ਵਿਚ ਫਿਰਕੂ ਨ.ਫਰਤ ਦਾ ਗਰਮ ਕੜਾਹ ਉਬਲਦਾ ਰੱਖਿਆ ਜਿਸ ਦੇ ਬਦਲ ਵਿੱਚ ਮਾਇਆ ਦੇ ਅਤੁੱਟ ਭੰਡਾਰ ਅਤੇ ਅਖਬਾਰਾਂ ਦੇ ਮਾਲਕਾਂ ਨੇ ਸੱਤਾ ਵਿਚ ਹਿੱਸੇਦਾਰੀ ਪਾਈ ।




Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਜੇਕਰ ਅੱਜ ਚੋਣਾਂ ਹੋ ਜਾਣ ਤਾਂ ਟਰੰਪ ਦੀ ਹਾਰ ਸੰਭਵ, ਤਾਜਾ ਸਰਵੇ ਵਿਚ ਅਮਰੀਕਨ ਜੋਇ ਬਿਡੇਨ ਦੇ ਹੱਕ 'ਚ

## ਟਰੰਪ ਦੀ ਬੇਤੁੱਕੀ ਬਿਆਨਬਾਜ਼ੀ ਤੇ ਕੋਰੋਨਾ ਮਹਾਮਾਰੀ ਨਾਲ ਨਜਿੱਠਣ 'ਚ ਅਸਫ਼ਲਤਾ ਨੇ ਉਸ ਦੀ ਲੋਕਪ੍ਰਿਯਤਾ ਨੂੰ ਸੱਟ ਮਾਰੀ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਜੋ ਕੰਮ ਮਹਾਦੋਸ਼ ਨਹੀਂ ਕਰ ਸਕਿਆ ਉਹ ਕੰਮ ਕੋਰੋਨਾ ਮਹਾਮਾਰੀ ਨੇ ਕਰ ਵਿਖਾਇਆ ਹੈ। ਚੋਣਾਂ ਤੋਂ 6 ਮਹੀਨੇ ਪਹਿਲਾਂ ਕਰਵਾਈ ਰਾਏਸ਼ੁਮਾਰੀ ਵਿਚ 44% ਅਮਰੀਕੀਆਂ ਨੇ ਡੈਮੋਕਰੈਟਿਕ ਉਮੀਦਵਾਰ ਜੋਇ ਬਿਡੇਨ ਦੇ ਹੱਕ ਵਿਚ ਵੋਟ ਪਾਈ ਹੈ ਜਦ ਕਿ 38% ਡੋਨਾਲਡ ਟਰੰਪ ਦੇ ਹੱਕ ਵਿਚ ਭੁਗਤੇ ਹਨ। ਯੂ ਐਸ ਏ ਟੂਡੇਅ/ ਸੁਫੋਲਕ ਯੁਨੀਵਰਸਿਟੀ ਵੱਲੋਂ ਵੋਟਰਾਂ ਨੂੰ ਪੁੱਛਿਆ ਗਿਆ ਸੀ ਕਿ ਜੇਕਰ ਅੱਜ ਵੋਟਾਂ ਕਰਵਾਈਆਂ ਜਾਣ ਤਾਂ ਤੁਸੀਂ ਕਿਸ ਦੇ ਹੱਕ ਵਿਚ ਭੁਗਤੋਗੇ। ਇਸ ਦੇ ਜਵਾਬ ਵਿਚ ਬਹੁਗਿਣਤੀ ਵੋਟਰ ਬਿਡੇਨ ਦੇ ਹੱਕ ਵਿਚ ਭੁਗਤੇ। ਥਰਡ ਪਾਰਟੀ ਦੇ ਉਮੀਦਵਾਰ ਦੇ ਹੱਕ ਵਿਚ 8% ਜਦ ਕਿ 10% ਲੋਕਾਂ ਨੇ ਆਪਣੀ ਰਾਏ ਦੱਸਣ ਤੋਂ ਨਾਂਹ ਕਰ ਦਿੱਤੀ ਜਾਂ ਉਹ ਕੋਈ ਨਿਰਨਾ ਲੈਣ ਵਿਚ ਨਾਕਾਮ ਰਹੇ। ਕਿਸੇ ਤੀਸਰੇ ਉਮੀਦਵਾਰ ਦੀ ਅਣਹੋਂਦ ਵਿਚ ਕਰਵਾਈ ਰਾਇਸ਼ੁਮਾਰੀ ਵਿਚ ਬਿਡੇਨ ਦੇ 10 ਅੰਕ ਵਧਕੇ 40% ਤੋਂ 50% ਹੋ ਗਏ।

ਇਸ ਤੋਂ ਪਹਿਲਾਂ ਹੋਈ ਰਾਇਸ਼ੁਮਾਰੀ ਵਿਚ ਟਰੰਪ ਨੂੰ 44% ਤੇ ਬਿਡੇਨ ਨੂੰ 41% ਵੋਟ ਮਿਲੇ ਸਨ। ਉਸ ਸਮੇਂ ਬਿਡੇਨ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਬਣਨ ਵਾਸਤੇ ਜਦੋਜਹਿਦ ਕਰ ਰਿਹਾ ਸੀ। ਜਦ ਕਿ ਹੁਣ ਉਹ ਨਵੰਬਰ ਵਿਚ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੈਟਿਕ ਉਮੀਦਵਾਰ ਹੋਵੇਗਾ। ਉਸ ਨੇ ਪਾਰਟੀ ਦੀ ਨਾਮੀਨੇਸ਼ਨ ਚੋਣ ਜਿੱਤ ਲਈ ਸੀ। ਵੋਟਰਾਂ ਨੂੰ ਕੁਝ ਸਵਾਲ ਵੀ ਪੁੱਛੇ ਗਏ ਸਨ। ਪਹਿਲੇ ਸਵਾਲ ਵਿਚ ਪੁੱਛਿਆ ਗਿਆ ਸੀ ਕਿ ਉਹ ਮਜਬੂਤ ਆਗੂ ਕਿਸ ਨੂੰ ਸਮਝਦੇ ਹਨ। 45% ਨੇ ਕਿਹਾ ਟਰੰਪ ਮਜਬੂਤ ਆਗੂ ਹੈ ਜਦ ਕਿ 52% ਨੇ ਨਾਂਹ ਵਿਚ ਜਵਾਬ ਦਿੱਤਾ। 43% ਨੇ ਬਿਡੇਨ ਨੂੰ ਮਜਬੂਤ ਆਗੂ ਦਸਿਆ ਜਦ ਕਿ 47% ਨੇ ਇਸ ਦੇ ਉਲਟ ਆਪਣੀ ਰਾਏ ਦਿੱਤੀ। ਲੋਕਾਂ ਦੀ ਦੇਖਭਾਲ ਕਰਨ ਦੇ ਮਾਮਲੇ ਵਿਚ ਟਰੰਪ ਬੁਰੀ ਤਰਾਂ ਪੱਛੜ ਗਿਆ। 57% ਲੋਕਾਂ ਨੇ ਬਿਡੇਨ ਦੇ ਹੱਕ ਵਿਚ ਵੋਟ ਪਾਈ ਜਦ ਕਿ ਕੇਵਲ 39% ਲੋਕ ਟਰੰਪ ਦੇ ਹੱਕ ਵਿਚ ਨਿਤਰੇ। ਵਿਦੇਸ਼ੀ ਆਗੂਆਂ ਨਾਲ ਮਿਲਕੇ ਕੰਮ ਕਰਨ ਦੇ ਮਾਮਲੇ ਵਿਚ 64% ਵੋਟਰਾਂ ਨੇ ਸਾਬਕਾ ਉਪ ਰਾਸ਼ਟਰਪਤੀ ਬਿਡੇਨ ਨੂੰ ਚੁਣਿਆ। ਇਹ ਸਰਵੇ 21 ਅਪ੍ਰੈਲ ਤੋਂ 25 ਅਪ੍ਰੈਲ ਦਰਮਿਆਨ ਕਰਵਾਇਆ ਗਿਆ ਸੀ। ਰਾਜਸੀ ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਲੋਕ ਰਾਸ਼ਟਰਪਤੀ ਟਰੰਪ ਵੱਲੋਂ ਕੋਰੋਨਾਵਾਇਰਸ ਨਾਲ ਜਿਸ ਤਰਾਂ ਨਜਿੱਠਿਆ ਗਿਆ, ਉਸ ਤੋਂ ਨਰਾਜ਼ ਹਨ। ਰਾਸ਼ਟਰਪਤੀ ਕੋਰੋਨਾ ਨੂੰ ਇਕ ਮਜ਼ਾਕ ਹੀ ਸਮਝਦੇ ਰਹੇ ਹਨ ਜਦ ਕਿ ਇਹ ਇਕ ਬਹੁਤ ਵੱਡੀ ਮਹਾਮਾਰੀ ਹੈ। ਇਸ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਟਰੰਪ ਨੂੰ ਸਿੱਟੇ ਭੁਗਤਣੇ ਪੈਣਗੇ।

**ਅਮਰੀਕਾ ਵਿਚ ਮੌਤਾਂ ਦਾ ਅੰਕੜਾ 56000 ਤੋਂ ਪਾਰ, ਪੀੜਤਾਂ ਦੀ ਗਿਣਤੀ 10 ਲੱਖ ਤੋਂ ਟੱਪੀ**

ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 56803 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ 10,10,507 ਲੱਖ ਹੈ। 8,14,714 ਸਰਗਰਮ ਮਾਮਲੇ ਹਨ। ਜੌਹਨਜ ਹੋਪਕਿਨਜ਼ ਯੁਨੀਵਰਸਿਟੀ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ 1330 ਮੌਤਾਂ ਹੋਈਆਂ ਹਨ। ਨਿਊਯਾਰਕ ਰਾਜ 22623 ਮੌਤਾਂ ਨਾਲ ਪਹਿਲੇ ਸਥਾਨ, ਨਿਊਜਰਸੀ 6044 ਵੋਟਾਂ ਨਾਲ ਦੂਸਰੇ ਸਥਾਨ 'ਤੇ ਹੈ। ਨਿਊਯਾਰਕ ਦੇ ਗਵਰਨਰ ਐਂਡਰੀਊ ਕੋਮੋ ਨੇ ਕਿਹਾ ਹੈ ਕਿ ਉਹ ਰਾਜ ਦੇ ਕੁਝ ਹਿੱਸਿਆਂ ਵਿਚ 'ਸਟੇਅ ਐਟ ਹੋਮ' ਦੀਆਂ ਪਾਬੰਦੀਆਂ ਹੋਰ ਸਮੇਂ ਲਈ ਵਧਾ ਦੇਣਗੇ ਜਦ ਕਿ ਕੁਝ ਥਾਵਾਂ 'ਤੇ ਜਿਥੇ ਕੋਰੋਨਾ ਵਾਇਰਸ ਦਾ ਫੈਲਣਾ ਘਟ ਗਿਆ ਹੈ, ਪਾਬੰਦੀਆਂ ਵਿਚ ਢਿੱਲੀ ਦਿੱਤੀ ਜਾ ਸਕਦੀ ਹੈ।

# ਅਮਰੀਕਾ ਦੀ ਸਥਿਤੀ ਕਮਜ਼ੋਰ ਹੋਵੇਗੀ




**ਲੰਡਨ/ਦਾ ਇਕਨਾਮਿਸਟ:** ਚੀਨ ਦੇ ਲਈ 2020 ਦੀ ਸ਼ੁਰੂਆਤ ਭਿਆਨਕ ਤਰੀਕਿਆਂ ਨਾਲ ਹੋਈ ਸੀ। ਵੁਹਾਨ ਵਿਚ ਫੈਲੇ ਹੋਏ ਕੋਰੋਨਾ ਵਾਇਰਸ ਨੂੰ ਕਮਿਊਨਿਸਟ ਪਾਰਟੀ ਦੀ ਸਰਕਾਰ ਨੇ ਦਬਾਉਣ ਦੀ ਕੋਸ਼ਿਸ਼ ਕੀਤੀ ਸੀ, ਫਿਰ ਤੇਜ਼ੀ ਨਾਲ ਲਾਕਡਾਊਨ ਸਹਿਤ ਹੋਰ ਖਤਰਨਾਕ ਕਦਮ ਉਠਾ ਕੇ ਵਾਇਰਸ ਦੇ ਪ੍ਰਕੋਪ ਨੂੰ ਕੰਟਰੋਲ ਕੀਤਾ ਗਿਆ। ਉਧਰ ਅਮਰੀਕੀ, ਇਟਲੀ, ਸਪੇਨ, ਫਰਾਂਸ ਤੇ ਬ੍ਰਿਟੇਨ ਵਿਚ ਹਜ਼ਾਰਾਂ ਮੌਤਾਂ ਹੋ ਚੁੱਕੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪੱਛਮੀ ਦੇਸ਼ਾਂ ਦਾ ਸਰਕਾਰੀ ਸਿਸਟਮ ਚੀਨ ਤੋਂ ਕਮਜ਼ੋਰ ਹੈ। ਪਰ ਚੀਨ ਦਾ ਰਸਤਾ ਸੌਖਾ ਨਹੀਂ। ਵਿਸ਼ਵ ਦੇ ਕਾਰੋਬਾਰ ਵਿਚ 32% ਤੱਕ ਦੀ ਗਿਰਾਵਟ ਚੀਨ 'ਤੇ ਅਸਰ ਪਾਵੇਗੀ। ਫਿਰ ਅਮੀਰ ਦੇਸ਼ਾਂ ਨੂੰ ਚੀਨ ਦੇ ਇਰਾਦਿਆਂ 'ਤੇ ਸ਼ੱਕ ਹੈ। ਟਰੰਪ ਨੇ ਵਾਇਰਸ ਨਾਲ ਨਿਪਟਣ ਦੇ ਲਈ ਦੁਨੀਆਂ ਦੀ ਅਗਵਾਈ ਕਰਨ ਵਿਚ ਦਿਲਚਸਪੀ ਨਹੀਂ ਦਿਖਾਈ। ਟਰੰਪ ਦੇ ਰਵੱਈਏ ਨੇ ਚੀਨ ਨੂੰ ਮਨਮਾਨੀ ਕਰਨ ਦਾ ਮੌਕਾ ਦਿੱਤਾ ਹੈ। ਫਿਰ ਵੀ ਉਸ ਨੂੰ ਬਹੁਤ ਕਾਮਯਾਬੀ ਮਿਲਣ ਦੀ ਸੰਭਾਵਨਾ ਨਹੀਂ। ਕੋਵਿਡ-19 ਨਾਲ ਨਿਪਟਣ ਵਿਚ ਚੀਨ ਦਾ ਰਿਕਾਰਡ ਦੱਖਣੀ ਕੋਰੀਆ ਜਾਂ ਤਾਈਵਾਨ ਵਰਗੇ ਲੋਕਤੰਤਰਿਕ ਦੇਸ਼ਾਂ ਤੋਂ ਬਿਹਤਰ ਨਹੀਂ ਹੈ। ਬਾਹਰੀ ਦੁਨੀਆਂ ਕੋਰੋਨਾ ਨਾਲ ਮੌਤਾਂ ਤੇ ਪ੍ਰਭਾਵਿਤ ਲੋਕਾਂ ਦੀ ਗਿਣਤੀ ਦੇ ਬਾਰੇ ਵਿਚ ਚੀਨ ਦੇ ਦਾਅਵਿਆਂ ਦੀ ਜਾਂਚ ਨਹੀਂ ਕਰ ਸਕਦੀ। ਤਾਨਾਸ਼ਾਹੀ ਸਰਕਾਰ ਫੈਕਟਰੀਆਂ ਤਾਂ ਖੋਲ ਸਕਦੀ ਹੈ, ਪਰ ਗਾਹਕਾਂ ਨੂੰ ਉਨਾਂ ਦੇ ਪ੍ਰੋਡਕਟ ਖਰੀਦਣ ਲਈ ਮਜ਼ਬੂਰ ਨਹੀਂ ਕਰ ਸਕਦੀ। ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਕਿ ਵਿਸ਼ਵ ਦੇ ਲੋਕ ਬਿਮਾਰੀ 'ਤੇ ਕਾਬੂ ਪਾਉਣ ਲਈ ਚੀਨ ਦੇ ਸਿਰ ਸਿਹਰਾ ਬੰਨਣਗੇ ਜਾਂ ਬਿਮਾਰੀ ਦਬਾਉਣ ਦੇ ਲਈ ਉਸ ਨੂੰ ਦੋਸ਼ੀ ਠਹਿਰਾਉਣਗੇ। ਅਮੀਰ ਦੇਸ਼ਾਂ ਵਿਚ ਚੀਨ ਦੇ ਇਰਾਦਿਆਂ 'ਤੇ ਸ਼ੱਕ ਹੈ। ਯੂਰਪੀਅਨ ਯੂਨੀਅਨ ਦੀ ਪ੍ਰਤੀਨਿਧ ਵੇਸਟਾਗਰ ਨੇ ਸਰਕਾਰਾਂ ਨੂੰ ਮਹੱਤਵਪੂਰਨ ਕੰਪਨੀਆਂ ਦੀ ਹਿੱਸੇਦਾਰੀ ਖਰੀਦਣ ਦੇ ਲਈ ਕਿਹਾ ਹੈ ਤਾਂ ਕਿ ਚੀਨ ਉਨਾਂ ਨੂੰ ਸਸਤੇ ਵਿਚ ਨਾ ਖਰੀਦ ਸਕੇ। ਮਹਾਂਮਾਰੀ ਨੇ ਇਨਾਂ ਦਲੀਲਾਂ ਨੂੰ ਵੀ ਜਗਾ ਦੇ ਦਿੱਤੀ ਹੈ ਕਿ ਵੈਂਟੀਲੇਟਰ ਤੋਂ ਲੈ ਕੇ ਪੰਜ ਜੀ ਨੈਟਵਰਕ ਵਰਗੀਆਂ ਮਹੱਤਵਪੂਰਨ ਵਸਤੂਆਂ ਤੇ ਸੇਵਾਵਾਂ ਦੇ ਲਈ ਵਿਭਿੰਨ ਦੇਸ਼ਾਂ ਨੂੰ ਚੀਨ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਵਿਸ਼ਵ ਵਪਾਰ ਸੰਗਠਨ ਨੂੰ ਬਹੁਤ ਘੱਟ ਸਮੇਂ ਵਿਚ ਦੁਨੀਆਂ ਦੇ ਕਾਰੋਬਾਰ ਵਿਚ 13 ਤੋਂ 32% ਗਿਰਾਵਟ ਦੀ ਸੰਭਾਵਨਾ ਹੈ। ਅੱਗੇ ਜਾ ਕੇ ਇਸ ਦਾ ਨਤੀਜਾ ਗਲੋਬਲਾਈਜੇਸ਼ਨ ਸੁੰਗੜਨ ਦੇ ਰੂਪ ਵਿਚ ਨਿਕਲ ਸਕਦਾ ਹੈ। ਇਸ ਨਾਲ ਚੀਨ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਇਕ ਬੁਨਿਆਦੀ ਕਾਰਨ ਹੈ ਕਿ ਕੀ ਚੀਨ ਅਮਰੀਕਾ ਦੀ ਜਗਾ ਲੈਣਾ ਚਾਹੁੰਦਾ ਹੈ? ਚੀਨ ਅਮਰੀਕਾ ਦੀ ਕੁਝ ਖੂਬੀਆਂ ਨੂੰ ਨਹੀਂ ਅਪਨਾਉਣਾ ਚਾਹੇਗਾ। ਉਹ ਨਿੱਜੀ ਖੇਤਰ ਦੀ ਮਹੱਤਵਪੂਰਨ ਭੂਮਿਕਾ ਵੱਖ-ਵੱਖ ਦੇਸ਼ਾਂ ਨਾਲ ਗੱਠਜੋੜ ਗੂਗਲ, ਨੈਟਫਲਿਕਸ ਹਾਰਵਰਡ ਗੇਟਸ ਫਾਊਡੇਸ਼ਨ ਵਰਗੀਆਂ ਸਾਫ ਪਾਵਰ ਦਾ ਨਿਰਮਾਣ ਨਹੀਂ ਕਰੇਗਾ। ਉਸ ਨੇ ਹੁਣ ਤੱਕ ਸੰਕੇਤ ਨਹੀਂ ਦਿੱਤੇ ਹਨ ਕਿ ਉਹ ਅਮਰੀਕਾ ਦੇ ਵਾਂਗ ਦੁਨੀਆਂ ਦੇ ਸੰਕਟਾਂ ਦੇ ਵਿਚਾਲੇ ਉਲਝਿਆ ਰਹੇਗਾ। ਚੀਨ ਦੀਆਂ ਆਸਾਂ ਦੀ ਪ੍ਰੀਖਿਆ ਵੈਕਸੀਨ ਦੀ ਹੋੜ ਵਿਚ ਉਸ ਦੀ ਪਹਿਲ ਨਾਲ ਜੁੜੀ ਹੋਈ ਹੈ। ਜੇਕਰ ਉਸ ਨੇ ਪਹਿਲਾਂ ਵੈਕਸੀਨ ਬਣਾ ਲਈ ਤਾਂ ਉਹਇਸ ਸਫਲਤਾ ਦਾ ਉਪਯੋਗ ਰਾਸ਼ਟਰੀ ਵਿਜੇ ਤੇ ਵਿਸ਼ਵ ਵਿਚ ਸਹਿਯੋਗ ਵਧਾਉਣ ਦੇ ਮੰਚ ਦੇ ਬਤੌਰ ਕਰੇਗਾ। ਕਰਜ਼ ਵਿਚ ਲੱਦੇ ਗਰੀਬ ਦੇਸ਼ਾਂ ਨੂੰ ਰਾਹਤ ਦੇ ਮਾਮਲਿਆਂ ਵਿਚ ਵੀ ਉਸ ਦੀ ਪਰੀਖਿਆ ਹੋਵੇਗੀ। ਚੀਨ ਪਹਿਲਾਂ ਕਰਜ਼ੇ ਨਾਲ ਰਾਜਨੀਤਕ ਫਾਇਦਾ ਉਠਾਉਂਦਾ ਆ ਰਿਹਾ ਹੈ। ਚੀਨ ਦੀ ਰੁਚੀ ਦੁਨੀਆਂ ਨੂੰ ਚਲਾਉਣ ਵਿਚ ਬਹੁਤ ਜ਼ਿਆਦਾ ਨਹੀਂ ਹੈ। ਉਸ ਦਾ ਨਿਸ਼ਾਨਾ ਸੁਰੱਖਿਅਤ ਕਰੰਸੀ ਦੇ ਰੂਪ ਵਿਚ ਡਾਲਰ ਦੇ ਦਰਜੇ ਨੂੰ ਘੱਟ ਕਰਨ ਦਾ ਹੈ। ਉਹ ਆਪਣੇ ਰਾਜਨੀਤਕਾਂ ਨੂੰ ਬਹੁਪੱਖੀ ਸੰਸਥਾਵਾਂ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਤੈਨਾਤ ਕਰਨ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ। ਇਸ ਨਾਲ ਉਹ ਮਨੁੱਖੀ ਅਧਿਕਾਰਾਂ ਜਾਂ ਇਟਰਨੈਟ ਗਵਰਨਸ ਵਰਗੇ ਵਿਸ਼ਵ ਨਿਯਮਾਂ ਨੂੰ ਪ੍ਰਭਾਵਿਤ ਕਰ ਸਕੇਗਾ।

# ਯੂਨਾਈਟਿਡ ਸਿੱਖਸ ਵਲੋਂ ਕਰੋਨਾ ਮਹਾਂਮਾਰੀ ਦੌਰਾਨ ਮੋਰਚੇ ਦੇ ਨਾਇਕਾਂ ਨੂੰ ਭੋਜਨ ਦਿੱਤਾ ਗਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਇਸ ਹਫਤੇ ਸੈਕਰਾਮੈਂਟੋ ਦੇ ਸਟਾਫ ਦੇ ਡਿਗਨਿਟੀ ਹੈਲਥ ਮੈਥੋਡਿਸਟ ਹਸਪਤਾਲ ਲਈ ਉਨਾਂ ਵਲੋਂ ਪੇਸ਼ ਖ਼ਾਸ ਖਾਣਾ ਦੇਣ ਨਾਲ ਉਨਾਂ ਦੀ ਸ਼ਲਾਘਾ ਕੀਤੀ ਗਈ। ਇਸ ਦੱਖਣੀ ਸੈਕਰਾਮੈਂਟੋ ਹਸਪਤਾਲ ਵਿਚ ਕਰਮਚਾਰੀਆਂ ਲਈ ਭੋਜਨ ਤਿਆਰ ਕਰਨ ਤੋਂ ਬਾਅਦ ਮੈਂਬਰਾਂ ਨੇ ਇਹ ਖਾਣਾ ਉਸ ਪਹਿਲੇ ਸਟਾਫ ਨੂੰ ਦਿੱਤਾ, ਜੋ ਕਿ ਕੋਰੋਨਾਵਾਇਰਸ (ਸੀਓਵੀਆਈਡੀ -19) ਮਹਾਂਮਾਰੀ ਦੇ ਦੌਰਾਨ ਮੋਰਚੇ ਦੇ ਪਹਿਲੇ ਨਾਇਕ ਵਜੋਂ ਜਾਣੇ ਜਾਂਦੇ ਹਨ। ਯੂਨਾਈਟਿਡ ਸਿੱਖ, ਸੰਯੁਕਤ ਰਾਸ਼ਟਰ ਨਾਲ ਜੁੜੀ, ਅੰਤਰਰਾਸ਼ਟਰੀ ਗੈਰ-ਲਾਭਕਾਰੀ ਸੰਸਥਾ ਹੈ, ਜੋ ਮਨੁੱਖਤਾਵਾਦੀ ਰਾਹਤ ਪ੍ਰਦਾਨ ਕਰਦੀ ਹੈ, ਜਿਸ ਵਿੱਚ 3®ੀ94-19 ਸਥਿਤੀ ਦੇ ਦੌਰਾਨ ਹਜ਼ਾਰਾਂ ਖਾਣਾ ਪਰੋਸਣਾ ਸ਼ਾਮਿਲ ਹੈ। ਰੋਜ਼ਾਨਾ ਦੇ ਅਧਾਰ ਤੇ, ਸਥਾਨਕ ਚੈਪਟਰ ਵਿੱਚ ਐਲਕ ਗਰੋਵ ਸ਼ਾਮਲ ਹੈ, ਉਹਨਾਂ ਲੋਕਾਂ ਨੂੰ ਭੋਜਨ ਦਿੰਦੇ ਹਨ ਜੋ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਹਨ, ਐਲਕ ਗਰੋਵ ਖੇਤਰ ਦਾ ਨਿਵਾਸੀ ਅਮਨਦੀਪ ਸਿੰਘ ਅਤੇ ਨਵੰਬਰ ਦੇ ਏਲਕ ਗਰੋਵ ਸਿਟੀ ਕੌਂਸਲ ਜ਼ਿਲਾ 3 ਦੀ ਚੋਣ ਵਿਚ ਉਮੀਦਵਾਰ ਹਨ, ਸਥਾਨਕ ਚੈਪਟਰ ਦੇ ਮੈਂਬਰਾਂ ਵਿਚੋਂ ਸੀ, ਜਿਨਾਂ ਨੇ ਬੀਤੇ ਦਿਨ ਖਾਣਾ ਹਸਪਤਾਲ ਪਹੁੰਚਾਇਆ। ਉਨਾਂ ਨੇ ਹਸਪਤਾਲ ਦੇ ਸਟਾਫ ਨੂੰ ਭੋਜਨ ਖਿਲਾਉਣ ਲਈ ਆਪਣੇ ਚੈਪਟਰ ਦੀ ਇੱਛਾ ਬਾਰੇ ਦੱਸਿਆ, ਉਨਾਂ ਕਿਹਾ, ਅਸੀਂ ਇਕੱਠੇ ਹੋ ਕੇ ਅਸੀਂ ਉਨਾਂ ਲੋਕਾਂ ਲਈ ਆਪਣੀ ਕਦਰਦਾਨੀ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਇਸ ਕੋਵਿਡ -19 ਚੀਜ਼ ਦੇ ਫਰੰਟ ਲਾਈਨ' ਤੇ ਕੰਮ ਕਰ ਰਹੇ ਹਨ। ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਭੋਜਨ ਤਿਆਰ ਕਰਨ ਵਿਚ ਸਹਾਇਤਾ ਮੁਹੱਈਆ ਕਰਵਾਉਣ ਲਈ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਪ੍ਰਸ਼ੰਸਾ ਕੀਤੀ। ਉਨਾਂ ਕਿਹਾ, ਚੈਪਟਰ ਦੇ ਲਗਭਗ 15 ਮੈਂਬਰਾਂ ਦੁਆਰਾ ਹਸਪਤਾਲ ਦੇ ਕਰਮਚਾਰੀਆਂ ਲਈ ਖਾਣਾ ਤਿਆਰ ਕੀਤਾ ਗਿਆ ਸੀ ਜਿਸ ਵਿੱਚ ਚੌਲ, ਬੀਨਜ਼ ਅਤੇ ਸਬਜ਼ੀਆਂ ਸ਼ਾਮਿਲ ਸਨ। ਸਥਾਨਕ ਪ੍ਰਬੰਧਕਾਂ ਵਿੱਚ ਅਮਨਦੀਪ ਸਿੰਘ , ਸੁੱਖੀ ਸੇਖੋਂ, ਸੀਤਲ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਮੁਲਾਜਮਾਂ ਲਈ ਬਹੁਤ ਸਾਰਾ ਖਾਣਾ ਤਿਆਰ ਕੀਤਾ ਗਿਆ ਸੀ, ਦਰਅਸਲ ਤਿੰਨ ਗੱਡੀਆਂ ਭੋਜਨ ਨਾਲ ਭਰੀਆਂ ਹੋਈਆਂ ਸੀ, ਜੋ ਸੇਵਾ ਵਜੋਂ ਵਰਤਾਈਆਂ ਗਈਆਂ । ਯੂਨਾਈਟਿਡ ਸਿੱਖਸ ਦੇ ਗ੍ਰੇਟਰ ਸੈਕਰਾਮੈਂਟੋ ਰੀਜਨ ਚੈਪਟਰ ਦੇ ਮੈਂਬਰਾਂ ਨੇ ਨੇ ਕਿਹਾ ਕਿ ਉਨਾਂ ਦਾ ਚੈਪਟਰ ਉਨਾਂ ਲੋਕਾਂ ਦੀ ਮਦਦ ਲਈ ਸਮਰਪਿਤ ਹੈ ਜਿਨਾਂ ਨੂੰ ਕੋਵੀਡ -19 ਸਥਿਤੀ ਦੇ ਦੌਰਾਨ ਸਹਾਇਤਾ ਦੀ ਲੋੜ ਹੈ।

# ਕੋਵਿਡ-19 ਨਾਲ ਲੜ ਰਹੇ ਨਿਊਜਰਸੀ ਦੇ ਇਕ ਪੰਜਾਬੀ ਲਈ ਪਲਾਸਮਾ ਦੀ ਜ਼ਰੂਰਤ



**ਨਿਊਜਰਸੀ/ਰਾਜ ਗੋਗਨਾ:** ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਦੁਆਰਾ ਸਿੰਘ ਸਭਾ ਕਾਰਟਰੇਟ (ਨਿਊਜਰਸੀ) ਦੀ ਸੰਗਤ ਦੇ ਮੈਂਬਰ ਸ. ਮਨਜੀਤ ਸਿੰਘ ਗਿੱਲ ਜੋ ਪਿਛਲੇ 18 ਕੁ ਦਿਨਾਂ ਤੋਂ ਹਸਪਤਾਲ ਵਿੱਚ Covid-19 ਨਾਲ ਲੜ ਰਿਹਾ ਹੈ ਅਤੇ ਵੈਂਟੀਲੇਟਰ ਉੱਪਰ ਹੈ, ਸੰਗਤ ਨੂੰ ਬੇਨਤੀ ਹੈ ਕਿ ਉਸ ਨੂੰ plasma ਦੀ ਜਰੂਰਤ ਹੈ ਅਤੇ ਉਸ ਦੇ ਖ਼ੂਨ ਦਾ ਗਰੁੱਪ 1+ ਹੈ। ਅਗਰ ਕੋਈ ਵੀ plasma ਦੇ ਸਕਦਾ ਹੋਵੇ ਉਹ ਜਰੂਰ ਸੰਪਰਕ ਕਰੇ ਅਤੇ ਦੂਸਰਾ ਆਪ ਸਭ ਉਸਦੀ ਸਿਹਤਯਾਬੀ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਜਰੂਰ ਅਰਦਾਸ ਤੇ ਬੇਨਤੀ ਕਰੋ ਜੀ। ਸਮੂਹ ਸੰਗਤ ਦੀ ਜਰੂਰੀ ਜਾਣਕਾਰੀ ਅਨੁਸਾਰ ਇਸ ਦੁੱਖ ਦੀ ਘੜੀ 'ਚ ਸਿਰਫ ਉਹੀ ਹੀ ਪਲਾਸਮਾ ਡੋਨੇਟ ਕਰ ਸਕਦਾ ਜਿਸ ਨੂੰ ਪਹਿਲਾਂ ਕੋਵਿਡ -19 ਹੋਇਆ ਹੋਵੇ ਅਤੇ ਹੁਣ ਉਹ ਵਿਅਕਤੀ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਤੰਦਰੁਸਤ ਹੋਵੇ। **ਇਸ ਸੰਬੰਧੀ ਪੂਰੀ ਜਾਣਕਾਰੀ ਲਈ ਆਪ ਪ੍ਰਦੀਪ ਸਿੰਘ ਨਾਲ ਫ਼ੋਨ ਨੰਬਰ 917-497-4443 ਤੇ ਸੰਪਰਕ ਕਰ ਸਕਦੇ ਹੋ।**

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੂੰ ਗਹਿਰਾ ਸਦਮਾ

## ਸੱਸ ਸਰਦਾਰਨੀ ਸੁਰਿੰਦਰ ਕੌਰ ਦਾ ਦਿਹਾਂਤ



**ਨਿਊਜਰਸੀ/ਰਾਜ ਗੋਗਨਾ:** ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਨਾਂ ਦੀ ਸੱਸ ਮਾਤਾ ਸੁਰਿੰਦਰ ਕੌਰ ਅਚਾਨਕ ਦਿਲ ਦਾ ਦੌਰਾ ਪੈਣ ਨਾਲ 26 ਅਪ੍ਰੈਲ ਦਿਨ ਐਤਵਾਰ ਨੂੰ ਅਕਾਲ ਚਲਾਣਾ ਕਰ ਗਏ, ਜਿਨਾਂ ਦਾ ਸੰਸਕਾਰ ਉਨਾਂ ਦੇ ਪਿੰਡ ਪੰਡੋਰੀ ਕੱਦ ਵਿਖੇ ਕਰ ਦਿੱਤਾ ਗਿਆ। ਉਨਾਂ ਨੇ ਭਰੇ ਮਨ ਨਾਲ ਦੱਸਿਆ ਕਿ ਰਿਸ਼ਤੇ ਵਿਚ ਉਹ ਮੇਰੇ ਸੱਸ ਮਾਂ ਸਨ ਅਤੇ ਸਾਡੇ ਕੋਲ ਉਹ ਅਮਰੀਕਾ ਵੀ ਉਹ ਤਕਰੀਬਨ ਪੰਜ ਸਾਲ ਰਹਿ ਕਿ ਗਏ ਸਨ। ਹੁਣ ਪਿਛਲੇ ਪੰਜ ਸਾਲ ਤੋ ਪੰਜਾਬ 'ਚ ਰਹਿ ਰਹੇ ਸਨ ਉਨਾਂ ਦਾ ਪੇਕਾ ਪਿੰਡ ਡਗਾਮ, ਜ਼ਿਲਾ ਨਵਾਂ ਸ਼ਹਿਰ ਨਾਲ ਸਬੰਧਤ ਹੈ ਇਸ ਦੁੱਖ ਦੀ ਘੜੀ ਵਿਚ ਸਾਥ ਦੇਣ ਵਾਲੇ ਰਿਸ਼ਤੇਦਾਰ, ਮਿੱਤਰ ਸੱਜਣ ਸਾਰਿਆਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਤੇ ਅਕਾਲ ਪੁਰਖ ਦੇ ਚਰਨਾ ਵਿਚ ਅਰਦਾਸ ਕਰਦੇ ਹਾਂ ਵਾਹਿਗੁਰੂ ਉਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । **ਸ: ਬੂਟਾ ਸਿੰਘ ਖੜੌਦ ਨਾਲ ਦੁੱਖ ਸਾਂਝਾ ਕਰਨ ਲਈ ਆਪ ਫ਼ੋਨ ਨੰਬਰ 609-351-0321 ਤੇ ਸੰਪਰਕ ਕਰ ਸਕਦੇ ਹੋ।**

# ਸ਼੍ਰੋਮਣੀ ਕਮੇਟੀ ਲੰਬੇ ਸਮੇਂ ਤੋਂ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਨਹੀਂ

**ਚੰਡੀਗੜ/ਜਸਪਾਲ ਸਿੰਘ ਸਿੱਧੂ :** ਬੇਵਸ ਸਿੱਖ, ਅਜੇ ਵੀ ਉਮੀਦ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਨੂੰ ਪਰਮਰਾਜ ਸਿੰਘ ਉਮਰਾਨੰਗਲ ਵਰਗੇ ਪੁਲਿਸ ਅਫ਼ਸਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਸਿਰੋਪ ਨਹੀਂ ਸੀ ਦੇਣਾ, ਜਿੰਨ੍ਹਾਂ ਨੇ ਝੂਠੇ ਪੁਲਿਸ ਮੁਕਾਬਲੇ ਕੀਤੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਵਾਲੇ ਕੇਸ ਵਿਚ ਸ਼ਾਮਲ ਹਨ। ਕੇ.ਪੀ. ਐਸ ਗਿੱਲ, ਸੁਮੇਧ ਸੈਣੀ ਤੋਂ ਲੈ ਕੇ ਉਮਰਾਨੰਗਲ ਵਰਗੇ ਪੁਲਿਸ ਅਫ਼ਸਰ ਉਸ ਰਾਸ਼ਟਰਵਾਦੀ ਸਿਆਸਤ ਦੇ ਸੰਦ ਹਨ, ਜਿਹੜੀ ਹੁਣ ਬੀਜੇਪੀ ਰਾਹੀਂ ਖੁੱਲ੍ਹ ਕੇ ਹਿੰਦੂ ਰਾਸ਼ਟਰ ਦੀ ਸਿਰਜਣਾ ਕਰ ਰਹੀ ਹੈ। ਕਈ ਦਹਾਕਿਆਂ ਤੋਂ ਕਮੇਟੀ ਉੱਤੇ ਕਾਬਜ਼ ਬਾਦਲ ਅਗਵਾਈ ਵਾਲੇ ਅਕਾਲੀ ਦਲ ਭਾਜਪਾ ਦੇ ਸਹਾਰੇ ਨਾਲ ਸੱਤਾ ਹੰਢਾ ਰਹੇ ਹਨ। ਉਹ ਕਿਵੇਂ ਵਧਦੇ ਭਗਵੇਂ ਪ੍ਰਭਾਵ ਤੋਂ ਮੁਕਤ, ਆਜਾਦ ਹਸਤੀ ਵਾਲੀ ਸ਼੍ਰੋਮਣੀ ਕਮੇਟੀ ਕਾਇਮ ਰੱਖ ਸਕਦੇ ਹਨ ?



ਬਾਦਲਾਂ ਦੇ ਰਾਸ਼ਟਰਵਾਦੀ ਨਵੀਂ ਦਿੱਲੀ ਸੱਤਾ ਕੇਂਦਰ ਦੇ ਵਰਤੇ ਪਰਖੇ ਏਜੰਟ ਹੋਣ ਕਰਕੇ ਹੀ ਸ਼੍ਰੋਮਣੀ ਕਮੇਟੀ ਉੱਤੇ ਪੱਕਾ ਕਬਜ਼ਾ ਕਰੀ ਬੈਠੇ ਹਨ। ਸੌ ਸਾਲ ਪਹਿਲਾਂ ਇਹ ਸੱਤਾ ਦਾ ਕੇਂਦਰ ਅੰਗਰੇਜ਼ਾਂ ਕੋਲ ਸੀ, ਜਿੰਨ੍ਹਾਂ ਨੂੰ ਹਿਚਕਚਾਹਟ ਕਰਦੇ ਅਕਾਲੀਆਂ ਦੇ ਮੋਢੇ ਉੱਤੇ ਗੁਰਦਆਰਾ ਐਕਟ ਅਤੇ ਐਸਜੀਪੀਸੀ ਉੱਤੇ ਲੱਦ ਦਿੱਤੇ ਅਤੇ ਪਤੰਗਾਂ ਵਾਲੀ ਡੋਰ ਵਾਂਗ, ਜਾਣੀ ਚੋਣਾਂ ਦਾ ਤਰੀਕਾ ਅਤੇ ਕੰਟਰੋਲ ਆਪਣੇ ਕੋਲੇ ਰੱਖਿਆ। ਉਹ ਹੋਈ ਧੋਖਾ-ਧੜੀ ਉੱਤੇ ਪਰਦਾ ਪਾਕੇ ਰੱਖਣ ਲਈ ਦਿੱਲੀ ਦਰਬਾਰ ਦੇ ਵਫ਼ਾਦਾਰ ਅਕਾਲੀ ਐਸਜੀਪੀਸੀ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹਿੰਦੇ ਰਹੇ। ਵਿਦੇਸ਼ੀ ਅੰਗ੍ਰੇਜ਼ਾਂ ਨੇ ਸ਼੍ਰੋਮਣੀ ਕਮੇਟੀ ਦੇ ਕੰਮਕਾਰ ਵਿਚ ਘੱਟ ਦਾਖਲ ਦਿੱਤਾ, ਕਿਉਂਕਿ ਉਹ ਕਿਹੜਾ ਸਿੱਖਾਂ ਨੂੰ ਹਿੰਦੂਆਂ ਵਿਚ ਰਲਾ ਕੇ, ਹਿੰਦੂ-ਕੌਮ ਖੜ੍ਹਾ ਕਰਨਾ ਚਾਹੁੰਦੇ ਸਨ।

1947 ਤੋਂ ਬਾਅਦ, ਹਿੰਦੂ ਪ੍ਰਭਾਵ ਵਾਲੇ ਭਾਰਤੀ ਰਾਜ ਪ੍ਰਬੰਧ ਨੇ ਅਕਾਲੀਆਂ ਦੀਆਂ ਗਤੀਵਿਧੀਆਂ ਨੂੰ ਕਾਬੂ ਵਿਚ ਰੱਖਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੀ ਅਸਿੱਧੀ ਵਰਤੋਂ ਕੀਤੀ। ਜਿਵੇਂ ਪਿੱਛੇ ਜਿਹੇ ਸ਼੍ਰੋਮਣੀ ਕਮੇਟੀ ਦੁਆਰਾ ਲਾਗੂ ਨਾਨਕਸ਼ਾਹੀ ਕੈਲੰਡਰ ਵਾਪਸ ਕਰਾ ਦਿੱਤਾ ਅਤੇ ਸਾਬਕਾ ਅਕਾਲ ਤਖ਼ਤ ਜਥੇਦਾਰ ਤੋਂ ਰਾਮ ਰਹੀਮ ਨੂੰ ਮਾਫ਼ ਕਰਾ ਦਿੱਤਾ, ਆਦਿ।

ਸ਼੍ਰੋਮਣੀ ਕਮੇਟੀ ਖੁੱਲ੍ਹੇ ਤੌਰ ਤੇ ਸਿੱਖੀ ਅਤੇ ਸਿੱਖ ਹਿੱਤਾਂ ਵਿਰੁੱਧ 1980ਵੇਂ ਤੋਂ ਲਗਾਤਾਰ ਕੰਮ ਕਰ ਰਹੀ ਹੈ। ਫ਼ਿਰ ਵੀ ਸਿੱਖ ਬਾਦਲਾਂ ਦਾ ਕਬਜ਼ਾ ਨਹੀਂ ਤੋੜ ਸਕੇ। ਕਿਉਂ ? ਕਾਰਨ ਇੱਕ ਤਾਂ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦਾ ਅਧਿਕਾਰ ਕੇਂਦਰ ਕੋਲ ਹੈ। ਦੂਜਾ, ਚੋਣਾਂ ਦੀ ਮੌਜ਼ੂਦਾ ਫਾਸਟ-ਪਾਸਟ-ਦਾ-ਪੋਲ ਪ੍ਰਣਾਲੀ ਹਮੇਸ਼ਾਂ ਵੱਡੀ ਧਿਰ ਨੂੰ ਵੱਧ ਹੇਰਾਫ਼ੇਰੀ ਕਰਨ ਦੇ ਮੌਕੇ ਦਿੰਦੀ ਹੈ। ਜਿਹੜੇ ਸਿੱਖ ਲੀਡਰ ਹੁਣ ਬਾਦਲਾਂ ਤੋਂ ਕਮੇਟੀ ਦਾ ਕਬਜ਼ਾ ਖੋਹਣਾ ਚਾਹੁੰਦੇ ਹਨ, ਉਹ ਸਿਰਫ਼ ਦਿੱਲੀ ਦੀ ਸੱਤਾ ਦੀ ਪਰਿਕਮਾ ਨਾ ਕਰਨ ਸਗੋਂ ਸ਼੍ਰੋਮਣੀ ਕਮੇਟੀ ਨੂੰ ਸਹੀ ਸਿੱਖਾਂ ਦੀ ਸੰਸਥਾ ਬਣਾਉਣ ਲਈ, ਐਸਜੀਪੀਸੀ ਐਕਟ ਵਿਚ ਤਰਮੀਮ ਕਰਵਾ ਕੇ ਚੋਣਾਂ ਦਾ ਪ੍ਰੋਪੋਰਸ਼ਨ ਰੀਪ੍ਰੈਜੈਂਟੇਟਿਵ (ਪੀ. ਆਰ) ਪ੍ਰਣਾਲੀ ਨੂੰ ਲਾਗੂ ਕਰਵਾਉਣ ਅਤੇ ਚੋਣਾਂ ਕਰਵਾਉਣ ਦਾ ਅਧਿਕਾਰ ਪੰਜਾਬ ਸਰਕਾਰ ਨੂੰ ਦਿਵਾਉਣ। ਨਹੀਂ ਤਾਂ, ਬਾਦਲਾਂ ਦੇ ਉਮਰਾਨੰਗਲ ਵਰਗੇ ਖਾਸ ਬੰਦਿਆਂ ਨੂੰ ਸ਼੍ਰੋਮਣੀ ਕਮੇਟੀ ਹਮੇਸ਼ਾਂ ਸਰੋਪਿਆਂ ਨਾਲ ਨਵਾਜ਼ਦੀ ਰਹੇਗੀ ਅਤੇ ਬੇਵੱਸ ਸਿੱਖ ਅਜਿਹੀਆਂ ਸਿੱਖ ਵਿਰੁੱਧ ਕਾਰਵਾਈਆਂ ਵਿਰੁੱਧ ਉੱਤੇ ਕੁੜ੍ਹਦੇ ਤੇ ਚੀਕਾਂ ਮਾਰਦੇ ਰਹਿ ਜਾਣਗੇ।

# ਖਾਲਸਾ ਇੰਟਰਨੈਸ਼ਨਲ ਸਪੋਰਟਸ ਐਂਡ ਐਜੂਕੇਸ਼ਨਲ ਟਰੱਸਟ ਕਰੋਨਾ ਜੰਗ 'ਚ ਲੜ ਰਿਹੈ ਅੱਗੇ ਹੋ ਕੇ ਲੜਾਈ



**ਸ਼ਹੀਦ ਭਗਤ ਸਿੰਘ/ਐੱਸ.ਅਸ਼ੋਕ. ਭੌਰਾ:** ਖਾਲਸਾ ਇੰਟਰਨੈਸ਼ਨਲ ਸਪੋਰਟਸ ਐਂਡ ਐਜੂਕੇਸ਼ਨ ਟਰੱਸਟ ਜਿਥੇ ਟਰੱਸਟ ਵਲੋਂ ਪਿਛਲੇ ਲੰਬੇ ਸਮੇਂ ਤੋ ਪੜਾਈ ਅਤੇ ਖੇਡਾਂ ਵਿੱਚ ਲਗਾਤਾਰ ਯੋਗਦਾਨ ਪਾਇਆ ਜਾ ਰਿਹਾ ਹੈ ਉਥੇ ਅਜੋਕੇ ਦੌਰ ਵਿੱਚ ਚੱਲ ਮਹਾਂਮਾਰੀ ਕੋਵਿਡ 19 ਦੇ ਦੌਰਾਨ ਲਗਾਤਾਰ ਲੋੜਵੰਦ ਪਰਿਵਾਰਾ ਨੂੰ ਲੰਗਰ, ਰਾਸ਼ਣ, ਸੇਨੇਟਾਈਜੇਰ ਅਤੇ ਮਾਸਕ ਵੀ ਵੰਡੇ ਜਾ ਰਹੇ ਹਨ! ਟਰੱਸਟ ਦੇ ਯੂ. ਕੇ. ਤੋ ਡਾਇਰੈਕਟਰ ਸ. ਬਲਬੀਰ ਸਿੰਘ ਬੈਂਸ ਅਤੇ ਕੈਨੇਡਾ ਤੋ ਡਾਇਰੈਕਟਰ ਸੁੱਖ ਭੌਰਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਟਰੱਸਟ ਆਪਣੇ ਪੰਜਾਬ ਦੇ ਟੀਮ ਮੈਂਬਰਾ ਰਾਹੀ ਬੰਗਾ, ਮਾਹਿਲਪੁਰ, ਗੜਸ਼ੰਕਰ ਵਿਖੇ ਲਗਾਤਾਰ ਸੇਵਾਵਾਂ ਨਿਭਾਅ ਰਿਹਾ ਹੈ ! ਟਰੱਸਟ ਦੇ ਸੀਨੀਅਰ ਮੈਂਬਰ ਮਨਦੀਪ ਸਿੰਘ ਬੈਂਸ ਅਤੇ ਮਨਪ੍ਰੀਤ ਕੌਰ ਬੈਂਸ ਦੇ ਯਤਨਾਂ ਸਦਕਾ ਸੰਤ ਗੰਗਾ ਦਾਸ ਵੈਲਫੇਅਰ ਸੋਸਾਇਟੀ ਮਾਹਿਲਪੁਰ ਵਿਖੇ ਲਗਾਤਾਰ ਇੱਕ ਮਹੀਨੇ ਤੋ 1500 ਤੋ 2000 ਲੋੜਵੰਦਾਂ ਲਈ ਲੰਗਰ ਮੁਹੱਈਆ ਕਰਵਾਇਆ ਜਾ ਰਿਹਾ ਹੈ ! ਇਸੇ ਤਰਾਂ ਗੜਸ਼ੰਕਰ ਅਤੇ ਲਾਗਲੇ ਪਿੰਡਾਂ ਵਿੱਚ ਟਰੱਸਟ ਦੇ ਸੀਨੀਅਰ ਮੈਂਬਰ ਸ. ਜਸਵਿੰਦਰ ਸਿੰਘ, ਨੈਸ਼ਨਲ ਅਥਲੀਟ ਕੁਲਵਿੰਦਰ ਕੌਰ, ਸੰਜੀਵ ਕੁਮਾਰ ਵਲੋਂ ਲੋੜਵੰਦਾਂ ਨੂੰ ਸੇਨਾਟਾਈਜਰ, ਮਾਸਕ ਅਤੇ ਰਾਸ਼ਣ ਦੀਆਂ ਕਿੱਟ ਵੰਡੀਆਂ ਜਾ ਰਹੀਆਂ ਹਨ ! ਇਸੇ ਤਰਾਂ ਬੰਗਾ ਅਤੇ ਲਾਗਲੇ ਪਿੰਡਾਂ ਵਿਖੇ ਟਰੱਸਟ ਦੇ ਸੀਨੀਅਰ ਮੈਂਬਰ ਡਾ. ਹਰਪ੍ਰੀਤ ਸਿੰਘ ਕੈਂਥ (ਸਪੁੱਤਰ ਸਵ.ਸ.ਸਤਨਾਮ ਸਿੰਘ ਕੈਂਥ ਸਾਬਕਾ ਐੱਮ. ਪੀ. ਫਿਲੌਰ ), ਸ. ਹਰਪਾਲ ਸਿੰਘ ਸਰਪੰਚ ਸੋਤਰਾ ਅਤੇ ਪੰਜਾਬ ਇਕਾਈ ਦੀ ਪ੍ਰਧਾਨ ਡਾ ਦਲਜੀਤ ਕੌਰ ਪੰਨੂ, ਉੱਘੇ ਸਮਾਜ ਸੇਵਕ ਤੇ ਨੌਜਵਾਨ ਆਗੂ ਬਰਿੰਦਰਜੀਤ ਸਿੰਘ ਸਿੱਧੂ, ਬਿਕਰਮਜੀਤ ਸਿੰਘ ਵਲੋਂ ਲੋੜਵੰਦਾਂ ਨੂੰ ਰਾਸ਼ਣ ਵੰਡੀਆ ਜਾ ਰਿਹਾ ਹੈ ! ਡਾ ਕੈਂਥ ਵਲੋਂ ਸਿਵਲ ਹਸਪਤਾਲ ਬੰਗਾ ਨੂੰ ਪੀ ਪੀ ਕਿੱਟਾ, ਮਾਸਕ. ਸੇਨੇਟਾਈਜ਼ਰ ਅਤੇ ਮੈਡੀਕਲ ਸਾਜੋ ਸਮਾਨ ਭੇਂਟ ਕੀਤਾ ! ਟਰੱਸਟ ਵਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਨੂੰ 11ਹਜ਼ਾਰ ਦੀ ਆਰਥਿਕ ਸਹਾਇਤਾ ਵੀ ਕੀਤੀ ਗਈ !



# ਕਰਫਿਊ ਕਾਰਨ ਪੰਜਾਬ ਦੇ ਉਦਯੋਗ ਨੂੰ ਲੱਗਾ ਭਾਰੀ ਧੱਕਾ

**ਜਲੰਧਰ/ ਏ.ਟੀ.ਨਿਊਜ਼:** ਕਰੋਨਾ ਦੇ ਕਹਿਰ ਨਾਲ ਜਿੱਥੇ ਵੱਡੇ ਕਾਰੋਬਾਰੀਆਂ ਨੂੰ ਆਰਥਿਕ ਨੁਕਸਾਨ ਝੱਲਣੇ ਪੈ ਰਹੇ ਹਨ, ਉਥੇ ਸਪੋਰਟਸ ਇੰਡਸਟਰੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਚੁੱਲੇ ਵੀ ਠੰਢੇ ਹੋ ਗਏ ਹਨ। ਇੱਥੇ ਖੇਡਾਂ ਦਾ ਸਾਮਾਨ ਬਣਾਉਣ ਵਾਲੀਆਂ 350 ਤੋਂ ਵੱਧ ਛੋਟੀਆਂ-ਵੱਡੀਆਂ ਸਨਅਤਾਂ ਹਨ। ਖੇਡ ਸਨਅਤ ਹਰ ਸਾਲ 1200 ਕਰੋੜ ਦਾ ਕਾਰੋਬਾਰ ਕਰਦੀ ਆ ਰਹੀ ਸੀ। ਭਾਵ ਹਰ ਮਹੀਨੇ 100 ਕਰੋੜ ਦੇ ਕਾਰੋਬਾਰ ਰਾਹੀਂ ਇਸ ਨਾਲ ਜੁੜੇ ਸਿੱਧੇ ਤੇ ਅਸਿੱਧੇ 50 ਹਜ਼ਾਰ ਕਾਮੇ ਆਪਣੇ ਪਰਿਵਾਰਾਂ ਨੂੰ ਪਾਲਦੇ ਆ ਰਹੇ ਸਨ। ਸਭ ਤੋਂ ਪਹਿਲਾਂ ਜੰਮੂ ਕਸ਼ਮੀਰ ਵਿੱਚ ਧਾਰਾ 370 ਹਟਾਉਣ ਤੋਂ ਬਾਅਦ ਉਥੇ ਕੀਤੀ ਗਈ ਤਾਲਾਬੰਦੀ ਨੇ ਖੇਡ ਸਨਅਤ ਨੂੰ ਪੱਟੜੀ ਤੋਂ ਲਾਹ ਦਿੱਤਾ ਸੀ। ਕਸ਼ਮੀਰ ਵਿਚੋਂ ਹੀ ਬੈਟ ਬਣਾਉਣ ਵਾਲੀ ਵਿੱਲੋ ਨਾਂ ਦੀ ਲੱਕੜ ਆਉਂਦੀ ਸੀ। ਉਥੇ ਦੀ ਸਰਕਾਰ ਨੇ ਇਸ ਲੱਕੜ ਨੂੰ ਸੂਬੇ ਵਿਚੋਂ ਬਾਹਰ ਜਾਣ 'ਤੇ ਪਾਬੰਦੀ ਲਾ ਦਿੱਤੀ ਸੀ। ਇਹ ਪਾਬੰਦੀ ਲੱਗਣ ਬਾਅਦ ਉਥੇ ਬੈਟ ਬਣਨ ਲੱਗ ਪਏ ਸਨ ਪਰ ਉਨਾਂ ਨੂੰ ਅੰਤਮ ਛੋਹ ਜਲੰਧਰ ਵਿੱਚ ਆ ਕੇ ਦਿੱਤੀ ਜਾਂਦੀ ਸੀ। ਉਥੇ ਪੈਦਾ ਹੋਏ ਹਲਾਤਾਂ ਨਾਲ ਖੇਡ ਸਨਅਤ ਨੂੰ ਵੱਡਾ ਧੱਕਾ ਵੱਜਾ ਸੀ। ਕਾਰੋਬਾਰੀ ਇਸ ਸੰਕਟ ਵਿਚੋਂ ਬਾਹਰ ਨਿਕਲਣ ਦੀ ਹਾਲੇ ਕੋਸ਼ਿਸ਼ ਹੀ ਕਰ ਰਹੇ ਸਨ ਕਿ ਦਸੰਬਰ 2019 ਵਿੱਚ ਚੀਨ ਦੇ ਸ਼ਹਿਰ ਵੂਹਾਨ ਵਿਚ ਕਰੋਨਾ ਫੈਲ ਗਿਆ। ਉਥੋਂ ਵੱਡੇ ਪੱਧਰ 'ਤੇ ਕੱਚਾ ਮਾਲ ਆਉਂਦਾ ਸੀ, ਜੋ ਰੁਕ ਗਿਆ। ਜਲੰਧਰ ਦੇ ਕਈ ਕਾਰੋਬਾਰੀਆਂ ਨੇ ਅਪਰੈਲ-ਮਈ ਵਿੱਚ ਚੀਨ ਜਾਣਾ ਸੀ। ਉਨਾਂ ਨੂੰ ਆਪਣੇ ਪ੍ਰੋਗਰਾਮ ਰੱਦ ਕਰਨੇ ਪਏ ਸਨ ਜਿਸ ਦਾ ਸਿੱਧਾ ਅਸਰ ਖੇਡ ਸਨਅਤ 'ਤੇ ਪਿਆ।

ਜਲੰਧਰ ਵਿੱਚ ਪਹਿਲਾਂ-ਪਹਿਲ ਫੁੱਟਬਾਲ ਸਿਉਣ ਦਾ ਕੰਮ ਵੱਡੇ ਪੱਧਰ 'ਤੇ ਹੁੰਦਾ ਸੀ। ਇਸ ਨਾਲ ਸ਼ਹਿਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਵੀ ਲੋਕ ਘਰਾਂ ਵਿੱਚ ਫੁੱਟਬਾਲ ਸਿਉਂਦੇ ਸਨ ਤੇ ਉਨਾਂ ਨੂੰ ਚਾਰ ਪੈਸੇ ਮਿਲ ਜਾਂਦੇ ਸਨ। ਇਸ ਰਾਹੀਂ ਲਗਪਗ ਦੋ-ਢਾਈ ਲੱਖ ਲੋਕਾਂ ਨੂੰ ਕੰਮ ਮਿਲਿਆ ਹੋਇਆ ਸੀ। ਫੁੱਟਬਾਲ ਦੇ ਕਾਰੋਬਾਰ ਵਿੱਚ ਪਾਕਿਸਤਾਨ ਤੇ ਚੀਨ ਨੇ ਭਾਰਤ ਸਿਰ 'ਗੋਲ' ਕਰ ਦਿੱਤਾ ਤੇ ਇੱਥੇ ਫੁੱਟਬਾਲ ਬਣਨ ਦਾ ਕੰਮ ਠੱਪ ਹੋ ਗਿਆ। ਇਸੇ ਤਰਾਂ ਜਲੰਧਰ ਦੀ ਹਾਕੀ ਵੀ ਸੰਸਾਰ ਭਰ ਵਿੱਚ ਪ੍ਰਸਿੱਧ ਸੀ। ਇੱਥੇ ਹਾਕੀ ਦਾ ਬਲੇਡ ਤੂਤ ਦੀ ਲੱਕੜ ਤੋਂ ਤਿਆਰ ਕੀਤਾ ਜਾਂਦਾ ਸੀ ਪਰ ਇਸ ਵਿੱਚ ਪਾਕਿਸਤਾਨ ਨੇ ਮਾਤ ਦੇ ਦਿੱਤੀ। ਉਥੇ ਬਣਾਈ ਜਾਣ ਵਾਲੀ ਫਾਈਬਰ ਦੀ ਹਾਕੀ ਨੇ ਸਾਰੀ ਖੇਡ ਵਿਗਾੜ ਕੇ ਰੱਖ ਦਿੱਤੀ। ਜਿਵੇਂ-ਜਿਵੇਂ ਇੱਥੇ ਸਨਅਤਾਂ ਘਟਦੀਆਂ ਗਈਆਂ ਉਵੇਂ-ਉਵੇਂ ਲੋਕ ਬੇਰੁਜ਼ਗਾਰ ਵੀ ਹੁੰਦੇ ਗਏ। ਖੇਡ ਸੰਘ ਦੇ ਕਨਵੀਨਰ ਰਵਿੰਦਰ ਧੀਰ ਨੇ ਦੱਸਿਆ ਕਿ ਪਹਿਲਾਂ ਜਲੰਧਰ ਵਿੱਚ 500 ਤੋਂ ਵੱਧ ਖੇਡ ਸਨਅਤਾਂ ਸਨ। ਖੇਡ ਸਨਅਤ ਨੂੰ ਇੱਕ ਤੋਂ ਬਾਅਦ ਇੱਕ ਪੈਂਦੀ ਮਾਰ ਨੇ ਇਹ ਕਾਰੋਬਾਰ ਤਬਾਹੀ ਦੇ ਕੰਢੇ 'ਤੇ ਲਿਆਂਦਾ ਬਹਾਨੇ ਮਰੋੜੀ ਜ਼ਰੂਰ ਹੈ। ਜਲੰਧਰ ਵਿੱਚ ਸਿੱਧੇ ਤੇ ਅਸਿੱਧੇ ਰੂਪ ਵਿੱਚ 50 ਹਾਜ਼ਾਰ ਦੇ ਕਰੀਬ ਲੋਕ ਖੇਡ ਸਨਅਤਾਂ ਵਿੱਚ ਕੰਮ ਕਰਦੇ ਸਨ, ਜਿਹੜੇ 22 ਮਾਰਚ ਤੋਂ ਚੱਲ ਰਹੇ ਲੌਕਡਾਊਨ ਕਾਰਨ ਹੁਣ ਵਿਹਲੇ ਬੈਠੇ ਹਨ।

## ਕੱਪੜਾ ਇੰਡਸਟਰੀ ਸੰਕਟ 'ਚ

ਅੰਮ੍ਰਿਤਸਰ ਕਿਸੇ ਵੇਲੇ ਪਾਵਰਲੂਮਾਂ ਦੇ ਘਰ ਵਜੋਂ ਜਾਣਿਆ ਜਾਂਦਾ ਸੀ। ਇਥੋਂ ਦਾ ਕੱਪੜਾ ਬਾਜ਼ਾਰ ਭਾਰਤ ਦੀ ਸਭ ਤੋਂ ਵੱਡੀ ਕੱਪੜਾ ਮੰਡੀ ਦਾ ਦਰਜਾ ਰੱਖਦਾ ਸੀ ਪਰ ਸਮੇਂ ਦੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਇਹ ਕੱਪੜਾ ਸਨਅਤ ਪਹਿਲਾਂ ਹੀ ਆਖਰੀ ਸਾਹਾਂ 'ਤੇ ਸੀ ਤੇ ਹੁਣ ਰਹਿੰਦੀ ਕਸਰ ਕਰੋਨਾ ਨੇ ਕੱਢ ਦਿੱਤੀ ਹੈ। ਇਸ ਵਿੱਚ ਲਗਪਗ ਦੋ ਹਜ਼ਾਰ ਤੋਂ ਵੱਧ ਮਜ਼ਦੂਰ ਕੰਮ ਕਰਦੇ ਹਨ, ਇਨਾਂ ਵਿੱਚੋਂ ਵਧੇਰੇ ਮਜ਼ਦੂਰ ਯੂਪੀ ਅਤੇ ਬਿਹਾਰ ਤੋਂ ਆਏ ਪਰਵਾਸੀ ਹਨ। ਪੰਜਾਬੀ ਮਜ਼ਦੂਰਾਂ ਦੀ ਗਿਣਤੀ ਕਰੀਬ 400 ਹੈ ਅਤੇ ਕੁਝ ਹਿਮਾਚਲ ਵਾਸੀ ਮਜ਼ਦੂਰ ਵੀ ਹਨ।

ਇਨਾਂ ਕਾਮਿਆਂ ਦੇ ਹੱਕਾਂ ਲਈ ਲੜ ਰਹੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਸਕੱਤਰ ਅਮਰਜੀਤ ਸਿੰਘ ਆਸਲ ਅਤੇ ਬ੍ਰਹਮ ਦੇਵ ਸ਼ਰਮਾ ਨੇ ਦੱਸਿਆ ਕਿ ਅਚਾਨਕ ਹੀ ਮਾਰਚ ਦੇ ਆਖਰੀ ਦਿਨਾਂ ਵਿੱਚ ਕਰਫਿਊ ਲੱਗਣ ਕਾਰਨ ਮਜ਼ਦੂਰਾਂ ਨੂੰ ਦੋ ਵੇਲੇ ਦੀ ਰੋਟੀ ਨਸੀਬ ਹੋਣੀ ਵੀ ਔਖੀ ਹੋ ਗਈ ਹੈ। ਲਗਪਗ 400 ਕਾਮੇ ਅਜਿਹੇ ਹਨ, ਜਿਨਾਂ ਨੂੰ ਪੱਕੀ ਤਨਖਾਹ ਮਿਲਦੀ ਹੈ ਅਤੇ ਬਾਕੀ ਸਭ ਠੇਕੇਦਾਰ ਰਾਹੀਂ ਪ੍ਰਤੀ ਪੀਸ ਦੇ ਆਧਾਰ 'ਤੇ ਕੰਮ ਕਰਨ ਵਾਲੇ ਮਜ਼ਦੂਰ ਹਨ। ਉਨਾਂ ਦੱਸਿਆ ਕਿ ਰੋਜ਼ ਹੀ ਇਨਾਂ ਵਿੱਚੋਂ ਕਈ ਮਜ਼ਦੂਰਾਂ ਦੇ ਫੋਨ ਸੁਨੇਹੇ ਆ ਰਹੇ ਹਨ ਕਿ ਉਨਾਂ ਕੋਲ ਖਾਣ ਪੀਣ ਵਾਸਤੇ ਕੁਝ ਨਹੀਂ ਹੈ। ਇਹ ਸਾਰੇ ਆਪਣੇ ਕਾਰਖਾਨੇ ਦੇ ਮਾਲਕਾਂ ਕੋਲ ਵੀ ਦੁਹਾਈ ਦੇ ਚੁੱਕੇ ਹਨ ਪਰ ਮਾਲਕਾਂ ਦੇ ਵੀ ਅਜੋਕੀ ਮੰਦੀ ਕਾਰਨ ਹੱਥ ਖੜੇ ਹੋ ਚੁੱਕੇ ਹਨ।

ਪਾਵਰਲੂਮ ਸਨਅਤ ਅਤੇ ਕਾਰਖਾਨੇਦਾਰਾਂ ਦੀ ਜਥੇਬੰਦੀ ਦੇ ਆਗੂ ਜਤਿੰਦਰ ਨੇ ਦੱਸਿਆ ਕਿ ਕਰੋਨਾ ਤਾਲਾਬੰਦੀ ਕਾਰਨ ਇਸ ਵਾਰ ਉਨਾਂ ਦਾ ਵੀ ਮੰਦਾ ਹਾਲ ਹੈ। ਅਚਾਨਕ ਹੋਈ ਤਾਲਾਬੰਦੀ ਕਾਰਨ ਸਾਰਾ ਮਾਲ ਕਾਰਖਾਨਿਆਂ ਵਿਚ ਹੀ ਪਿਆ ਹੈ। ਸਭ ਕੁਝ ਠਹਿਰ ਗਿਆ ਹੈ। ਇਥੇ ਵਧੇਰੇ ਸ਼ਾਲ ਬਣਦੇ ਹਨ, ਜਿਸ ਨੂੰ ਜ਼ਿਆਦਾਤਰ ਕਸ਼ਮੀਰ ਭੇਜਿਆ ਜਾਂਦਾ ਹੈ। ਕਈ ਵਰਿਆ ਤੋਂ ਉਥੇ ਵੀ ਹਾਲਾਤ ਠੀਕ ਨਾ ਹੋਣ ਕਾਰਨ ਉਹ ਪਹਿਲਾਂ ਹੀ ਘਾਟੇ ਵਿੱਚ ਚੱਲ ਰਹੇ ਸਨ। ਉਨਾਂ ਨੇ ਵੀ ਸਰਕਾਰ ਕੋਲੋਂ ਰਾਹਤ ਦੀ ਮੰਗ ਕੀਤੀ ਹੈ।

## ਹੌਜ਼ਰੀ ਸਨਅਤ ਸੰਕਟ 'ਚ

ਕਰੋਨਾਵਾਇਰਸ ਦੀ ਸਭ ਤੋਂ ਵੱਡੀ ਮਾਰ ਸਨਅਤੀ ਸ਼ਹਿਰ ਦੀ ਹੌਜ਼ਰੀ ਤੇ ਟੈਕਸਟਾਈਲ ਸਨਅਤ ਨੂੰ ਪਈ ਹੈ। ਇਸ ਸਨਅਤ ਨਾਲ ਸਬੰਧਤ ਸਨਅਤਕਾਰਾਂ ਦਾ ਕਹਿਣਾ ਹੈ ਕਿ ਕਰੋਨਾ ਕਾਰਨ 2020 ਦਾ ਸੀਜ਼ਨ ਬਰਬਾਦ ਹੋ ਗਿਆ ਹੈ। ਪਿਛਲੇ ਸਾਲ ਅਕਤੂਬਰ ਤੋਂ ਸ਼ੁਰੂ ਕੀਤਾ ਗਿਆ ਗਰਮੀ ਦਾ ਮਾਲ ਕਰਫਿਊ ਤੋਂ ਕੁੱਝ ਸਮਾਂ ਪਹਿਲਾਂ ਹੀ ਦੁਕਾਨਾਂ ਵਿੱਚ ਵਿਕਣ ਲਈ ਪੁੱਜਿਆ ਸੀ ਪਰ ਦੁਕਾਨਾਂ ਬੰਦ ਹੋਣ ਕਾਰਨ ਵਿਕਰੀ ਠੱਪ ਹੋ ਗਈ। ਉਸ ਤੋਂ ਬਾਅਦ ਸਰਦੀ ਦੇ ਮਾਲ ਦੀ ਸੈਂਪਲਿੰਗ ਹੋ ਗਈ ਸੀ ਤੇ ਤਿਆਰੀ ਸ਼ੁਰੂ ਕਰਨੀ ਸੀ ਤੇ ਹੁਣ ਕਰਫਿਊ ਕਾਰਨ ਫੈਕਟਰੀਆਂ ਬੰਦ ਹਨ। ਸਨਅਤਕਾਰਾਂ ਮੁਤਾਬਕ ਸਿਰਫ਼ ਸਨਅਤੀ ਸ਼ਹਿਰ ਦੀ ਹੌਜ਼ਰੀ ਸਨਅਤ ਨੂੰ ਕਰੋਨਾ ਨੇ 1000 ਕਰੋੜ ਤੋਂ ਵੱਧ ਦੀ ਮਾਰ ਮਾਰੀ ਹੈ, ਜਿਸ ਤੋਂ ਬਾਹਰ ਆਉਣ ਲਈ ਕਾਫ਼ੀ ਸਮਾਂ ਲੱਗੇਗਾ।

ਸਨਅਤੀ ਸ਼ਹਿਰ ਲੁਧਿਆਣਾ ਵਿੱਚ 15 ਹਜ਼ਾਰ ਦੇ ਕਰੀਬ ਹੌਜ਼ਰੀ ਦੇ ਛੋਟੇ ਵੱਡੇ ਯੂਨਿਟ ਹਨ, ਜਿਨਾਂ ਵਿੱਚ 90 ਫੀਸਦੀ ਯੂਨਿਟ ਐੱਮਐੱਸਐੱਮਈ ਅਧੀਨ ਆਉਂਦੇ ਹਨ। ਦੱਸ ਦਈਏ ਕਿ ਸਨਅਤੀ ਸ਼ਹਿਰ ਦੀਆਂ ਹੌਜ਼ਰੀ ਫੈਕਟਰੀਆਂ ਵਿੱਚ ਸਰਦੀ ਦੌਰਾਨ ਗਰਮੀ ਤੇ ਗਰਮੀ ਦੌਰਾਨ ਸਰਦੀ ਦਾ ਮਾਲ ਤਿਆਰ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਸੀਜ਼ਨ ਮੁਤਾਬਕ ਇਹ ਮਾਲ ਦੇਸ਼ ਦੇ ਕੋਨੇ-ਕੋਨੇ ਵਿੱਚ ਪੁੱਜਦਾ ਹੈ। ਹੁਣ ਕਰੋਨਾਵਾਇਰਸ ਨੇ ਹੌਜ਼ਰੀ ਤੇ ਟੈਕਸਟਾਈਲ ਸਨਅਤ ਨੂੰ ਦੋਹਰੀ ਮਾਰ ਮਾਰੀ ਹੈ, ਗਰਮੀ ਦਾ ਮਾਲ ਤਿਆਰ ਹੋ ਕੇ ਬੰਦ ਦੁਕਾਨਾਂ ਵਿੱਚ ਪਿਆ ਹੈ ਤੇ ਸਰਦੀ ਦਾ ਮਾਲ ਫੈਕਟਰੀਆਂ ਬੰਦ ਹੋਣ ਕਾਰਨ ਸ਼ੁਰੂ ਨਹੀਂ ਹੋ ਸਕਿਆ।

ਲੁਧਿਆਣਾ ਦੇ ਨਿਟਵੀਅਰ ਕਲੱਬ ਦੇ ਪ੍ਰਧਾਨ ਵਿਨੋਦ ਥਾਪਰ ਨੇ ਦੱਸਿਆ ਕਿ ਗਰਮੀ ਤੇ ਸਰਦੀ ਦੋਵੇਂ ਹੀ ਸੀਜ਼ਨ ਬਰਬਾਦ ਹੋ ਗਏ ਹਨ। ਗਰਮੀ ਦੇ ਭੇਜੇ ਹੋਏ ਮਾਲ ਦੇ ਪੈਸੇ ਨਹੀਂ ਮਿਲਣੇ ਤੇ ਮਾਲ ਵਾਪਸ ਆਉਣ ਦਾ ਖ਼ਦਸ਼ਾ ਬਣਿਆ ਹੋਇਆ ਹੈ। ਉਨਾਂ ਅਨੁਸਾਰ ਸਿਰਫ਼ ਸਨਅਤੀ ਸ਼ਹਿਰ ਵਿੱਚ ਹੀ ਹੌਜ਼ਰੀ ਤੇ ਟੈਕਸਟਾਈਲ ਸਨਅਤ ਨੂੰ 1000 ਕਰੋੜ ਤੋਂ ਵੱਧ ਦਾ ਨੁਕਸਾਨ ਝੱਲਣਾ ਪਵੇਗਾ। ਇਸ ਤੋਂ ਬਾਅਦ ਵੀ ਜੇਕਰ ਸਰਕਾਰ ਹੌਜ਼ਰੀ ਸਨਅਤ ਨੂੰ ਕੋਈ ਰਾਹਤ ਨਹੀਂ ਦੇਵੇਗੀ ਤਾਂ ਸਨਅਤ ਦਾ ਮੰਦੀ ਦੇ ਦੌਰ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਹੋ ਜਾਵੇਗਾ।

ਸਨਅਤਕਾਰ ਜੈਨ ਮੁਤਾਬਕ ਅਕਤੂਬਰ ਮਹੀਨੇ ਤੋਂ ਜਨਵਰੀ ਤੱਕ ਗਰਮੀ ਦਾ ਮਾਲ ਤਿਆਰ ਕਰਕੇ ਉਨਾਂ ਜਨਵਰੀ ਦੇ ਪਹਿਲੇ ਹਫ਼ਤੇ ਤੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਭੇਜਣਾ ਸ਼ੁਰੂ ਕੀਤਾ ਸੀ, ਫਰਵਰੀ ਦੇ ਅੰਤ ਤੱਕ 70 ਤੋਂ 80 ਫੀਸਦੀ ਮਾਲ ਦੁਕਾਨਾਂ 'ਤੇ ਪੁੱਜ ਗਿਆ ਸੀ। ਬਾਕੀ 20 ਤੋਂ 30 ਫੀਸਦੀ ਫੈਕਟਰੀ ਵਿੱਚ ਤਿਆਰ ਤੇ ਕੁੱਝ ਟਰਾਂਸਪੋਰਟਾਂ 'ਤੇ ਪਿਆ ਹੋਇਆ ਸੀ। ਮਾਰਚ ਮਹੀਨੇ ਤੋਂ ਤਾਲਾਬੰਦੀ ਕਾਰਨ ਸਭ ਕੁੱਝ ਬੰਦ ਹੋ ਗਿਆ। ਗਰਮੀ ਦੇ ਮਾਲ ਦੀ ਵਿਕਰੀ ਅਪਰੈਲ ਮਹੀਨੇ ਤੋਂ ਸ਼ੁਰੂ ਹੁੰਦੀ ਹੈ ਪਰ ਬੰਦ ਪਈਆਂ ਦੁਕਾਨਾਂ 'ਤੇ ਕਿਵੇਂ ਵਿਕਰੀ ਹੋਵੇਗੀ। ਇੰਨਾ ਹੀ ਨਹੀਂ ਪਾਰਟੀਆਂ ਤੋਂ ਪਿਛਲੇ ਸਾਲ ਦੀ ਪੇਮੈਂਟ ਮਾਰਚ ਮਹੀਨੇ ਵਿੱਚ ਆਉਂਦੀ ਹੈ ਅਤੇ ਤਾਲਾਬੰਦੀ ਕਾਰਨ ਉਹ ਨਹੀਂ ਆਈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630
3096 Farrar Ave Modesto, CA 95354
TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

CIS
# CALIFORNIA
IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.




Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਨੂੰ ਚਾਚਾ ਜੀ ਦੀ ਮੌਤ 'ਤੇ ਭਾਰੀ ਸਦਮਾ

## ਜੱਥੇਦਾਰ ਨਰਜੀਤ ਸਿੰਘ ਉੱਭੀ ਨਹੀਂ ਰਹੇ

**ਫਰਿਜ਼ਨੋ/ਨੀਟਾ ਮਾਛੀਕੇ:** ਬੀਤੇ ਦਿਨੀ ਜਥੇਦਾਰ ਨਰਜੀਤ ਸਿੰਘ ਉੱਭੀ (ਨਿਰੰਜਨ ਸਿੰਘ) ਸਪੁੱਤਰ ਸ. ਹਰਨਾਮ ਸਿੰਘ ਉੱਭੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੰਡ ਧਾਲੀਆਂ, ਜਿਲਾ ਲੁਧਿਆਣਾ, ਪੰਜਾਬ ਵਿੱਚ ਰਹਿ ਰਹੇ ਸਨ। ਜੋ ਸਮੁੱਚੇ ਪਰਿਵਾਰ ਦੇ ਪੰਜਾਬ ਵਿੱਚ ਮੋਢੀ ਆਗੂ ਸਨ ਅਤੇ ਉਥੋ ਦੇ ਸਾਰੇ ਖੇਤੀਬਾੜੀ ਅਤੇ ਸ਼ਹਿਰੀ ਕਾਰੋਬਾਰ ਦੀ ਦੇਖ-ਭਾਲ਼ ਆਪ ਕਰਦੇ ਸਨ। ਇਸ ਦੇ ਨਾਲ-ਨਾਲ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਵੀ ਵੱਧ-ਚੜ ਕੇ ਹਿੱਸਾ ਲੈਂਦੇ ਸਨ। ਇੰਨਾਂ ਕਾਫੀ ਸਮਾਂ ਧਰਮਯੁੱਧ ਮੋਰਚੇ ਦੀ ਸੇਵਾ ਵਿੱਚ ਵੀ ਗੁਜ਼ਾਰਿਆ ਅਤੇ ਜੇਲਾ ਕੱਟੀਆਂ। 84 ਦੇ ਸੰਘਰਸ਼ ਦੌਰਾਨ ਸਿੱਖ ਧਰਮ ਦੇ ਹਾਮੀ ਅਤੇ ਦਮਦਮੀ ਟਕਸਾਲ ਦੇ ਸਹਿਯੋਗੀ ਹੋਣ ਕਰਕੇ ਕਾਫੀ ਸਮਾਂ ਆਪਣੇ ਸਾਥੀਆਂ ਸਮੇਤ ਜੇਲ ਵਿੱਚ ਰਹੇ। ਇਸ ਬਾਅਦ ਲੰਮਾ ਅਰਸਾ ਇਤਿਹਾਸਕ ਗੁਰਦੁਆਰਾ ਕੈਬਾਂ ਸਾਹਿਬ ਪਿੰਡ ਧਾਲੀਆਂ (ਲੁਧਿਆਣਾ) ਦੀ ਕਮੇਟੀ ਦੇ ਸਰਵਸੰਮਤੀ ਨਾਲ ਬਤੌਰ ਪ੍ਰਧਾਨ ਸੇਵਾਵਾ ਨਿਭਾਉਦੇ ਰਹੇ। ਪਰ ਪਿਛਲੇ ਕੁਝ ਸਮੇਂ ਤੋਂ ਸਟਰੋਕ (ਦਿਲ ਦੇ ਦੌਰੇ) ਹੋਣ ਕਰਕੇ ਡਾਕਟਰੀ ਇਲਾਜ਼ ਅਧੀਨ ਚਲ ਰਹੇ ਸਨ ਅਤੇ ਠੀਕ ਵੀ ਹੋ ਗਏ ਸਨ। ਪਰ ਕਮਜ਼ੋਰੀ ਦੇ ਚਲਦਿਆਂ ਭਾਰਤ ਦੇ ਸਮੇਂ ਮੁਤਾਬਕ 28 ਅਪ੍ਰੈਲ ਦਿਨ ਮੰਗਲਵਾਰ ਦੀ ਸਵੇਰ ਦਾ ਸੂਰਜ ਉਨਾਂ ਨੂੰ ਦੇਖਣਾ ਨਸੀਬ ਨਾ ਹੋਇਆ ਅਤੇ ਸਵੇਰ ਦੇ ਸੱਤ ਵਜ਼ੇ ਆਪਣੇ ਸੁਆਸਾ ਦੀ ਪੂਜ਼ੀ ਤਿਆਗ ਹਮੇਸਾ ਲਈ ਗੁਰੂ ਚਰਨਾਂ ਵਿੱਚ ਜਾ ਨਿਵਾਜੇ। ਚੰਗੇ ਸੰਸਕਾਰ ਅਤੇ ਬਜ਼ੁਰਗਾਂ ਦੀ ਸਿੱਖਿਆ ਕਰਕੇ ਸਾਰਾ ਪਰਿਵਾਰ ਕਈ ਪੀੜੀਆਂ ਤੋਂ ਅੱਜ ਤੱਕ ਸਾਂਝਾ (ਸੰਯੁਕਤ) ਪਰਿਵਾਰ ਚੱਲ ਰਿਹਾ ਹੈ। ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਨੇ ਦੱਸਿਆ ਕਿ ਮੈਂ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਉਨਾਂ ਨਾਲ ਗੁਜ਼ਾਰਿਆ। ਮੈਨੂੰ ਨਿੱਕੇ ਹੁੰਦਿਆਂ ਉਨਾਂ ਮੈਨੂੰ ਖਿਡਾਉਣਾ ਅਤੇ ਮੇਰੀ ਕੋਈ ਇੱਛਾ ਮੇਰੇ ਮਾਪਿਆਂ ਨੇ ਨਾ ਪੂਰੀ ਕਰਨੀ ਤਾਂ ਉਨਾਂ ਜ਼ਰੂਰ ਕਰ ਦੇਣੀ। ਮੇਰੇ ਚਾਹੇ ਕਾਲਜ਼ ਜਾਂ ਯੂਨੀਵਰਸਿਟੀ ਦੇ ਖਰਚੇ ਦੀ ਗੱਲ ਹੋਣੀ ਤਾਂ ਮੈਂ ਉਸ ਨਾਲ ਹੀ ਗੱਲ ਕਰਦਾ, ਕਿਉਂ ਕਿ ਉਹ ਵੀ ਕਾਲਜ ਦੀ ਪੜਾਈ ਕਰ ਚੁੱਕੇ ਸਨ। ਇਹੋ ਜਿਹੀਆ ਬਹੁਤ ਸਾਰੀਆਂ ਗੱਲਾ ਜੋ ਮੇਰੀਆਂ ਯਾਦਾਂ ਦਾ ਹਿੱਸਾ ਬਣ ਚੁਕੀਆਂ ਹਨ ਜੋ ਜ਼ਿੰਦਗੀ ਦੇ ਅੰਤਮ ਪਲਾ ਤੱਕ ਨਾਲ ਹੀ ਚਲਣਗੀਆਂ। ਪਰ ਪ੍ਰਦੇਸਾਂ ਦਾ ਇਹੀ ਦੁੱਖ ਹੈ ਕਿ ਮੈਂ ਕਿ ਲਾਕਡਾਊਨ ਦੇ ਚਲਦਿਆਂ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਨਹੀਂ ਖੜ ਸਕਿਆਂ। ਇਹ ਸਾਰੇ ਪ੍ਰਦੇਸ਼ੀਆਂ ਲਈ ਵੱਡਾ ਦੁੱਖ ਹੈ ਕਿ ਪਰਿਵਾਰਕ ਦੁੱਖਾਂ-ਸੁੱਖਾ ਵਿੱਚ ਮਜਬੂਰੀਆਂ ਕਰਕੇ ਸ਼ਾਮਲ ਨਹੀਂ ਹੋ ਸਕਦੇ।

ਜੱਥੇਦਾਰ ਨਰਜੀਤ ਸਿੰਘ ਦਾ ਅੰਤਮ ਸੰਸਕਾਰ ਗੁਰਮਰਿਯਾਦਾ ਅਨੁਸਾਰ ਪਿੰਡ ਧਾਲੀਆ ਵਿਖੇ ਕਰ ਦਿੱਤਾ ਕਰ ਦਿੱਤਾ ਗਿਆ ਹੈ। ਜਿਸ ਵਿੱਚ ਸਥਾਨਿਕ ਪ੍ਰਸ਼ਾਸਨ ਦੇ ਨਿਯਮਾਂ ਧਿਆਨ ਵਿੱਚ ਰੱਖਦੇ ਹੋਏ ਬਹੁਤੇ ਰਿਸ਼ਤੇਦਾਰਾਂ ਅਤੇ ਦੋਸ਼ਤਾਂ ਨੂੰ ਨਹੀਂ ਦੱਸਿਆ ਗਿਆ ਸੀ। ਪਰ ਫਿਰ ਵੀ ਸ਼ੋਸ਼ਲ ਡਿਸਟੈਸ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੇ ਨਿਕਟਵਰਤੀ ਪਿੰਡ ਨਿਵਾਸੀ ਅਤੇ ਦੂਰ-ਦੁਰਾਡੇ ਤੋਂ ਲੋਕ ਅੰਤਮ ਯਾਤਰਾ ਵਿੱਚ ਸਰਧਾ ਦੇ ਫੁੱਲ ਭੇਟ ਕਰਨ ਲਈ ਹਾਜ਼ਰ ਹੋਏ। ਉਨਾਂ ਦੇ ਨਮਿਰਤ ਰੱਖੇ ਸਹਿਜ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਮਿਤੀ 7 ਮਈ, 2020 ਦਿਨ ਵੀਰਵਾਰ ਨੂੰ ਪਿੰਡ ਧਾਲੀਆਂ ਵਿਖੇ ਹੋਵੇਗੀ। ਉਹ ਆਪਣੇ ਪਿਛੇ ਇਕ ਪੁੱਤਰ ਅਤੇ ਦੋ ਧੀਆਂ ਛੱਡ ਗਏ ਹਨ। ਸਭ ਦੋਸ਼ਤਾ ਅਤੇ ਰਿਸ਼ਤੇਦਾਰਾਂ ਨੂੰ ਬੇਨਤੀ ਹੈ ਕਿ ਇਸ ਵਿਛੜੀ ਆਤਮਾ ਲਈ ਅਰਦਾਸ ਜ਼ਰੂਰ ਕਰ ਦੇਣਾ ਕਿ ਪਰਮਾਤਮਾ ਉਨਾ ਨੂੰ ਜਨਮ-ਮਰਨ ਤੋਂ ਮੁਕਤ ਕਰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

Allstate
You're in good hands.
# ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS


Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for
any disease at any age Try
# HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568


GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭੁੱਖਮਰੀ ਸੰਕਟ ਤੋਂ ਬਚਣ ਲਈ ਕੇਂਦਰ ਸਰਕਾਰ ਕਿਸਾਨਾਂ ਦੀ ਮਦਦ ਕਰੇ



**- ਬਲਵੀਰ ਸਿੰਘ ਰਾਜੇਵਾਲ**

ਅੱਜ ਜੋ ਭਾਰਤ ਵਿਚ ਸ਼ਾਂਤੀ ਹੈ ਤਾਂ ਉਸ ਦਾ ਸਿਹਰਾ ਕਿਸਾਨਾਂ ਨੂੰ ਹੀ ਜਾਂਦਾ ਹੈ, ਜਿਨਾਂ ਨੇ ਸਰਕਾਰ ਦੇ ਗੁਦਾਮ ਅੰਨ ਪੈਦਾ ਕਰਕੇ ਤੂੜ ਕੇ ਭਰ ਦਿੱਤੇ ਹਨ। ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਏ.ਸੀ. ਕਮਰਿਆਂ ਵਿਚ ਬੈਠੀ ਸਾਡੀ ਅਫ਼ਸਰਸ਼ਾਹੀ ਅਤੇ ਰਾਜ ਨੇਤਾਵਾਂ ਦਾ ਦਿਮਾਗ ਕਿਸਾਨਾਂ ਪ੍ਰਤੀ ਜ਼ਹਿਰ ਨਾਲ ਭਰਿਆ ਹੋਇਆ ਸੀ। ਉਹ ਕਿਸਾਨਾਂ ਤੋਂ ਅੰਨ ਦੀ ਖ਼ਰੀਦ ਤੋਂ ਮੂੰਹ ਮੋੜਨ ਦੀਆਂ ਵਿਉਂਤਾਂ ਬਣਾਉਣ ਲੱਗੇ ਸਨ। ਭਾਵੇਂ ਅੱਜ ਵੀ ਉਨਾਂ ਦੇ ਮਨ ਸਾਫ਼ ਨਹੀਂ, ਮਜਬੂਰੀ ਵੱਸ ਸਰਕਾਰ ਨੂੰ ਕਣਕ ਖ਼ਰੀਦਣੀ ਪੈ ਰਹੀ ਹੈ। ਕੋਰੋਨਾ ਵਾਇਰਸ ਸੰਕਟ ਦੌਰਾਨ ਕਿਸਾਨਾਂ ਤੋਂ ਮੰਦੇ ਭਾਅ ਸੁੱਟਣ ਵਾਂਗ ਸਬਜ਼ੀ ਖ਼ਰੀਦ ਲਈ ਜਾਂਦੀ ਹੈ। ਕਿਸਾਨ ਦੇ ਪੱਲੇ ਢੋਆ-ਢੁਆਈ ਦਾ ਖ਼ਰਚਾ ਵੀ ਨਹੀਂ ਪੈਂਦਾ। ਸਰਕਾਰਾਂ ਨੇ ਸਬਜ਼ੀ ਕਾਸ਼ਤਕਾਰ ਰੋਲ ਦਿੱਤੇ। ਪੋਲਟਰੀ ਦਾ ਤਾਂ ਬੁਰਾ ਹਾਲ ਹੋ ਗਿਆ ਹੈ। ਦੁੱਧ ਉਤਪਾਦਕਾਂ ਦਾ ਸਰਕਾਰਾਂ ਨੇ ਨੰਗਾ ਚਿੱਟਾ ਜਲੂਸ ਹੀ ਕੱਢ ਦਿੱਤਾ ਹੈ। ਪੰਜਾਬ ਦੇ ਸਾਰੇ ਸਹਿਕਾਰੀ ਮਿਲਕ ਪਲਾਂਟ ਸਰਕਾਰ ਦੇ ਕੰਟਰੋਲ ਵਿਚ ਹਨ। ਸਹਿਕਾਰੀ ਦੁੱਧ ਪਲਾਂਟ ਲਾਉਣ ਸਮੇਂ ਭਾਵਨਾ ਕੇਵਲ ਮੁਨਾਫ਼ਾ ਕਮਾਉਣ ਦੀ ਨਹੀਂ ਸੀ ਸਗੋਂ ਕਿਸਾਨਾਂ ਦੀ ਮਦਦ ਕਰਨ ਦੀ ਸੀ। ਕੈਪਟਨ ਸਰਕਾਰ ਨੇ ਕਿਸਾਨਾਂ ਦੀ ਲੁੱਟ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰ ਦਿੱਤੇ। ਇਤਿਹਾਸ ਵਿਚ ਕਦੀ ਵੀ ਮਾਰਚ ਦੇ ਅੰਤ ਤੋਂ ਬਾਅਦ ਗਰਮੀਆਂ ਵਿਚ ਦੁੱਧ ਦੇ ਰੇਟ ਨਹੀਂ ਘਟੇ, ਹਮੇਸ਼ਾ ਵਧਾਏ ਜਾਂਦੇ ਹਨ। ਪਰ ਸ਼ਾਬਾਸ਼ੇ ਕੈਪਟਨ ਸਰਕਾਰ ਦੇ ਜੋ ਅਪ੍ਰੈਲ ਮਹੀਨੇ ਤੋਂ ਕਿਸਾਨਾਂ ਤੋਂ ਖ਼ਰੀਦੇ ਜਾਣ ਵਾਲੇ ਦੁੱਧ ਦਾ ਭਾਅ ਹਰ ਹਫ਼ਤੇ 2 ਰੁਪਏ ਪ੍ਰਤੀ ਲਿਟਰ ਘਟਾਈ ਜਾ ਰਹੀ ਹੈ। ਕਿਸਾਨਾਂ ਤੋਂ ਖ਼ਰੀਦੇ ਜਾਣ ਵਾਲੇ ਦੁੱਧ ਦੇ ਭਾਅ ਵਿਚ ਅਪ੍ਰੈਲ ਮਹੀਨੇ 6 ਰੁਪਏ ਪ੍ਰਤੀ ਲਿਟਰ ਕਮੀ ਕਰ ਦਿੱਤੀ ਗਈ ਹੈ। ਖਪਤਕਾਰ ਲਈ ਮਿਲਕਫੈਡ ਨੇ ਭਾਅ ਵਿਚ ਕੋਈ ਕਮੀ ਨਹੀਂ ਕੀਤੀ। ਪ੍ਰਾਈਵੇਟ ਮਿਲਕ ਪਲਾਂਟਾਂ ਨੇ ਦੁੱਧ ਉਤਪਾਦਕਾਂ ਦਾ ਰੱਜ ਕੇ ਸ਼ੋਸ਼ਣ ਸ਼ੁਰੂ ਕੀਤਾ ਹੋਇਆ ਹੈ। ਉਨਾਂ ਵਲੋਂ ਕਿਸਾਨਾਂ ਤੋਂ 20 ਤੋਂ 25 ਰੁਪਏ ਪ੍ਰਤੀ ਲਿਟਰ ਸਸਤਾ ਦੁੱਧ ਖ਼ਰੀਦਿਆ ਜਾ ਰਿਹਾ ਹੈ। ਅੱਜ ਪੰਜਾਬ ਵਿਚ ਦੁੱਧ ਨਾ ਵਿਕਣ ਕਾਰਨ ਰੋਜ਼ਾਨਾ 50 ਲੱਖ ਲਿਟਰ ਦੁੱਧ ਜਾਂ ਤਾਂ ਪਸ਼ੂਆਂ ਨੂੰ ਪਿਲਾਇਆ ਜਾ ਰਿਹਾ ਹੈ ਜਾਂ ਫਿਰ ਡੋਲਿਆ ਜਾ ਰਿਹਾ ਹੈ। ਜੇ ਮਿਲਕਫੈਡ ਚਾਹੇ ਤਾਂ ਉਹ ਆਪਣੇ ਸਾਰੇ ਦੁੱਧ ਪਲਾਂਟਾਂ ਨੂੰ ਪੂਰੀ ਸਮੱਰਥਾ ਉੱਤੇ ਚਲਾ ਕੇ ਦੁੱਧ ਉਤਪਾਦਕਾਂ ਦਾ ਸ਼ੋਸ਼ਣ ਰੋਕ ਸਕਦੀ ਸੀ।

ਅੱਜ ਰਾਜਨੇਤਾ ਗ਼ਰੀਬਾਂ ਨੂੰ ਕਣਕ, ਚਾਵਲ ਅਤੇ ਦਾਲਾਂ ਆਦਿ ਵੰਡ ਕੇ ਫੋਟੋਆਂ ਖਿਚਵਾਉਣ ਬੁਰੀ ਤਰਾਂ ਰੁੱਝੇ ਹੋਏ ਹਨ। ਕਣਕ ਦੀ ਵਿਚ ਕਿਸਾਨਾਂ ਨੂੰ ਪਾਸਾਂ ਦੇ ਚੱਕਰ ਵਿਚ ਉਲਝਾ ਕੇ ਖ਼ਰੀਦ ਕੀਤੀ ਜਾ ਰਹੀ ਹੈ। ਕਿਸਾਨਾਂ ਦੀ ਨਾ ਸਮਰੱਥਾ ਹੈ ਅਤੇ ਨਾ ਘਰਾਂ ਵਿਚ ਥਾਂ। ਮਜਬੂਰੀ ਵੱਸ ਕਿਸਾਨ ਕਣਕ ਦੇ ਖੁੱਲੇ ਅੰਬਰ ਢੇਰ ਲਾ ਰਹੇ ਹਨ। ਮੁੱਖ ਮੰਤਰੀ ਨੇ ਦੇਰ ਨਾਲ ਕਣਕ ਵੇਚਣ ਵਾਲੇ ਕਿਸਾਨਾਂ ਨੂੰ ਬੋਨਸ ਦੇਣ ਲਈ ਕੇਂਦਰ ਨੂੰ ਇਕ ਚਿੱਠੀ ਲਿਖ ਕੇ ਊਠ ਦਾ ਬੁੱਲ ਲਮਕਾ ਦਿੱਤਾ। ਇਕ ਚਿੱਠੀ ਤੋਂ ਵੱਧ ਕੁਝ ਨਹੀਂ ਕੀਤਾ ਗਿਆ। ਨਾ ਪ੍ਰਧਾਨ ਮੰਤਰੀ, ਖਜ਼ਾਨਾ ਮੰਤਰੀ ਜਾਂ ਖੁਰਾਕ ਮੰਤਰੀ ਨੂੰ ਮਿਲ ਕੇ ਕਿਸਾਨਾਂ ਨੂੰ ਬੋਨਸ ਦੇਣ ਲਈ ਦਬਾਅ ਬਣਾਇਆ ਅਤੇ ਨਾ ਹੀ ਕੋਈ ਉਪਰਾਲਾ ਕੀਤਾ। ਅੱਜ ਹਰ ਕੋਈ ਮੰਨਦਾ ਹੈ ਕਿ ਜੇ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰ ਨਾ ਭਰੇ ਹੁੰਦੇ ਤਾਂ ਅੰਨ ਲਈ ਦੰਗੇ ਵੀ ਭੜਕ ਸਕਦੇ ਸਨ। ਕੋਰੋਨਾ ਕਾਰਨ ਭਾਰਤ ਬੰਦ ਸਮੇਂ ਧੜਾ-ਧੜ ਅਨਾਜ ਦੀ ਮੰਗ ਵਧਣ ਨਾਲ ਅਨਾਜ ਦੀਆਂ ਸਪੈਸ਼ਲ ਗੱਡੀਆਂ ਭਰ-ਭਰ ਕੇ ਜਾ ਰਹੀਆਂ ਹਨ। ਇਸ ਵਾਰ ਕਣਕ ਦੀ ਬਿਜਾਈ ਤੋਂ ਹੁਣ ਤੱਕ ਲਗਾਤਾਰ ਵਾਰ-ਵਾਰ ਮੀਂਹ ਅਤੇ ਹਨੇਰੀ ਚਲਦੀ ਰਹੀ। ਕਈ ਥਾਈਂ ਕਣਕ ਵਿਛ ਗਈ, ਕਈ ਥਾਈਂ ਗੜੇਮਾਰੀ ਹੋਈ। ਸਿੱਟੇ ਵਜੋਂ ਇਸ ਵੇਲੇ ਘੱਟੋ-ਘੱਟ ਅੱਧੇ ਰਕਬੇ ਵਿਚ ਕਣਕ ਦਾ ਝਾੜ ਘਟ ਗਿਆ ਹੈ ਜਾਂ ਦਾਣਾ ਮਾਜੂ ਹੋ ਗਿਆ ਹੈ। ਸਰਕਾਰ ਨੂੰ ਸਭ ਅੱਛਾ ਨਜ਼ਰ ਆ ਰਿਹਾ ਹੈ। ਕਿਸਾਨਾਂ ਨਾਲ ਕੀ ਬੀਤੀ, ਕੋਈ ਪ੍ਰਵਾਹ ਨਹੀਂ। ਹਰ ਰਾਜ ਸਰਕਾਰ ਵਾਂਗ ਪੰਜਾਬ ਸਰਕਾਰ ਕੋਲ ਵੀ ਕੇਂਦਰ ਤੋਂ ਆਏ ਕੁਦਰਤੀ ਆਫ਼ਤਾਂ ਦੇ ਫੰਡ ਦੀ ਕੋਈ ਕਮੀ ਨਹੀਂ। ਪਰ ਸਰਕਾਰ ਕੋਲ ਕੁਦਰਤ ਦੇ ਝੰਬੇ ਕਿਸਾਨਾਂ ਨੂੰ ਦੇਣ ਲਈ ਕੁਝ ਨਹੀਂ। ਨਾ ਤਾਂ ਪਿਛਲੇ ਸਾਲ ਹੋਈ ਗੜੇਮਾਰੀ ਜਾਂ ਹੜਾਂ ਦੀ ਤਬਾਹੀ ਲਈ ਕਿਸਾਨਾਂ ਨੂੰ ਧੇਲਾ ਦਿੱਤਾ, ਨਾ ਇਸ ਸਾਲ। ਸੋਚੋ, ਜਿਥੇ ਲਗਾਤਾਰ ਦੋ ਸਾਲ ਗੜੇਮਾਰੀ ਫ਼ਸਲਾਂ ਤਬਾਹ ਕਰ ਦੇਵੇ ਤਾਂ ਕਿਸਾਨਾਂ ਦਾ ਕੀ ਹਾਲ ਹੋਵੇਗਾ? ਕਣਕ ਦੇ ਘਟੇ ਝਾੜ ਦੀ ਚਿੰਤਾ ਕਿਉਂ ਨਹੀਂ? ਕੋਰੋਨਾ ਦੀ ਮਾਰ ਕਾਰਨ ਸਰਕਾਰ ਨੂੰ ਚਿੰਤਾ ਸਨਅਤ ਅਤੇ ਉਸ ਦੇ ਮਜ਼ਦੂਰਾਂ ਦੀ ਹੈ ਜਾਂ ਫਿਰ ਸਰਕਾਰੀ ਮਸ਼ੀਨਰੀ ਦੀ। ਠੀਕ ਹੈ ਜ਼ਰੂਰ ਕਰੋ। ਜਦੋਂ ਵੀ ਕਿਸੇ ਰਾਹਤ ਪੈਕੇਜ ਦੀ ਗੱਲ ਹੁੰਦੀ ਹੈ ਤਾਂ ਸਰਕਾਰ ਭਾਵੇਂ ਮੋਦੀ ਦੀ ਹੋਵੇ ਭਾਵੇਂ ਕੈਪਟਨ ਦੀ, ਕਿਸਾਨਾਂ ਦਾ ਕਿਤੇ ਨਾਂਅ ਨਿਸ਼ਾਨ ਨਹੀਂ ਹੁੰਦਾ। ਇਕ ਗੱਲ ਜ਼ਰੂਰ ਸਾਡੇ ਖਜ਼ਾਨਾ ਮੰਤਰੀ ਨੇ ਕਹੀ ਕਿ ਇਸ ਸਾਲ ਕਿਸਾਨ ਜੋ ਕਣਕ ਵੇਚ ਕੇ 30 ਹਜ਼ਾਰ ਕਰੋੜ ਵੱਟਣਗੇ, ਉਸ ਨਾਲ ਬਾਜ਼ਾਰ ਚੱਲੇਗਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਇਸ ਨਾਲ ਚੰਗਾ ਹੁਲਾਰਾ ਮਿਲੇਗਾ। ਇਹੋ ਆਸ ਮੋਦੀ ਸਰਕਾਰ ਨੂੰ ਵੀ ਹੈ ਖੇਤੀ ਤੋਂ। ਪਰ ਸਭ ਲਈ ਬੀਮਾ, ਮੋਟੀਆਂ ਤਨਖ਼ਾਹਾਂ, ਮੁਫ਼ਤ ਅੰਨ, ਸਬਜ਼ੀਆਂ, ਪਰ ਕਿਸਾਨਾਂ ਲਈ ਮੌਨ। ਦੇਸ਼ ਮੰਦਵਾੜੇ ਦੇ ਅੱਜ ਤੱਕ ਦੇ ਸਭ ਤੋਂ ਖ਼ਤਰਨਾਕ ਮੋੜ ਉੱਤੇ ਖੜਾ ਹੈ। ਦੇਸ਼ ਵਿਚ ਧਨ ਦੀ ਕਮੀ ਨਹੀਂ। ਦੇਸ਼ ਦੇ ਵੱਡੇ ਵਪਾਰਕ ਘਰਾਣਿਆਂ ਕੋਲ ਅਥਾਹ ਪੈਸਾ ਹੈ, ਜੋ ਵਿਦੇਸ਼ਾਂ ਵਿਚ ਜਾ ਰਿਹਾ ਹੈ। ਸਵਿੱਸ ਬੈਂਕ ਘੁਟਾਲੇ ਦੀ ਸੁਰ ਮੱਠੀ ਪੈਂਦਿਆਂ ਹੀ, ਇਹ ਘਰਾਣੇ ਵਿਦੇਸ਼ਾਂ ਵਿਚ ਨਿਵੇਸ਼ ਕਰਨ ਲਈ ਬੇਸ਼ੁਮਾਰ ਧਨ ਭਾਰਤ ਤੋਂ ਬਾਹਰ ਲਿਜਾ ਰਹੇ ਹਨ। ਸਰਕਾਰ ਨੂੰ ਦੇਸ਼ ਦੇ ਘੱਟੋ-ਘੱਟ 50 ਸਭ ਤੋਂ ਅਮੀਰ ਘਰਾਣਿਆਂ ਦੀ ਜਾਇਦਾਦ ਕੌਮੀਕ੍ਰਿਤ ਕਰ ਦੇਣੀ ਚਾਹੀਦੀ ਹੈ। ਦੇਸ਼ ਵਿਚ 6 ਕੁ ਲੱਖ ਲੋਕ ਹਨ, ਜੋ ਆਪਣੇ-ਆਪ ਨੂੰ ਵੀ.ਆਈ.ਪੀ. ਅਖਵਾਉਂਦੇ ਹਨ। ਉਹ ਸਾਰੇ ਲੋਕਾਂ ਦੇ ਟੈਕਸਾਂ ਉੱਤੇ ਬੋਝ ਬਣ ਕੇ ਸੁਰੱਖਿਆ ਛਤਰੀ ਲੈਂਦੇ ਹਨ, ਜਿਸ ਨਾਲ ਅਰਬਾਂ ਰੁਪਏ ਦਾ ਭਾਰ ਦੇਸ਼ ਉੱਤੇ ਪੈਂਦਾ ਹੈ। ਇਹ ਸੁਰੱਖਿਆ ਉਨਾਂ ਤੋਂ ਤੁਰੰਤ ਵਾਪਸ ਲੈ ਲੈਣੀ ਚਾਹੀਦੀ ਹੈ। ਦੇਸ਼ ਦੇ ਹਜ਼ਾਰਾਂ ਵਿਧਾਇਕ ਅਤੇ ਐਮ.ਪੀ. ਸਰਕਾਰੀ ਖਜ਼ਾਨੇ ਵਿਚੋਂ ਪੈਨਸ਼ਨਾਂ ਲੈਂਦੇ ਹਨ। ਕਈ ਤਾਂ ਸੱਤ ਜਾਂ ਅੱਠ ਪੈਨਸ਼ਨਾਂ ਲੈਂਦੇ ਹਨ। ਵਿਧਾਇਕਾਂ ਅਤੇ ਐਮ.ਪੀਆਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਉੱਤੇ ਆਮਦਨ ਕਰ ਵੀ ਸਰਕਾਰ ਅਦਾ ਕਰਦੀ ਹੈ। ਇਹ ਸਾਰੇ ਚੰਗੇ ਖਾਂਦੇ-ਪੀਂਦੇ ਅਮੀਰ ਲੋਕ ਹਨ, ਵੱਡੇ-ਵੱਡੇ ਕਾਰੋਬਾਰਾਂ ਦੇ ਮਾਲਕ ਹਨ। ਸਭ ਦੀਆਂ ਪੈਨਸ਼ਨਾਂ ਬੰਦ ਕਰਕੇ ਉਨਾਂ ਤੋਂ ਵੀ ਆਮ ਆਦਮੀ ਵਾਂਗ ਆਮਦਨ ਕਰ ਲੈਣਾ ਸ਼ੁਰੂ ਕੀਤਾ ਜਾਵੇ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੁਸਲਮਾਨਾਂ ਖਿਲਾਫ਼ ਨਫ਼ਰਤੀ ਵਾਇਰਸ

- ਪ੍ਰੋ. ਬਲਵਿੰਦਰਪਾਲ ਸਿੰਘ

ਪੂਰਾ ਭਾਰਤ ਕੋਰੋਨਾ ਵਾਇਰਸ ਦੀ ਮਹਾਂਮਾਰੀ ਕਾਰਨ ਤਾਲਾਬੰਦੀ ਤੇ ਕਰਫਿਊ ਵਿਚ ਘਿਰਿਆ ਹੋਇਆ ਹੈ, ਪਰ ਨਫਰਤੀ ਵਾਇਰਸ ਭਾਰਤ ਦੇ ਮੁਸਲਮਾਨਾਂ ਲਈ ਇੱਕ ਵੱਡਾ ਖ਼ਤਰਾ ਬਣ ਗਿਆ ਹੈ। ਇਹ ਨਫ਼ਰਤੀ ਵਾਇਰਸ ਭਗਵੇਂਵਾਦੀਆਂ ਤੇ ਗੋਦੀ ਮੀਡੀਏ ਵਲੋਂ ਮੁਸਲਮਾਨ ਵਿਰੁਧ ਫੈਲਾਇਆ ਜਾ ਰਿਹਾ ਹੈ। ਇਹ ਵਾਇਰਸ ਮੁਸਲਮਾਨਾਂ ਲਈ ਖਤਰਨਾਕ ਕਿਸਮ ਦੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ, ਜਿਸ ਕਾਰਨ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਅਪਮਾਨ ਤੇ ਸਮਾਜਿਕ ਬਾਈਕਾਟ ਦਾ ਸਾਹਮਣਾ ਕਰ ਰਹੇ ਹਨ। ਜਦੋਂ 2014 ਦੌਰਾਨ ਮੋਦੀ ਸਰਕਾਰ ਆਈ ਹੈ, ਉਸ ਤੋਂ ਬਾਅਦ ਉਨਾਂ ਨੂੰ ਗਊ ਰੱਖਿਆ, ਲਵ ਜਿਹਾਦ ਦੇ ਨਾਮ 'ਤੇ ਭਗਵੀਂ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਸੀ। ਹੁਣੇ ਜਿਹੇ ਦਿੱਲੀ ਹਿੰਸਾ ਦੌਰਾਨ ਉਨਾਂ ਦੇ ਘਰ ਫੂਕੇ ਗਏ, ਕਾਤਲਾਨਾ ਹਮਲਿਆਂ ਦਾ ਸ਼ਿਕਾਰ ਹੋਏ, ਪਰ ਉਲਟਾ ਕੇਸ ਵੀ ਉਨਾਂ ਉੱਪਰ ਦਰਜ ਹੋਏ ਹਨ।

2019 ਵਿੱਚ ਸੱਤਾ ਵਿੱਚ ਪਰਤਣ ਤੋਂ ਬਾਅਦ, ਮੋਦੀ ਸਰਕਾਰ ਨੇ ਮੁਸਲਮਾਨਾਂ ਉੱਤੇ ਕਈ ਸੰਵਿਧਾਨਕ ਅਤੇ ਕਾਨੂੰਨੀ ਹਮਲੇ ਕੀਤੇ। ਧਾਰਾ 370 ਨੂੰ ਕਸ਼ਮੀਰ ਤੋਂ ਹਟਾਉਣਾ ਅਤੇ ਇਸ ਨੂੰ ਮਹੀਨਿਆਂ ਤੱਕ ਕੈਦ ਵਿੱਚ ਰੱਖਣਾ, ਤਿੰਨ ਤਲਾਕ ਨੂੰ ਅਪਰਾਧੀ ਕਰਾਰ ਦੇਣਾ ਤੇ ਰਾਮ ਮੰਦਰ ਬਣਾਉਣ ਦੇ ਫੈਸਲੇ ਨੇ ਮੁਸਲਮਾਨਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ। ਐਨਆਰਸੀ ਅਤੇ ਸਿਟੀਜ਼ਨਸ਼ਿਪ ਸੋਧ ਐਕਟ ਵਿਰੁੱਧ ਪ੍ਰਦਰਸ਼ਨਾਂ ਨੇ ਮੁਸਲਮਾਨਾਂ ਨੂੰ ਆਪਸੀ ਭਾਈਚਾਰਕ ਸਾਂਝ ਅਤੇ ਉਮੀਦ ਦੀ ਕਿਰਨ ਦਿਖਾਈ ਸੀ। ਇਨਾਂ ਪ੍ਰਦਰਸ਼ਨਾਂ ਵਿਚ ਬਹੁਜਨ ਸਮਾਜ ਤੇ ਘੱਟ ਗਿਣਤੀਆਂ ਤੇ ਨਿਰਪੱਖ ਸੋਚਣੀ ਵਾਲੇ ਲੋਕ ਮੁਸਲਮਾਨ ਭਾਈਚਾਰੇ ਦੀ ਪਿੱਠ 'ਤੇ ਖਲੋਂ ਗਏ ਸਨ। ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਆਪਣੇ ਹੀ ਮੁਸਲਿਮ ਨਾਗਰਿਕਾਂ ਨਾਲ ਬੇਇਨਸਾਫੀ ਕੀਤੀ ਗਈ ਹੈ। ਪੁਲੀਸ ਦੁਆਰਾ ਵੀ ਥਾਂ-ਥਾਂ 'ਤੇ ਉਨਾਂ ਦੀ ਕੁੱਟਮਾਰ ਹੋਈ ਹੈ। ਜਦੋਂ ਕੋਰੋਨਾ ਸੰਕਟ ਆਇਆ ਤਾਂ ਉਨਾਂ ਨੂੰ ਭਗਵੇਂ ਮੀਡੀਆ ਵੱਲੋਂ ਕੋਰੋਨਾ ਬੰਬ ਬਨਾਮ ਜਿਹਾਦੀ ਬੰਬ ਵਜੋਂ ਪੇਸ਼ ਕੀਤਾ ਗਿਆ ਅਤੇ ਵਟਸਐਪ ਗਰੁੱਪਾਂ ਰਾਹੀਂ ਉਨਾਂ ਵਿਰੁਧ ਨਫ਼ਰਤੀ ਪ੍ਰਚਾਰ ਕੀਤਾ ਗਿਆ।

ਹੁਣੇ ਜਿਹੇ ਇਨੀਂ ਦਿਨੀਂ ਹੀ ਜੰਮੂ-ਕਸ਼ਮੀਰ ਦੇ ਤਿੰਨ ਪੱਤਰਕਾਰਾਂ ਉੱਤੇ ਵੀ ਯੂ ਏ ਪੀ ਏ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਨਾਂ ਵਿੱਚ ਜੰਮੂ-ਕਸ਼ਮੀਰ ਦੀ ਫਰੀਲਾਂਸ ਫੋਟੋ ਜਰਨਲਿਸਟ ਮਸੱਰਤ ਜਾਹਰਾ, 'ਦਾ ਹਿੰਦੂ' ਦੇ ਪੱਤਰਕਾਰ ਪੀਰਜ਼ਾਦਾ ਅਸ਼ਿਕ ਤੇ ਇੱਕ ਹੋਰ ਪੱਤਰਕਾਰ ਗੌਹਰ ਗਿਲਾਨੀ ਸ਼ਾਮਲ ਹਨ। ਫੋਟੋ ਜਰਨਲਿਸਟ ਮਸੱਰਤ ਜਾਹਰਾ ਉੱਤੇ ਇੱਕ ਫੋਟੋ ਕੈਪਸ਼ਨ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਵਿੱਚ ਲਿਖਿਆ ਗਿਆ ਹੈ, "ਕਸ਼ਮੀਰ ਦੇ ਸ਼ੀਆ ਮੁਸਲਮਾਨਾਂ ਨੂੰ ਹਿਜ਼ਬੁਲ ਮੁਜ਼ਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੀ ਫੋਟੋ ਲਿਜਾਂਦੇ ਦੇਖਿਆ ਗਿਆ।" ਇਸ ਤੋਂ ਪਹਿਲਾਂ ਯੂ ਪੀ ਦੇ ਡਾ. ਕਫ਼ੀਲ ਖਾਨ ਦੀ ਜਦੋਂ ਅਦਾਲਤ ਨੇ ਜ਼ਮਾਨਤ ਮਨਜ਼ੂਰ ਕਰ ਲਈ ਤਾਂ ਯੋਗੀ ਸਰਕਾਰ ਵੱਲੋਂ ਰਾਤੋ-ਰਾਤ ਉਸ ਉੱਤੇ ਨੈਸ਼ਨਲ ਸਕਿਉਰਿਟੀ ਐਕਟ ਲਾ ਕੇ ਉਸ ਨੂੰ ਦੁਬਾਰਾ ਜੇਲ ਵਿਚ ਭੇਜ ਦਿੱਤਾ ਹੈ। ਇਸ ਤਰਾਂ ਮੁਸਲਮ ਪੱਤਰਕਾਰ ਭਾਈਚਾਰਾ ਤੇ ਮੁਸਲਿਮ ਬੁੱਧੀਜੀਵੀ ਕਾਲੇ ਕਾਨੂੰਨਾਂ ਦੇ ਸ਼ਿਕਾਰ ਹੋ ਰਹੇ ਹਨ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਸੈਕੂਲਰ ਧਿਰ ਨੇ ਇਨਾਂ ਗ੍ਰਿਫ਼ਤਾਰੀਆਂ ਵਿਰੁੱਧ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ।

ਹੁਣੇ ਜਿਹੇ ਉੱਤਰ ਪ੍ਰਦੇਸ਼ ਤੋਂ ਭਾਜਪਾ ਦੇ ਵਿਧਾਇਕ ਸੁਰੇਸ਼ ਤਿਵਾੜੀ ਨੇ ਕਿਹਾ ਹੈ ਕਿ ਕਿਸੇ ਵੀ ਕਿਸੇ ਹਿੰਦੂ ਨੂੰ ਮੁਸਲਮਾਨਾਂ ਤੋਂ ਸਬਜ਼ੀਆਂ ਨਹੀਂ ਖਰੀਦਣੀਆਂ ਚਾਹੀਦੀਆਂ। ਤਿਵਾੜੀ ਦਿਉਰੀਆ ਜ਼ਿਲੇ ਦੀ ਬਾਰਜ ਵਿਧਾਨ ਸਭਾ ਸੀਟ ਤੋਂ ਵਿਧਾਇਕ ਹਨ। ਕਿਹਾ ਜਾਂਦਾ ਹੈ ਕਿ ਇਸ ਸਮੇਂ ਦੌਰਾਨ ਕੁਝ ਸਰਕਾਰੀ ਅਧਿਕਾਰੀ ਵੀ ਮੌਜੂਦ ਸਨ। ਅੰਗ੍ਰੇਜ਼ੀ ਅਖਬਾਰ 'ਦਿ ਇੰਡੀਅਨ ਐਕਸਪ੍ਰੈਸ' ਦੇ ਅਨੁਸਾਰ, ਤਿਵਾੜੀ ਨੇ ਕਿਹਾ ਕਿ "ਮੈਂ ਸ਼ਿਕਾਇਤਾਂ ਸੁਣੀਆਂ ਕਿ ਮੁਸਲਮ ਭਾਈਚਾਰੇ ਦੇ ਲੋਕ ਸਬਜ਼ੀਆਂ ਨੂੰ ਆਪਣੇ ਥੁੱਕਣ ਨਾਲ ਕੋਰੋਨਾ ਵਾਇਰਸ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਤੋਂ ਬਾਅਦ ਮੈਂ ਲੋਕਾਂ ਨੂੰ ਉਨਾਂ ਤੋਂ ਸਬਜ਼ੀਆਂ ਨਾ ਖਰੀਦਣ ਦੀ ਸਲਾਹ ਦਿੱਤੀ।" ਅਖਬਾਰ ਦੇ ਅਨੁਸਾਰ ਵਿਧਾਇਕ ਨੇ ਕਿਹਾ ਕਿ ਤਬਲੀਗੀ ਜਮਾਤ ਦੇ ਲੋਕਾਂ ਨੇ ਦੇਸ਼ ਵਿਚ ਕੀ ਕੀਤਾ ਹੈ। ਇਹ ਹਰੇਕ ਕੋਈ ਜਾਣਦਾ ਹੈ। ਕੋਰੋਨਾ ਵਾਇਰਸ ਫੈਲਾਉਣ ਵਾਲੇ ਇਹੀ ਲੋਕ ਹਨ।

ਇਸ ਤੋਂ ਸਾਫ ਜ਼ਾਹਿਰ ਹੈ ਕਿ ਭਾਜਪਾ ਆਰ ਐਸ ਐਸ ਦੇ ਏਜੰਡੇ ਤਹਿਤ ਮੁਸਲਮਾਨਾਂ ਖਿਲਾਫ਼ ਨਫਰਤ ਫੈਲਾ ਰਹੀ ਹੈ। ਭਾਰਤ ਵਿਚ ਇਸਲਾਮਫੋਬੀਆ ਦੀਆਂ ਵਧ ਰਹੀਆਂ ਘਟਨਾਵਾਂ ਨੂੰ ਲੈ ਕੇ ਇਸਲਾਮਿਕ ਦੇਸ਼ਾਂ ਦੇ ਇਕ ਸਮੂਹ ਵਲੋਂ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ। ਮੁਸਲਮ ਦੇਸ਼ਾਂ ਦੀ ਜਥੇਬੰਦੀ 'ਓ ਆਈ ਸੀ' ਨੇ ਇਸ ਨੂੰ ਇਸਲਾਮੋਫੋਬੀਆ ਕਰਾਰ ਦਿੰਦਿਆਂ ਇਸ ਤਰਾਂ ਦੇ ਪ੍ਰਚਾਰ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਭਾਰਤ ਸਰਕਾਰ ਮੁਸਲਮਾਨਾਂ ਨਾਲ ਉਹੋ ਜਿਹਾ ਸਲੂਕ ਕਰ ਰਹੀ ਹੈ, ਜਿਹੋ ਜਿਹਾ ਜਰਮਨੀ ਵਿਚ ਯਹੂਦੀਆਂ ਨਾਲ ਕੀਤਾ ਗਿਆ। ਸਰਕਾਰ ਨੇ ਇਨਾਂ ਦੇ ਬਿਆਨਾਂ ਨੂੰ ਅਣਗੌਲਿਆਂ ਕਰ ਦੇਣਾ ਸੀ, ਪਰ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੀ ਸ਼ਹਿਜ਼ਾਦੀ ਨੇ ਇਸ ਨੂੰ ਸੈਕੂਲਰਿਜ਼ਮ ਚੇਤੇ ਕਰਾ ਦਿੱਤਾ। ਉਥੇ ਰਹਿੰਦੇ ਇਕ ਭਾਰਤੀ ਨੇ ਟਵੀਟ ਕਰਕੇ ਦੋਸ਼ ਲਾਇਆ ਸੀ ਕਿ ਭਾਰਤ ਵਿਚ ਕੋਰੋਨਾ ਵਾਇਰਸ ਲਈ ਤਬਲੀਗੀ ਜ਼ਿੰਮੇਵਾਰ ਹਨ। ਉਸ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਦੁਬਈ ਵਰਗੇ ਸ਼ਹਿਰ ਨੂੰ ਵੀ ਹਿੰਦੂਆਂ ਨੇ ਬਣਾਇਆ ਸੀ। ਇਸ 'ਤੇ ਸ਼ਹਿਜ਼ਾਦੀ ਹੇਂਦ ਫੈਸਲ ਅਲ ਕਾਸਿਮੀ ਨੇ ਜਵਾਬ ਦਿੱਤਾ ਕਿ ਯੂ ਏ ਈ ਵਿਚ ਅਜਿਹੀ ਹਰਕਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭਾਰਤ ਸ਼ਾਹੀ ਪਰਿਵਾਰ ਦਾ ਦੋਸਤ ਹੈ, ਪਰ ਅਜਿਹੀਆਂ ਗੱਲਾਂ ਨਹੀਂ ਚੱਲਣਗੀਆਂ। ਇਥੇ ਸਾਰੇ ਵਰਕਰਾਂ ਨੂੰ ਪੈਸਾ ਮਿਲਦਾ ਹੈ, ਕੋਈ ਮੁਫਤ ਕੰਮ ਨਹੀਂ ਕਰਦਾ।

ਭਾਰਤ ਨੇ ਇਨਾਂ ਦੇਸ਼ਾਂ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਫਿਰ ਵੀ ਮੁਸਲਮਾਨ ਭਾਈਚਾਰੇ ਖਿਲਾਫ਼ ਅਜਿਹੇ ਨਫ਼ਰਤੀ ਬਿਆਨ ਲਗਾਤਾਰ ਆ ਰਹੇ ਹਨ। ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਜਪਾ ਆਗੂਆਂ ਦੇ ਮੁਸਲਮਾਨਾਂ ਪ੍ਰਤੀ ਜ਼ਹਿਰੀਲੇ ਪ੍ਰਚਾਰ ਨਾਲ ਪਾਰਟੀ ਨੂੰ ਫਿਰਕੂ ਆਧਾਰ 'ਤੇ ਵੋਟਾਂ ਤਾਂ ਮਿਲ ਸਕਦੀਆਂ ਹਨ, ਪਰ ਇਹ ਅਰਬ ਦੇਸ਼ਾਂ ਵਿਚ ਰਹਿੰਦੇ ਇੱਕ ਕਰੋੜ ਤੋਂ ਵੀ ਵੱਧ ਭਾਰਤੀਆਂ ਦੀਆਂ ਨੌਕਰੀਆਂ ਖਤਰੇ ਵਿਚ ਪੈ ਸਕਦੀਆਂ ਹਨ।

ਇੱਥੇ ਜ਼ਿਕਰਯੋਗ ਹੈ ਕਿ 13 ਮਾਰਚ ਤੋਂ 15 ਮਾਰਚ ਦੇ ਵਿਚਾਲੇ ਮੁਸਲਮਾਨਾਂ ਦੇ ਤਬਲੀਗੀ ਭਾਈਚਾਰੇ ਨੇ ਦਿੱਲੀ ਦੇ ਨਿਜ਼ਾਮੂਦੀਨ ਖੇਤਰ ਵਿੱਚ ਮਾਰਕਾਜ਼ ਦਾ ਆਯੋਜਨ ਕੀਤਾ। ਇਸ ਵਿਚ ਮਲੇਸ਼ੀਆ ਤੇ ਇੰਡੋਨੇਸ਼ੀਆ ਵਰਗੇ ਕਈ ਦੇਸ਼ਾਂ ਤੋਂ ਮੁਸਲਮਾਨ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਹਰ ਸਾਲ ਦੀ ਤਰਾਂ ਪਹੁੰਚੇ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਘਟਨਾ ਬਹੁਤ ਨੁਕਸਾਨਦੇਹ ਸਾਬਤ ਹੋਈ। ਹਾਲਾਂਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਨਿਜ਼ਾਮੂਦੀਨ ਵਿੱਚ ਇਸ ਸਮਾਗਮ ਤੋਂ ਪਹਿਲਾਂ ਤਬਲੀਗੀ ਜਮਾਤ ਨੇ ਦਿੱਲੀ ਤੇ ਕੇਂਦਰ ਸਰਕਾਰ ਤੋਂ ਇਜਾਜ਼ਤ ਲਈ ਸੀ। ਜਦੋਂ ਲਾਕਡਾਊਨ ਕੀਤਾ ਗਿਆ ਤਾਂ ਇਨਾਂ ਨੂੰ ਆਪਣੇ ਘਰਾਂ ਵਿਚ ਭੇਜਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਸ ਦਾ ਸਾਫ ਅਰਥ ਹੈ ਕਿ ਇਸ ਦੇ ਲਈ ਦਿੱਲੀ ਪ੍ਰਸ਼ਾਸ਼ਣ ਜ਼ਿੰਮੇਵਾਰ ਹੈ। ਪਰ ਗੋਦੀ ਮੀਡੀਆ ਨੇ ਇਨਾਂ ਤੱਥਾਂ ਤੋਂ ਮੂੰਹ ਫੇਰ ਕੇ ਸਿਰਫ਼ ਤਬਲੀਗੀ ਸਮਾਜ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ।

ਅੱਜ ਕੋਰੋਨਾ ਮਹਾਂਮਾਰੀ ਵਿਚ, ਜਦੋਂ ਪੂਰਾ ਭਾਰਤ ਆਰਥਿਕ ਸੰਕਟ, ਬੇਰੁਜ਼ਗਾਰੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਤਾਂ ਉਸ ਸਮੇਂ ਦੌਰਾਨ ਭਗਵੇਂਵਾਦੀ ਤੇ ਗੋਦੀ ਮੀਡੀਆ ਦੰਗਿਆਂ ਦੀ ਰਾਜਨੀਤੀ ਦੀ ਨਫ਼ਰਤੀ ਸਿਆਸਤ ਖੇਡ ਰਿਹਾ ਹੈ। ਮੋਦੀ ਸਰਕਾਰ ਨੇ ਤਬਲੀਗੀ ਜਮਾਤ ਦੇ ਮਾਮਲੇ ਵਿਚ ਪੱਖਪਾਤੀ ਰਵੱਈਆ ਅਪਣਾਇਆ। ਜਦ ਕਿ ਤਬਲੀਗੀ ਜਮਾਤ ਦੇ 25,000 ਵਿਅਕਤੀਆਂ ਨੂੰ ਹਸਪਤਾਲਾਂ ਵਿਚ ਡਾਕਟਰਾਂ ਦੀ ਨਿਗਰਾਨੀ ਵਿਚ ਰੱਖਿਆ ਗਿਆ, ਪਰ ਦੂਜੇ ਪਾਸੇ ਬਹੁਗਿਣਤੀ ਭਾਈਚਾਰੇ ਦੇ ਧਾਰਮਿਕ ਤੇ ਰਾਜਨੀਤਿਕ ਸਮਾਗਮਾਂ ਦੀ ਕੋਈ ਜਾਂਚ ਨਹੀਂ ਹੋਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਸਮੇਤ ਸੱਤਾਧਾਰੀ ਪਾਰਟੀ ਦੇ ਵੱਡੇ ਆਗੂ ਕੋਰੋਨਾ ਸੰਕਟ ਦੌਰਾਨ ਰਾਜਨੀਤਕ ਤੇ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੁੰਦੇ ਰਹੇ। ਸੋਸ਼ਲ ਮੀਡੀਆ 'ਤੇ, ਭਾਜਪਾ ਦੇ ਬਦਨਾਮ ਆਈ.ਟੀ. ਸੈੱਲ ਨੇ ਜਾਅਲੀ ਵੀਡੀਓ ਲਗਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੁਸਲਮਾਨ ਜਾਣ ਬੁੱਝ ਕੇ ਕੋਰੋਨਾ ਵਾਇਰਸ ਫੈਲਾ ਰਹੇ ਹਨ। ਬਹੁਤ ਸਾਰੀਆਂ ਵਾਇਰਲ ਹੋਈਆਂ ਝੂਠੀਆਂ ਵਿਡੀਓਜ਼ ਵਿੱਚ ਦਿਖਾਇਆ ਗਿਆ ਕਿ ਮੁਸਲਮਾਨ ਦੁਕਾਨਦਾਰ ਫਲਾਂ ਤੇ ਸਬਜ਼ੀਆਂ ਵਿੱਚ ਥੁੱਕ ਰਹੇ ਹਨ ਅਤੇ ਕੋਰੋਨਾ ਦੇ ਵਾਇਰਸ ਨੂੰ ਫੈਲਾਉਣ ਲਈ ਦੂਜੇ ਧਰਮਾਂ ਦੇ ਲੋਕਾਂ ਦੇ ਅੱਗੇ ਜ਼ਬਰਦਸਤੀ ਖੰਘ ਰਹੇ ਹਨ।

ਭਗਵਿਆਂ ਵਲੋਂ ਫੈਲਾਈ ਜਾ ਰਹੀ ਨਫ਼ਰਤ ਕਾਰਨ ਮੁਸਲਮਾਨਾਂ ਨੂੰ ਸਾਮਾਜਿਕ ਬਾਈਕਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮਾਨ ਵੇਚਣ ਵਾਲੇ ਰੇਹੜੀ ਵਾਲੇ ਮੁਸਲਮਾਨਾਂ ਨੂੰ ਮੁਹੱਲਿਆ ਵਿਚ ਨਹੀਂ ਵੜਨ ਦਿੱਤਾ ਜਾ ਰਿਹਾ ਤੇ ਆਧਾਰ ਕਾਰਡ ਦਿਖਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਇਸ ਕਾਰਨ ਤਬਲੀਗੀ ਜਮਾਤ ਨਾਲ ਜੁੜੇ ਘੱਟੋ ਘੱਟ ਦੋ ਲੋਕਾਂ ਨੇ ਇਸ ਕਾਰਨ ਖੁਦਕੁਸ਼ੀ ਵੀ ਕੀਤੀ। ਦਿਲਸ਼ਾਦ ਮੁਹੰਮਦ ਤਬਲੀਗੀ, 38, ਉਨਾ ਜ਼ਿਲੇ ਦਾ ਰਹਿਣ ਵਾਲਾ ਸੀ, ਜਮਾਤ ਵਿੱਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਪਰਤਿਆ ਸੀ। ਜਾਂਚ ਵਿਚ, ਉਹ ਕੋਰੋਨਾ ਨਕਾਰਾਤਮਕ ਪਾਇਆ ਗਿਆ, ਫਿਰ ਵੀ ਉਸ ਨੇ ਤਾਅਨੇ ਮਾਰਨ ਅਤੇ ਗੁਆਂਢੀਆਂ ਵਲੋਂ ਤੰਗ ਕੀਤੇ ਜਾਣ ਕਰਨ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ। ਕੁਝ ਦਿਨਾਂ ਬਾਅਦ, ਅਸਾਮ ਦੇ ਇੱਕ 30 ਸਾਲਾ ਨੌਜਵਾਨ ਨੇ ਮਹਾਰਾਸ਼ਟਰ ਦੇ ਇੱਕ ਹਸਪਤਾਲ ਵਿੱਚ ਖੁਦਕੁਸ਼ੀ ਕਰ ਲਈ। ਇਹ ਨੌਜਵਾਨ ਤਬਲੀਗੀ ਜਮਾਤ ਦੇ ਸਮਾਗਮ ਵਿਚ ਸ਼ਾਮਲ ਸੀ ਤੇ ਕੋਰੋਨਾ ਵਾਇਰਸ ਨਾਲ ਸੰਕਰਮਿਤ ਪਾਇਆ ਗਿਆ। ਤਬਲੀਗੀ ਜਮਾਤ ਦੇ ਨਾਲ, ਆਮ ਮੁਸਲਮਾਨਾਂ 'ਤੇ ਹਮਲੇ ਹੋਏ ਸਨ, ਪਰ ਸ਼ਾਇਦ ਹੀ ਕਿਸੇ ਗੋਦੀ ਮੀਡੀਆ ਚੈਨਲਾਂ ਨੇ ਇਸ ਦਾ ਵਿਰੋਧ ਕੀਤਾ ਹੋਵੇ।

ਅਰੁਣਾਚਲ ਪ੍ਰਦੇਸ਼ ਵਿੱਚ ਮੁਸਲਮਾਨ ਟਰੱਕ ਡਰਾਈਵਰ ਦੀ ਮੌਤ ਹੋ ਗਈ। ਹਰਿਆਣਾ ਦੇ ਗੁਰੂਗ੍ਰਾਮ ਦੇ ਪਿੰਡ ਧਨਕੋਟ ਵਿੱਚ ਅਣਪਛਾਤੇ ਲੋਕਾਂ ਨੇ ਇੱਕ ਮਸਜਿਦ 'ਤੇ ਹਮਲਾ ਕੀਤਾ।

ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜ਼ਫ਼ਰੂਲ ਇਸਲਾਮ ਦੇ ਅਨੁਸਾਰ 200 ਲੋਕਾਂ ਦੀ ਭੀੜ ਨੇ ਉੱਤਰ ਪੱਛਮੀ ਦਿੱਲੀ ਦੇ ਮੁਕੇਲਪੁਰ ਵਿੱਚ ਇੱਕ ਮਸਜਿਦ ਤੇ ਹਮਲਾ ਕੀਤਾ।

ਦਿ ਕੁਇੰਟ ਦੀ ਰਿਪੋਰਟ ਦੇ ਅਨੁਸਾਰ ਕਰਨਾਟਕ ਦੇ ਕਈ ਹਿੱਸਿਆਂ ਵਿੱਚ ਮੁਸਲਮਾਨਾਂ ਉੱਤੇ ਹਮਲੇ ਹੋਏ ਸਨ। ਬਾਗਲਕੋਟ ਜ਼ਿਲੇ ਦੇ ਬਿਡਾਰੀ ਪਿੰਡ ਵਿਚ ਕ੍ਰਿਸ਼ਨਾ ਨਦੀ ਦੇ ਕਿਨਾਰੇ ਇਕ ਮੁਸਲਮਾਨ ਮਛੇਰੇ ਉੱਪਰ ਹਮਲਾ ਕੀਤਾ ਗਿਆ। ਇਸ ਹਮਲੇ ਦੀ ਵੀਡੀਓ ਵਿਚ ਭਗਵੇਂਵਾਦੀ ਹਮਲਾਵਰਾਂ ਨੇ ਕਿਹਾ, 'ਤੁਸੀਂ ਲੋਕ (ਮੁਸਲਮਾਨ) ਇਸ ਬਿਮਾਰੀ ਨੂੰ ਫੈਲਾ ਰਹੇ ਹੋ।'

ਇਸੇ ਜ਼ਿਲੇ ਦੇ ਕੜਕੋਰੱਪਾ ਪਿੰਡ ਵਿਚ ਇਕ ਭੀੜ ਨੇ ਮਸਜਿਦ ਵਿਚ ਨਮਾਜ਼ ਅਦਾ ਕਰ ਰਹੇ ਮੁਸਲਮਾਨਾਂ 'ਤੇ ਹਮਲਾ ਕਰ ਦਿੱਤਾ। 5 ਅਪ੍ਰੈਲ ਦੀ ਰਾਤ ਨੂੰ, ਪ੍ਰਧਾਨ ਮੰਤਰੀ ਦੀ ਅਪੀਲ 'ਤੇ ਲਾਈਟਾਂ ਬੰਦ ਨਾ ਕਰਨ ਲਈ ਬੇਲਗਾਵੀ ਪਿੰਡ ਵਿੱਚ ਦੋ ਹੋਰ ਮਸਜਿਦਾਂ ਉੱਤੇ ਹਮਲਾ ਕੀਤਾ ਗਿਆ। ਅਸਾਮ ਅਤੇ ਕਰਨਾਟਕ ਵਰਗੇ ਰਾਜਾਂ ਦੇ ਪਿੰਡਾਂ ਵਿੱਚ ਮੁਸਲਮਾਨਾਂ ਦੇ ਦਾਖਲੇ ਨੂੰ ਰੋਕਣ ਵਾਲੇ ਪੋਸਟਰ ਵੀ ਲਗਾਏ ਗਏ ਸਨ।

ਕੀ ਸਿਰਫ ਤਬਲੀਗੀ ਕੋਰੋਨੋ ਲਈ ਜ਼ਿੰਮੇਵਾਰ ਨੇ ?

ਆਓ ਜਾਣਦੇ ਹਾਂ ਉਨਾਂ ਹੋਰਨਾਂ ਸਮਾਗਮਾਂ ਬਾਰੇ ਜੋ ਦੇਸ਼ ਦੇ ਅੰਦਰ ਕੋਰੋਨਾ ਵਾਇਰਸ ਫੈਲਣ ਦਾ ਕਾਰਨ ਹੋ ਸਕਦੇ ਹਨ, ਪਰ ਬਦਨਾਮ ਸਿਰਫ ਤਬਲੀਗੀ ਭਾਈਚਾਰੇ ਨੂੰ ਕੀਤਾ ਜਾ ਰਿਹਾ ਹੈ-

1. ਨਮਸਤੇ ਟਰੰਪ ਦਾ ਆਯੋਜਨ 24 ਫਰਵਰੀ 2020 ਨੂੰ ਅਹਿਮਦਾਬਾਦ ਦੇ ਮੋਤੇਰਾ ਸਟੇਡੀਅਮ ਵਿਖੇ ਹੋਇਆ ਸੀ। ਇਸ ਸਮਾਗਮ ਦਾ ਆਯੋਜਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੁਜਰਾਤ ਫੇਰੀ ਦੌਰਾਨ ਕੀਤਾ ਗਿਆ ਸੀ, ਜਿਸ ਵਿੱਚ ਤਕਰੀਬਨ ਇੱਕ ਲੱਖ ਲੋਕ ਸ਼ਾਮਲ ਹੋਏ ਸਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ 30 ਜਨਵਰੀ ਨੂੰ ਦੇਸ਼ ਅੰਦਰ ਕੋਰਾਨਾ ਵਾਇਰਸ ਦਾ ਪਹਿਲਾ ਕੇਸ ਪਾਇਆ ਗਿਆ ਸੀ। ਗੁਜਰਾਤ ਵਿੱਚ ਪਹਿਲਾਂ ਕੇਸ ਮਾਰਚ ਵਿੱਚ ਲੱਭਿਆ ਗਿਆ ਸੀ। ਪਰ ਇਹ ਸਮਾਗਮ ਸੰਭਾਵਤ ਤੌਰ 'ਤੇ ਵੱਡੀ ਆਬਾਦੀ ਲਈ ਕਿੰਨਾ ਵੱਡਾ ਘਾਤਕ ਹੋ ਸਕਦਾ ਹੈ। ਇਸ ਨੂੰ ਗਲਤ ਕਿਉਂ ਨਹੀਂ ਠਹਿਰਾਇਆ ਜਾ ਰਿਹਾ ?

2. 25 ਫਰਵਰੀ ਨੂੰ, ਈਸ਼ਾ ਫਾਉਂਡੇਸ਼ਨ ਦੇ ਸੰਸਥਾਪਕ ਸਦਗੁਰੂ ਗੁਰੂ ਜੱਗੀ ਵਾਸੁਦੇਵ ਦੁਆਰਾ ਆਯੋਜਿਤ ਮਹਾਂ ਸ਼ਿਵਰਾਤਰੀ ਪ੍ਰੋਗਰਾਮ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ। ਉਨਾਂ ਸਾਰੇ ਲੋਕਾਂ ਦੀ ਵੀ ਜਾਂਚ ਹੋਣੀ ਚਾਹੀਦੀ ਸੀ। ਫਿਰਕੂ ਮੀਡੀਆ ਇਸ ਬਾਰੇ ਕਿਉਂ ਚੁੱਪ ਹੈ ?

3. ਇੰਟਰਨੈਸ਼ਨਲ ਬਿਜਨੈਸ ਟਾਈਮਜ਼ ਮੀਡੀਆ ਦੀ ਰਿਪੋਰਟ ਦੇ ਅਨੁਸਾਰ, 20 ਮਾਰਚ ਦੌਰਾਨ ਮੱਧ ਪ੍ਰਦੇਸ਼ ਦੇ ਮੋਰੈਨਾ ਜ਼ਿਲੇ ਵਿੱਚ ਇੱਕ ਸ਼ਰਾਧ ਸਮਾਰੋਹ ਵਿੱਚ 800 ਹਿੰਦੂ ਭਾਈਚਾਰੇ ਦੇ ਸ਼ਾਮਲ ਹੋਏ। ਇਸ ਇਕੱਠ ਵਿੱਚ ਸ਼ਾਮਲ ਹੋਏ 12 ਲੋਕ ਕੋਰੋਨਾ ਵਾਇਰਸ ਦੇ ਸ਼ਿਕਾਰ ਹੋਏ। ਇਨਾਂ ਵਿੱਚੋਂ 33 ਵਿਅਕਤੀਆਂ ਨੂੰ ਅਲੱਗ-ਅਲੱਗ ਰੱਖਿਆ ਗਿਆ ਸੀ। ਹਾਲਾਂਕਿ, ਇਕ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਸੀ ਕਿ ਸੰਕਰਮਿਤ ਲੋਕਾਂ ਦੀ ਗਿਣਤੀ ਇਸ ਤੋਂ ਵੀ ਜ਼ਿਆਦਾ ਹੋ ਸਕਦੀ ਹੈ। ਪਰ ਭਗਵਾਂ ਮੀਡੀਆ ਚੁੱਪ ਹੈ।

4. ਕੋਰੋਨਾ ਵਾਇਰਸ ਦੀ ਸ਼ਿਕਾਰ ਗਾਇਕਾ ਕਨਿਕਾ ਕਪੂਰ, ਜੋ ਲੰਡਨ ਤੋਂ ਭਾਰਤ ਵਾਪਸ ਆਈ ਸੀ, ਨੂੰ ਆਪਣੇ ਯਾਤਰਾ ਦਾ ਇਤਿਹਾਸ ਲੁਕਾਉਣ ਲਈ ਵੱਡੀ ਅਲੋਚਨਾ ਦਾ ਸਾਹਮਣਾ ਕਰਨਾ ਪਿਆ। ਲੰਡਨ ਤੋਂ ਵਾਪਸ ਆਉਣ ਤੋਂ ਬਾਅਦ, ਉਸ ਨੇ ਇੱਕ ਵੱਡੀ ਪਾਰਟੀ ਦੀ ਮੇਜ਼ਬਾਨੀ ਕੀਤੀ ਜਿਸ ਵਿੱਚ ਰਾਜਨੇਤਾ ਸਮੇਤ ਬਹੁਤ ਸਾਰੇ ਲੋਕਾਂ ਦੀ ਮੌਜੂਦਗੀ ਵੇਖੀ ਗਈ। ਹਾਲਾਂਕਿ, ਐਨਡੀਟੀਵੀ ਦੇ ਅਨੁਸਾਰ, ਜਾਂਚ ਦੇ ਬਾਅਦ ਸਾਰੇ ਨਕਾਰਾਤਮਕ ਨਤੀਜੇ ਆਏ। ਪੁਲੀਸ ਨੇ ਉਸ ਨੂੰ ਹੁਣ ਨੋਟਿਸ ਭੇਜਿਆ ਹੈ।

5. ਜਦੋਂ ਭਾਰਤ ਵਿਚ ਕੋਰੋਨੋਵਾਇਰਸ ਮਹਾਂਮਾਰੀ ਵਧ ਰਹੀ ਸੀ, ਬਿਜ਼ਨਸ ਇਨਸਾਈਡਰ ਨੇ ਦੱਸਿਆ ਕਿ ਕੁੱਲ 61,652 ਸ਼ਰਧਾਲੂ ਤਿਰੂਮਾਲਾ ਮੰਦਰ ਵਿਚ ਗਏ ਸਨ। ਹਾਲਾਂਕਿ ਕੋਰੋਨੋਵਾਇਰਸ ਕੰਟੇਨਮੈਂਟ ਕੈਂਪ ਸਾਰੀਆਂ ਚੌਕੀਆਂ 'ਤੇ ਸਥਾਪਤ ਕੀਤੇ ਗਏ ਸਨ, ਪਰ ਸਰਕਾਰ ਨਹੀਂ ਦਸ ਰਹੀ ਕਿ ਕਿੰਨੇ ਲੋਕ ਕਰੋਨਾ ਲਾਗ ਦੇ ਸ਼ਿਕਾਰ ਹਨ।

6. ਜਿਵੇਂ ਕਿ ਦਾ ਨਿਊਜ ਮਿੰਟ ਦੁਆਰਾ ਰਿਪੋਰਟ ਕੀਤਾ ਗਿਆ ਹੈ, ਕੋਵਿਡ -19 ਦੇ ਬਾਵਜੂਦ, ਮਾਰਚ ਵਿੱਚ ਆਂਧਰਾ ਪ੍ਰਦੇਸ਼ ਦੇ ਕਦੀਰੀ ਕਸਬੇ ਵਿੱਚ ਮੰਦਰ ਉਤਸਵ 'ਰਤਨੋਤਸਵਮ' ਵਿੱਚ ਕਰਨਾਟਕ ਅਤੇ ਤਾਮਿਲਨਾਡੂ ਤੋਂ ਤਕਰੀਬਨ ਡੇਢ ਲੱਖ ਲੋਕਾਂ ਨੇ ਹਿੱਸਾ ਲਿਆ। ਹਾਲਾਂਕਿ ਇਹ ਖਬਰ ਲੁਕਾ ਲਈ ਗਈ। ਟੈਸਟ ਕਰਨ ਦੀ ਕੋਈ ਖਬਰ ਨਹੀਂ ਹੈ।

7. ਇੰਡੀਅਨ ਐਕਸਪ੍ਰੈਸ ਨੇ 1 ਅਪ੍ਰੈਲ ਨੂੰ ਦੱਸਿਆ ਕਿ ਲਗਭਗ 400 ਸ਼ਰਧਾਲੂ ਜੋ ਮਾਤਾ ਵੈਸ਼ਨੋ ਦੇਵੀ ਮੰਦਰ ਦੇ ਦਰਸ਼ਨ ਕਰਨ ਗਏ ਸਨ, ਕੋਰੋਨੋਵਾਇਰਸ ਦੇ ਡਰ ਕਾਰਨ ਰੇਲ ਸੇਵਾਵਾਂ ਰੱਦ ਕਰਨ ਕਾਰਨ ਜੰਮੂ ਵਿੱਚ ਫਸ ਗਏ ਸਨ।

8. ਇਕਨਾਮਿਕ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ, ਉੱਤਰ ਪ੍ਰਦੇਸ਼ ਦੇ ਸੀਐਮ ਯੋਗੀ ਆਦਿੱਤਿਆਨਾਥ ਨੇ ਖੁਦ ਅਯੁੱਧਿਆ ਵਿੱਚ ਇੱਕ ਧਾਰਮਿਕ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਤਾਲਾਬੰਦੀ ਅਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਸੀ। ਇਸ ਰਸਮ ਨੂੰ ਰਾਮ ਜਨਮ ਭੂਮੀ ਕੰਪਲੈਕਸ ਦੇ ਅੰਦਰ ਰਾਮ ਲਲਾ ਦੀ ਮੂਰਤੀ ਨੂੰ ਤਬਦੀਲ ਕਰਨ ਲਈ ਇੱਕ ਅਸਥਾਈ ਮੰਦਰ ਸਥਾਪਤ ਕੀਤਾ ਗਿਆ ਸੀ।

9. ਏ.ਐੱਨ.ਆਈ. ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਤੇਲੰਗਾਨਾ, ਜੋ ਕੋਰੋਨਾ ਵਾਇਰਸ ਨਾਲ ਸਭ ਤੋਂ ਪ੍ਰਭਾਵਤ ਹੋਇਆ ਰਾਜ ਹੈ, ਦੇ ਕਾਨੂੰਨ, ਜੰਗਲਾਤ ਅਤੇ ਵਾਤਾਵਰਣ ਮੰਤਰੀ ਅਲੋਲਾ ਇੰਦਰਕਰਨ ਰੈਡੀ ਅਤੇ ਟਰਾਂਸਪੋਰਟ ਮੰਤਰੀ ਪੂਵਵਦਾ ਅਜੈ ਕੁਮਾਰ ਨੇ ਰਾਮ ਨੌਮੀ ਦੇ ਇਕ ਪ੍ਰੋਗਰਾਮ ਵਿਚ ਹਿੱਸਾ ਲਿਆ ਸੀ।

10. ਬੀਜੇਪੀ ਵਿਧਾਇਕ ਮਸਾਲਾ ਜੈਰਾਮ ਨੇ ਤਾਲਾਕੁਰਾਣਾ ਜ਼ਿਲੇ ਦੇ ਤੁਰੁਵੇਕੜਾ ਵਿਖੇ ਕਰਨਾਟਕ ਦੇ ਲਾਕ ਡਾਊਨ ਨਿਯਮਾਂ ਦੀ ਉਲੰਘਣਾ ਕਰਦਿਆਂ ਬੱਚਿਆਂ ਅਤੇ 200 ਤੋਂ ਵੱਧ ਲੋਕਾਂ ਨਾਲ ਆਪਣਾ ਜਨਮ ਦਿਨ ਮਨਾਇਆ।

11. ਵਰਧਾ ਤੋਂ ਭਾਜਪਾ ਵਿਧਾਇਕ ਦਾਦਰਓ ਵੀ ਤਾਲਾਬੰਦੀ ਦੇ ਦੌਰਾਨ ਆਪਣਾ ਜਨਮ ਦਿਨ ਮਨਾਉਣ ਤੋਂ ਪਿੱਛੇ ਨਹੀਂ ਹਟੇ। ਹਾਲਾਂਕਿ, ਦਿ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਬਾਅਦ ਵਿੱਚ ਉਸਨੇ ਕਿਹਾ ਕਿ ਉਸਨੇ ਸਿਰਫ 21 ਮਜ਼ਦੂਰਾਂ ਨੂੰ ਪਾਰਟੀ ਵਿੱਚ ਬੁਲਾਇਆ ਸੀ ਅਤੇ ਦੋਸ਼ ਲਾਇਆ ਸੀ ਕਿ ਉਸਦੇ ਰਾਜਨੀਤਿਕ ਵਿਰੋਧੀਆਂ ਨੇ ਗਲਤ ਪ੍ਰਚਾਰ ਕੀਤਾ ਹੈ। ਉਹ ਬੇਕਸੂਰ ਹੈ। ਮੀਡੀਆ ਦੀ ਸੂਚਨਾ ਅਨੁਸਾਰ 200 ਲੋਕ ਇਸ ਪਾਰਟੀ ਵਿੱਚ ਸ਼ਾਮਲ ਹੋਏ।

12. ਤੇਲੰਗਾਨਾ ਦੇ ਭਾਜਪਾ ਵਿਧਾਇਕ ਟੀ. ਰਾਜਾ ਸਿੰਘ ਤਾਲਾਬੰਦੀ ਦੇ ਨਿਯਮਾਂ ਨੂੰ ਤੋੜਿਆ। ਸ਼ਾਮ 9.9 ਵਜੇ ਪ੍ਰਧਾਨ ਮੰਤਰੀ ਮੋਦੀ ਦੀ ਅਪੀਲ 'ਤੇ, ਜਦੋਂ ਪੂਰਾ ਦੇਸ਼ ਦੀਵਾ ਜਗਾ ਰਿਹਾ ਸੀ, ਟੀ ਰਾਜਾ ਸਿੰਘ ਨੇ ਸਰੀਰਕ ਦੂਰੀ ਦੇ ਨਿਯਮ ਨੂੰ ਪਛਾੜਦਿਆਂ 70 ਤੋਂ ਵੱਧ ਲੋਕਾਂ ਨੂੰ ਇਕੱਠਾ ਕੀਤਾ ਅਤੇ ਮਿਸ਼ਾਲਾਂ ਨਾਲ ਜਲੂਸ ਕੱਢਿਆ।

13. ਕਲਬੁਰਗੀ ਦੇ ਚਿਤਾਪੁਰ ਪਿੰਡ ਵਿਚ ਸਿਦਾਲਿੰਗੇਸ਼ਵਰ ਰਥ ਸਮਾਗਮ ਆਯੋਜਿਤ ਕਰਕੇ ਤਾਲਾਬੰਦੀ ਦੇ ਨਿਯਮਾਂ ਨੂੰ ਤੋੜਿਆ, ਜੋ ਕੋਵਿਡ -19 ਲਈ ਇਕ ਖਤਰਨਾਕ ਸਥਾਨ ਮੰਨਿਆ ਜਾਂਦਾ ਹੈ। ਇਸ ਸਮਾਰੋਹ ਵਿੱਚ ਸੈਂਕੜੇ ਲੋਕ ਇਕੱਠੇ ਹੋਏ। ਕਲਬੁਰਗੀ ਦੇਸ਼ ਵਿਚ ਪਹਿਲੀ ਮੌਤ ਦੀ ਰਿਪੋਰਟ ਕੋਵਿਡ -19 ਸੀ। ਜ਼ਿਲੇ ਵਿਚ ਕੋਰੋਨਾ ਵਾਇਰਸ ਦੇ 18 ਸਰਗਰਮ ਮਾਮਲੇ ਹਨ ਜਦੋਂ ਕਿ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਦੱਰਿਆਂ ਤੇ ਦਰਿਆਵਾਂ ਸੰਗ -1

# ਚੜਦੇ ਸਾਉਣ ਲੇਹ ਨੂੰ ਕੂਚ



- ਪ੍ਰੀਤਮ ਰੁਪਾਲ

ਲੇਹ ਲਦਾਖ ਦਾ ਨਾਂ ਲੈਂਦਿਆਂ ਹੀ ਉਤਰੀ ਭਾਰਤ ਦੀ ਤਿੱਬਤ (ਚੀਨ) ਨਾਲ ਲੱਗਦੀ ਸਰਹੱਦ ਅਤੇ ਹਿਮਾਲਾ ਪਰਬਤ ਦੀਆਂ ਅਸਮਾਨ ਛੂੰਹਦੀਆਂ ਚੋਟੀਆਂ, ਬਰਫ਼ ਲੱਦੇ ਦੱਰਿਆਂ, ਖੁਸ਼ਕ ਬਰਾਨੀ ਘਾਟੀਆਂ, ਸ਼ਾਂਤ ਵਗਦੇ ਦਰਿਆਵਾਂ ਅਤੇ ਨੀਲੀਆਂ ਹਰੀਆਂ ਝੀਲਾਂ ਦਾ ਚੇਤਾ ਆ ਜਾਂਦਾ ਹੈ। ਮੁੜ ਮੁੜ ਜਾਣ ਨੂੰ ਜੀਅ ਕਰਦਾ ਹੈ ਸਿੰਧ ਦੀ ਉਸ ਮੁਕੱਦਸ ਧਰਤੀ ਉਪਰ ਜਿਸ ਨੂੰ ਬੋਧੀ ਮੱਠਾਂ ਅਤੇ ਗੋਂਪਿਆਂ ਨੇ ਇਕ ਵਖਰੀ ਕਿਸਮ ਦਾ ਧਾਰਮਿਕ, ਸਭਿਆਚਾਰਕ ਤੇ ਰਾਜਨੀਤਕ ਰੰਗ ਦਿੱਤਾ ਹੈ। ਅਜਿਹੇ ਰਾਜਨੀਤਕ ਅਤੇ ਭੂਗੋਲਿਕ ਖਿਤੇ ਵਿਚ ਸੜਕ ਦੇ ਰਸਤਿਓਂ ਜਾ ਕੇ ਟਰੈਕਿੰਗ ਕਰਨਾ ਇਕ ਸਾਹਸ ਤੇ ਦਲੇਰੀ ਭਰਿਆ ਕਾਰਨਾਮਾ ਤਾਂ ਹੈ ਹੀ, ਇਹ ਸੈਰ ਸਪਾਟੇ ਦੇ ਨਜ਼ਰੀਏ ਤੋਂ ਵੀ ਇਕ ਵਿਲੱਖਣ ਅਨੁਭਵ ਹੈ।

ਜੂਨ 2005 ਦੇ ਆਖ਼ਰੀ ਦਿਨਾਂ ਵਿਚ ਚੰਡੀਗੜ ਪ੍ਰੈੱਸ ਕਲੱਬ ਦੀ ਐਡਵੈਂਚਰ ਕਮੇਟੀ ਵਲੋਂ ਜੰਮੂ ਕਸ਼ਮੀਰ ਦੀ ਲੱਦਾਖ ਡਵੀਜ਼ਨ ਵਿਚ ਪੈਂਦੀ ਸਿੰਧ ਘਾਟੀ, ਜ਼ਾਂਸਕਰ ਘਾਟੀ, ਨੁਬਰਾ ਘਾਟੀ, ਲੱਦਾਖ ਅਤੇ ਜ਼ਾਂਸਕਰ ਰੇਂਜ, ਪੈਂਗੌਂਗ ਝੀਲ ਤੇ ਖਰਦੂੰਗ ਇਲਾਕਿਆਂ ਵਿਚ ਜਾ ਕੇ ਟਰੈਕਿੰਗ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਇਕ ਹਫ਼ਤੇ ਦੇ ਅੰਦਰ-ਅੰਦਰ ਟਰੈਕਰਾਂ ਦੀ ਟੀਮ ਤਿਆਰ ਹੋ ਗਈ। ਇਸ 16 ਮੈਂਬਰੀ ਟੀਮ ਵਿਚ ਵੱਖ-ਵੱਖ ਮੀਡੀਆ ਯੂਨਿਟਾਂ ਤੋਂ ਵੱਖੋ-ਵੱਖਰੀ ਤਾਸੀਰ ਅਤੇ ਉਮਰ ਵਾਲੇ ਪੱਤਰਕਾਰ ਸ਼ਾਮਲ ਸਨ। ਪੰਜਾਬੀ ਟ੍ਰਿਬਿਊਨ ਤੋਂ ਨਰਿੰਦਰ ਸਿੰਘ ਸਭ ਤੋਂ ਛੋਟੀ ਉਮਰ ਦਾ ਸੀ ਤੇ ਇੰਡੀਅਨ ਐਕਸਪ੍ਰੈੱਸ ਤੋਂ ਸਵਦੇਸ਼ ਤਲਵਾੜ ਸਾਰਿਆਂ ਤੋਂ ਸੀਨੀਅਰ ਸਨ। ਵਿਚਕਾਰਲਿਆਂ ਵਿਚ ਕਮੇਟੀ ਦੇ ਚੇਅਰਮੈਨ ਸੁਖਬੀਰ ਸਿੰਘ ਟ੍ਰਿਬਿਊਨ ਤੋਂ ਅਤੇ ਟ੍ਰਿਬਿਊਨ ਤੋਂ ਹੀ ਪੰਕਜ ਵਾਸੂਦੇਵ, ਪ੍ਰਦੀਪ ਧੁੱਲ ਅਤੇ ਪੰਕਜ ਸ਼ਰਮਾ। ਫਰੀ ਲਾਂਸ ਪੱਤਰਕਾਰ ਮਨਮੋਹਨ ਸਿੰਘ, ਦੈਨਿਕ ਟ੍ਰਿਬਿਊਨ ਤੋਂ ਦੀਪਕ, ਅਰੁਣ ਨਥਾਨੀ, ਰੋਹਿਤ ਅਵਸਥੀ ਅਤੇ ਡਾ. ਜੋਗਿੰਦਰ ਸਿੰਘ। ਇਹਨਾਂ ਤੋਂ ਇਲਾਵਾ ਦੈਨਿਕ ਜਾਗਰਣ ਤੋਂ ਤੇਜਿੰਦਰ ਸਹਿਗਲ, ਟ੍ਰਿਬਿਊਨ ਤੋਂ ਵਿਸ਼ਾਲ ਗੁਲਾਟੀ, ਉਮੇਸ਼ ਘਰੇੜਾ ਅਤੇ ਪਰਮਬੀਰ ਬੈਂਸ ਇਸ ਟੀਮ ਵਿਚ ਸ਼ਾਮਲ ਸਨ।

ਬਾਕਾਇਦਾ ਟਰੈਕਿੰਗ ਅਤੇ ਪਹਾੜੀ ਇਲਾਕਿਆਂ ਵਿਚ ਕੈਂਪਿੰਗ ਲਈ ਪੰਜਾਬ ਦੇ ਯੁਵਕ ਸੇਵਾਵਾਂ ਡਾਇਰੈਕਟੋਰੇਟ ਵਲੋਂ ਟੈਂਟ, ਸਲੀਪਿੰਗ ਬੈਗ, ਰਕਸੈਕ (ਪਿੱਠੂ ਬੈਗ) ਅਤੇ ਹੋਰ ਸਮਾਨ ਉਧਾਰਾ ਲਿਆ। ਟਰੈਕਿੰਗ ਦੌਰਾਨ ਖਾਣ ਪੀਣ ਲਈ ਸੁੱਕਾ ਸੀਧਾ ਅਤੇ ਦਵਾਈਆਂ ਵਗੈਰਾ ਵੀ ਖਰੀਦੀਆਂ ਗਈਆਂ।

ਅਖੀਰ 5 ਜੁਲਾਈ ਨੂੰ ਮੰਡੀ, ਮਨਾਲੀ ਤੇ ਕੇਲਾਂਗ ਦੇ ਰਸਤਿਓਂ ਲੇਹ ਜਾਣ ਦਾ ਪ੍ਰੋਗਰਾਮ ਤੈਅ ਹੋਇਆ। ਸਫ਼ਰ ਵਾਸਤੇ ਤਿੰਨ ਮਹਿੰਦਰਾ ਸਕਾਰਪਿਓ ਜੀਪਾਂ ਬੁੱਕ ਕਰਵਾਈਆਂ ਗਈਆਂ। ਉਂਝ ਲੇਹ ਜਾਣ ਲਈ ਚੰਡੀਗੜ, ਜੰਮੂ, ਸ੍ਰੀਨਗਰ ਅਤੇ ਦਿੱਲੀ ਤੋਂ ਹਵਾਈ ਸੇਵਾ ਵੀ ਹੈ ਪਰ ਟਰੈਕਿੰਗ ਅਤੇ ਐਡਵੈਂਚਰ ਦਾ ਖਿਆਲ ਕਰਦਿਆਂ ਸੜਕ ਦਾ ਰਸਤਾ ਹੀ ਚੁਣਿਆ ਗਿਆ। ਉਂਝ ਤਾਂ ਗਰਮੀਆਂ ਦੇ ਚਾਰ ਕੁ ਮਹੀਨੇ ਚੰਡੀਗੜ ਤੋਂ ਮਨਾਲੀ ਦੇ ਰਸਤੇ ਲੇਹ ਲਈ ਬੱਸ ਸੇਵਾ ਵੀ ਹੈ ਪਰ ਪਬਲਿਕ ਟਰਾਂਸਪੋਰਟ ਸੈਲਾਨੀਆਂ ਦੀਆਂ ਸਾਰੀਆਂ ਮੰਜ਼ਿਲਾਂ ’ਤੇ ਨਹੀਂ ਅਪੜਦੀ, ਇਹ ਸਿਰਫ਼ ਸੜਕ ਦੇ ਰੂਟ ’ਤੇ ਹੀ ਜਾਂਦੀ ਹੈ।

ਅਸੀਂ ਚਾਰ ਜੁਲਾਈ ਨੂੰ ਸਾਰਾ ਸਮਾਨ ਬੰਨ ਲਿਆ ਅਤੇ ਰਸੋਈ ਦਾ ਸਮਾਨ ਅਲੱਗ ਅਲੱਗ ਪੈਕ ਕੀਤਾ ਗਿਆ। ਹੁਣ ਤੱਕ ਮੌਸਮ ਬਿਲਕੁਲ ਠੀਕ ਸੀ। ਅਸੀਂ ਅਗਲੇ ਦਿਨ ਚੰਡੀਗੜ ਤੋਂ ਚੱਲ ਕੇ ਕੁੱਲੂ ਮਨਾਲੀ ਰਾਹੀਂ ਰੋਹਤਾਂਗ ਪਾਸ ਪਾਰ ਕੇ ਕੋਕਸਰ ਠਹਿਰਨ ਦਾ ਪ੍ਰੋਗਰਾਮ ਬਣਾਇਆ ਸੀ। ਐਡਵੈਂਚਰ ਕਮੇਟੀ ਦਾ ਕਨਵੀਨਰ ਹੋਣ ਦੇ ਨਾਤੇ ਮੈਂ ਰਾਤ ਨੂੰ ਸੌਣ ਤੋਂ ਪਹਿਲਾਂ ਅਗਲੇ ਦਿਨ ਦੇ ਪ੍ਰੋਗਰਾਮ ਦਾ ਖਾਕਾ ਦਿਮਾਗ ਵਿਚ ਉਤਾਰ ਰਿਹਾ ਸੀ ਜਦ ਬਾਹਰੋਂ ਬੱਦਲ ਗਰਜਣ ਅਤੇ ਬਿਜਲੀ ਚਮਕਣ ਦੀ ਬਿੜਕ ਲੱਗੀ। ਬੱਸ ਫੇਰ ਕੀ ਸੀ ਵੇਖਦਿਆਂ ਹੀ ਕਿਣਮਿਣ ਤੇ



ਫਿਰ ਮੋਹਲੇਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ। ਮੀਂਹ ਹੱਟਣ ਦਾ ਨਾਂ ਨਹੀਂ ਸੀ ਲੈ ਰਿਹਾ ਤੇ ਮੈਨੂੰ ਨੀਂਦ ਨਹੀਂ ਸੀ ਆ ਰਹੀ। ਫਿਰ ਪਤਾ ਨਹੀਂ ਕਦੋਂ ਨੀਂਦ ਦਾ ਝੋਂਕਾ ਆ ਗਿਆ।

ਸਵੇਰੇ 4 ਵਜੇ ’ਤੇ ਅਲਾਰਮ ਲੱਗਾ ਸੀ। ਅਲਾਰਮ ਵਜਦਿਆਂ ਹੀ ਬਿਸਤਰੇ ਵਿਚੋਂ ਉਠਿਆ ਤੇ ਬਾਹਰ ਵੇਖਿਆ, ਮੀਂਹ ਰਾਤ ਵਾਂਗ ਹੀ ਪੈ ਰਿਹਾ ਸੀ। ਤਿਆਰ ਹੁੰਦਿਆਂ ਸੁਖਬੀਰ ਨੂੰ ਫੋਨ ਕੀਤਾ। ਮੀਂਹ ਥੋੜਾ ਘੱਟ ਗਿਆ ਸੀ ਪਰ ਬਿਲਕੁਲ ਬੰਦ ਨਹੀਂ ਸੀ ਹੋਇਆ। ਇਕ ਵਾਰ ਆਪਣਾ ਰੈਕਸੈਕ ਚੰਗੀ ਤਰਾਂ ਟੋਹਿਆ। ਇੰਨੇ ਨੂੰ ਗੇਟ ’ਤੇ ਜੀਪ ਆ ਗਈ। ਬੂੰਦਾ ਬਾਂਦੀ ਹੁੰਦਿਆਂ ਹੀ ਪ੍ਰੈੱਸ ਕਲੱਬ ਪਹੁੰਚੇ ਜਿਥੋਂ ਸਾਰੀ ਟੀਮ ਨੂੰ, ਪ੍ਰਧਾਨ ਜਗਤਾਰ ਸਿੰਘ ਸਿੱਧੂ ਵਲੋਂ ਬਾਕਾਇਦਾ ਰਵਾਨਾ ਕੀਤਾ ਜਾਣਾ ਸੀ। ਸਾਰਾ ਸਮਾਨ ਜੀਪਾਂ ਦੇ ਉਪਰ ਬੰਨਿਆਂ ਅਤੇ ਸਵਾਰੀਆਂ ਦੇ ਹਿਸਾਬ ਨਾਲ ਜੀਪਾਂ ਦੀ ਵੰਡ ਕੀਤੀ ਗਈ। ਜਦੋਂ ਮੀਂਹ ਕੁਝ ਮੱਠਾ ਪਿਆ। ਕਲੱਬ ਦੇ ਅਹੁਦੇਦਾਰਾਂ ਨੇ ਹਰੀ ਝੰਡੀ ਵਿਖਾ ਕੇ ਤਿੰਨੇ ਜੀਪਾਂ ਨੂੰ ਰਵਾਨਾ ਕੀਤਾ।

ਚੰਡੀਗੜ ਦੀਆਂ ਸੜਕਾਂ ’ਤੇ ਗੋਡੇ ਗੋਡੇ ਪਾਣੀ ਖੜਾ ਸੀ। ਸਾਡੀਆਂ ਜੀਪਾਂ ਪਾਣੀ ਨੂੰ ਚੀਰਦੀਆਂ ਮੰਜ਼ਿਲ ਵੱਲ ਹੋ ਤੁਰੀਆਂ। ਕਦੇ ਕਦੇ ਇਸ ਤਰਾਂ ਲੱਗਦਾ ਜਿਵੇਂ ਮੋਟਰਬੋਟ ਵਿਚ ਬੈਠੇ ਹੋਈਏ। ਖਰੜ ਲੰਘਦਿਆਂ ਹੀ ਮੀਂਹ ਰੁਕ ਗਿਆ ਤੇ ਅਸਮਾਨ ਨਿਖਰਨ ਲੱਗਾ। ਅਸੀਂ ਸ਼ੁੱਕਰ ਮਨਾ ਰਹੇ ਸਾਂ ਕਿ ਅੱਗੇ ਮੌਸਮ ਠੀਕ ਹੋਵੇ। ਮੀਂਹ ਕਾਰਨ ਅਸੀਂ ਚੱਲਣ ਵਿਚ ਪਹਿਲਾਂ ਹੀ ਲੇਟ ਹੋ ਗਏ ਸਾਂ ਪਰ ਜਦ ਕੁਰਾਲੀ ਕੋਲ ਜਾ ਕੇ ਇਕ ਜੀਪ ਦੇ ਕਲੱਚ ਸਿਸਟਮ ਵਿਚ ਗੜਬੜ ਦਾ ਪਤਾ ਲੱਗਾ ਤਾਂ ਹੋਰ ਦੇਰੀ ਹੁੰਦੀ ਜਾਪੀ। ਲੰਮੇ ਅਤੇ ਓਬੜ ਖਾਬੜ ਪਹਾੜੀ ਸਫ਼ਰ ’ਤੇ ਚਲੇ ਹੋਣ ਕਾਰਨ ਜ਼ੋਖ਼ਮ ਵੀ ਨਹੀਂ ਸੀ ਉਠਾ ਸਕਦੇ ਇਸ ਲਈ ਰੋਪੜ ਨੇੜੇ ਜਾ ਕੇ ਜੀਪਾਂ ਇਕ ਵਰਕਸ਼ਾਪ ਅੱਗੇ ਲਾ ਦਿੱਤੀਆਂ। ਮਕੈਨਿਕ ਨੇ ਸਾਰੀ ਕਿਟ ਬਦਲੀ ਫਿਰ ਕਿਤੇ ਜਾ ਕੇ ਅਗਲੇ ਸਫ਼ਰ ਲਈ ਰਵਾਨਾ ਹੋਏ। ਹੁਣ ਅਸੀਂ ਕੋਕਸਰ ਰਾਤ ਠਹਿਰਨ ਦੀ ਬਜਾਏ ਮਨਾਲੀ ਰੁਕਣ ਬਾਰੇ ਸੋਚਣ ਲੱਗ ਪਏ ਕਿਉਂਕਿ ਮਨਾਲੀ ਪਹੁੰਚਣ ਤੱਕ ਬਹੁਤ ਦੇਰ ਹੋ ਜਾਣੀ ਸੀ।

ਕੀਤਰਪੁਰ ਸਾਹਿਬ ਤੋਂ ਜਿਉਂ ਹੀ ਪਹਾੜੀ ਸਫ਼ਰ ਸ਼ੁਰੂ ਹੋਇਆ, ਮੀਂਹ ਫਿਰ ਪੈਣਾ ਸ਼ੁਰੂ ਹੋ ਗਿਆ। ਇਸ ਨਿੱਗਰ ਸੋਚ ਨਾਲ ਅੱਗੇ ਵੱਧਦੇ ਗਏ ਕਿ ਮੀਂਹ ਤਾਂ ਰੋਹਤਾਂਗ ਪਾਸ (ਦੱਰੇ) ਤੱਕ ਹੀ ਹੋਵੇਗਾ ਰੋਹਤਾਂਗ ਦੱਰੇ ਤੋਂ ਅੱਗੇ ਤਾਂ ਮੌਨਸੂਨ ਜਾਂਦੀ ਨਹੀਂ। ਸਾਡੀ ਜੀਪ ਸਭ ਤੋਂ ਅੱਗੇ ਸੀ ਜਿਸ ਵਿਚ ਅਸੀਂ ਚਾਰ ਜਣੇ ਦੀਪਕ, ਓਮੇਸ਼ ਘਰੇੜਾ ਅਤੇ ਰੋਹਿਤ ਸਾਂ। ਸਾਡੀ ਜੀਪ ਵਿਚ ਹੀ ਰਸੋਈ ਅਤੇ ਖਾਣ ਪੀਣ ਦਾ ਸਮਾਨ ਲੱਦਿਆ ਹੋਇਆ ਸੀ। ਸੜਕ ਗਿੱਲੀ ਹੋਣ ਕਰਕੇ ਭਾਵੇਂ ਗੱਡੀਆਂ ਅਹਤਿਆਤ ਨਾਲ ਚੱਲ ਰਹੀਆਂ ਸਨ ਫਿਰ ਵੀ ਸਾਡੀ ਰਫ਼ਤਾਰ ਕਾਫ਼ੀ ਤੇਜ਼ ਸੀ। ਸੁੰਦਰ ਨਗਰ ਨੇੜੇ ਇਕ ਢਾਬੇ ’ਤੇ ਦੁਪਹਿਰ ਦਾ ਖਾਣਾ ਖਾਧਾ। ਫਿਰ ਮੀਂਹ ਪੈਂਦੇ ਵਿਚ ਹੀ ਅੱਗੇ ਵੱਧਣਾ ਸ਼ੁਰੂ ਕੀਤਾ। ਇਸ ਤਰਾਂ ਲੱਗ ਰਿਹਾ ਸੀ ਜਿਵੇਂ ਸਾਉਣ ਦੀ ਝੜੀ ਲੱਗ ਗਈ ਹੋਵੇ।

ਮੰਡੀ ਵੜਦਿਆਂ ਹੀ ਜਦ ਬਿਆਸ ਦਰਿਆ ਦਾ ਰੁਖ ਵੇਖਿਆ ਤਾਂ ਅਸੀਂ ਸਮਝ ਗਏ ਕਿ ਬਿਆਸ ਦੇ ਆਬਗੀਰ ਇਲਾਕਿਆਂ ਵਿਚ ਬਹੁਤ ਜ਼ੋਰਦਾਰ ਬਾਰਿਸ਼ ਹੋ ਰਹੀ ਹੈ ਕਿਉਂਕਿ ਦਰਿਆ ਵਿਚ ਪਾਣੀ ਬਹੁਤ ਚੜਿਆ ਹੋਇਆ ਸੀ ਅਤੇ ਵਹਾਅ ਵੀ ਬਹੁਤ ਤੇਜ਼ ਸੀ। ਮੀਂਹ ਪੈਂਦੇ ਵਿਚ ਹੀ ਅਸੀਂ ਪੰਡੋਹ ਵੱਲ ਵਧ ਰਹੇ ਸਾਂ ਅਤੇ ਸਾਹਮਣੇ ਪਹਾੜੀਆਂ ਤੋਂ ਡਿਗਦੇ ਝਰਨਿਆਂ ਦਾ ਆਨੰਦ ਲੈ ਰਹੇ ਸਾਂ। ਪੰਡੋਹ ਲੰਘਦਿਆਂ ਹੀ ਇਕ ਪੁਲਿਸ ਵਾਲੇ ਨੇ ਸਾਡੀਆਂ ਗੱਡੀਆਂ ਨੂੰ ਹੱਥ ਦੇ ਕੇ ਰੋਕਿਆ ਅਤੇ ਕਹਿਣ ਲੱਗਾ ਕਿ ਅੱਗੇ ਸੜਕ ਬੰਦ ਹੋ ਗਈ ਹੈ ਇਸ ਲਈ ਵਾਪਸ ਚਲੇ ਜਾਓ। ਅਸੀਂ ਤਾਂ ਲੇਹ-ਲੱਦਾਖ ਤੇ ਪੈਂਗੌਂਗ ਝੀਲ ਦੀ ਯਾਤਰਾ ਲਈ ਚੱਲੇ ਸਾਂ, ਮੰਡੀ ਤੋਂ ਹੀ ਵਾਪਸ ਮੁੜ ਜਾਈਏ ਇਹ ਸਾਨੂੰ ਗਵਾਰਾ ਨਹੀਂ ਸੀ। ਅਸੀਂ ਉਸ ਦੀ ਚਿਤਾਵਨੀ ਦੀ ਪ੍ਰਭਾਵ ਕੀਤੇ ਬਗ਼ੈਰ ਅੱਗੇ ਲੰਘ ਗਏ। ਸਾਰਿਆਂ ਕੋਲ ਮੋਬਾਈਲ ਫ਼ੋਨ ਹੋਣ ਕਰਕੇ ਤਿੰਨੇ ਗੱਡੀਆਂ ਦਾ ਆਪਸੀ ਤਾਲਮੇਲ ਬਣਿਆ ਹੋਇਆ ਸੀ। ਪੰਡੋਹ ਡੈਮ ’ਤੇ ਵੀ ਸਾਨੂੰ ਵਾਪਸ ਮੁੜਨ ਦਾ ਇਸ਼ਾਰਾ ਕੀਤਾ ਗਿਆ ਪਰ ਅਸੀਂ ਕਿਤੇ ਮੁੜਨ ਵਾਲੇ ਸੀ!

ਪੰਡੋਹ ਡੈਮ ਤੋਂ ਸਿੱਧੀ ਚੜਾਈ ਚੜਨ ਮਗਰੋਂ ਜਦ ਸੜਕ ’ਤੇ ਟਰੱਕਾਂ ਅਤੇ ਤੇਲ ਵਾਲੇ ਟੈਂਕਰਾਂ ਦੀਆਂ ਕਤਾਰਾਂ ਲੱਗੀਆਂ ਵੇਖੀਆਂ ਤਾਂ ਸਾਡੇ ਸਿਰ ਵਿਚ ਸੌ ਘੜਾ ਪਾਣੀ ਦਾ ਪੈ ਗਿਆ। ਉਧਰੋਂ ਵਾਪਸ ਆ ਰਹੀ ਇਕ ਕਾਰ ਦੇ ਡਰਾਈਵਰ ਨੇ ਦਸਿਆ ਕਿ ਬਿਆਸ ਦਰਿਆ ਵਿਚ ਹੜ ਆਇਆ ਹੋਇਆ ਹੈ ਅੱਗੇ ਸੜਕ ਪਾਣੀ ਵਿਚ ਡੁੱਬ ਗਈ ਹੈ। ਅਸੀਂ ਵੀ ਜੀਪਾਂ ਵਾਪਸ ਮੋੜ ਲਈਆਂ ਤੇ ਪੰਡੋਹ ਡੈਮ ’ਤੇ ਆ ਕੇ ਰੁਕ ਗਏ। ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਾਲਿਆਂ ਨੇ ਪੰਡੋਹ ਡੈਮ ਤੋਂ ਦੋ ਫਲੱਡ ਗੇਟ ਖੋਲੇ ਹੋਏ ਸਨ ਜਿਹਨਾਂ ਦਾ ਪਾਣੀ ਦੋ ਢਾਈ ਸੌ ਫੁੱਟ ਉਚਾ ਉਛਲ ਕੇ ਦਰਿਆ ਵਿਚ ਡਿੱਗ ਰਿਹਾ ਸੀ। ਦਰਿਆ ਵਿਚ ਆ ਰਹੇ ਟੁੱਟੇ ਦਰਖ਼ਤਾਂ ਤੋਂ ਸਾਫ਼ ਜ਼ਾਹਿਰ ਸੀ ਕਿ ਬਿਆਸ ਵਿਚ ਪੈਣ ਵਾਲੇ ਇਸ ਦੇ ਸਹਾਇਕ ਨਾਲਿਆਂ ਵਿਚ ਵੀ ਹੜ ਆਇਆ ਹੋਇਆ ਹੈ। ਇਹ ਸਾਰਾ ਕੁਝ ਵੇਖ ਕੇ ਸਾਡੇ ਕਈ ਸਾਥੀਆਂ ਦੇ ਹੌਂਸਲੇ ਪਸਤ ਹੋ ਗਏ ਅਤੇ ਉਹ ਵਾਪਸ ਚੰਡੀਗੜ ਮੁੜਨ ਦੀਆਂ ਸਲਾਹਾਂ ਦੇਣ ਲੱਗ ਪਏ। ਅਖੀਰ ਅੱਜ ਰਾਤ ਮੰਡੀ ਰੁਕਣ ਦਾ ਪ੍ਰੋਗਰਾਮ ਬਣਿਆ ਅਤੇ ਕੱਲ ਤੱਕ ਸੜਕ ਖੁਲਣ ਦੀ ਇੰਤਜ਼ਾਰ ਕਰਨ ਦਾ ਫ਼ੈਸਲਾ ਹੋਇਆ। ਮੰਡੀ ਦੇ ਪੀ.ਡਬਲਯੂ.ਡੀ. ਰੈਸਟ ਹਾਊਸ ਵਿਚ ਰਾਤ ਠਹਿਰਨ ਜੋਗੀ ਜਗਾ ਮਿਲ ਗਈ ਜਿਥੇ ਸਾਡੀ ਟੀਮ ਨੇ ਰਾਤ ਦਾ ਪੜਾਅ ਕੀਤਾ।




ਅੰਮ੍ਰਿਤਸਰ ਟਾਈਮਜ਼ AMRITSAR TIMES

29 ਅਪ੍ਰੈਲ 2020 ਤੋਂ 05 ਮਈ 2020

## ਮਨੁੱਖਤਾ ਦੀ ਸੇਵਾ

ਭਾਈ ਘਨੱਈਆ ਜੀ ਅਮਰ ਹਨ। ਮਾਨਵਤਾ ਦੀ ਨਿਸ਼ਕਾਮ ਅਤੇ ਨਿਰਪੱਖ ਸੇਵਾ ਦੇ ਪ੍ਰਤੀਕ ਭਾਈ ਘਨੱਈਆ ਦੀ ਮਿਸਾਲ ਹਮੇਸ਼ਾ ਦਿੱਤੀ ਜਾਂਦੀ ਹੈ ਜਿਨਾਂ ਨੇ ਜੰਗ ਦੇ ਮੈਦਾਨ ਵਿਚ ਸਿਰਫ਼ ਜ਼ਖ਼ਮੀ ਸਿੰਘਾਂ ਦੀ ਸੇਵਾ ਹੀ ਨਹੀਂ ਕੀਤੀ ਸਗੋਂ ਦੁਸਮਣ ਦੀ ਫੌਜ ਦੇ ਜ਼ਖਮੀਆਂ ਦੀ ਵੀ ਸੇਵਾ ਸੰਭਾਲ ਕੀਤੀ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਮਾਨਵਤਾ ਦੇ ਸੰਦੇਸ਼ ਉਪਰ ਅਮਲ ਕਰਦਿਆਂ ਅੱਜ ਵੀ ਦੁਨੀਆਂ ਦੇ ਹਰ ਕੋਨੇ ਵਿਚ ਵਸਦਾ ਗੁਰੂ ਦਾ ਸਿੱਖ ਇਸੇ ਅਸੂਲ ਦਾ ਧਾਰਨੀ ਹੈ। ਅੱਜ ਪੂਰਾ ਸੰਸਾਰ ਮਹਾਂਮਾਰੀ ਦੇ ਪਰਕੋਪ ਦਾ ਸਾਹਮਣਾ ਕਰ ਰਿਹਾ ਹੈ ਅਤੇ ਦੁਨੀਆ ਦੀਆਂ ਵੱਡੀਆਂ ਤਾਕਤਾਂ (ਸੁਪਰ ਪਾਵਰ) ਕਹਾਉਣ ਵਾਲੇ ਮੁਲਕਾਂ ਨੇ ਵੀ ਇਸ ਮਹਾਂਮਾਰੀ ਅੱਗੇ ਹੱਥ ਖੜੇ ਕਰ ਦਿੱਤੇ ਹਨ। ਪਰ ਮਾਨਵਤਾ ਦੀ ਸੇਵਾ ਵਿਚ ਲੱਗੇ ਲੋਕ ਨਿਰੰਤਰ ਆਪਣਾ ਕੰਮ ਕਰੀ ਜਾ ਰਹੇ ਹਨ। ਮਨੁੱਖੀ ਚੇਤਨਾ ਅਤੇ ਮੀਡੀਆ ਦੀ ਸਰਗਰਮੀ ਵਾਲੇ ਇਸ ਦੌਰ ਵਿਚ ਮਿੰਟਾਂ ਸਕਿੰਟਾਂ ਵਿਚ ਹੀ ਇਕ ਕੋਨੇ ਦੀ ਖ਼ਬਰ ਸੰਸਾਰ ਦੇ ਦੂਜੇ ਕੋਨੇ ਵਿਚ ਪਹੁੰਚ ਜਾਂਦੀ ਹੈ। ਸਾਰੇ ਹੀ ਮੁਲਕਾਂ ਦੇ ਸਿਆਸੀ ਆਗੂ, ਮੈਡੀਕਲ ਮਾਹਿਰ, ਸਮਾਜਿਕ ਅਤੇ ਆਰਥਿਕ ਮਾਮਲਿਆਂ ਵਿਚ ਮੁਹਾਰਤ ਰੱਖਣ ਵਾਲੇ ਲੋਕ ਇਸ ਮਹਾਂਮਾਰੀ ਦੀ ਮੌਜੂਦਾ ਸਥਿਤੀ ਅਤੇ ਬਾਅਦ ਵਿਚ ਸਾਹਮਣੇ ਆਉਣ ਵਾਲੇ ਸਮਾਜਿਕ, ਆਰਥਿਕ ਸੰਕਟਾਂ ਬਾਰੇ ਚਿੰਤਾ ਵਿਚ ਹਨ। ਮਹਾਂਮਾਰੀ ਦੀ ਇਸ ਸਥਿਤੀ ਵਿਚੋਂ ਛੇਤੀ ਬਾਹਰ ਆਉਣ ਲਈ ਡਾਕਟਰ, ਦਵਾਈਆਂ ਦੇ ਖੋਜੀ, ਨਰਸਾਂ ਅਤੇ ਹੋਰ ਡਾਕਟਰੀ ਅਮਲਾ ਦਿਨ ਰਾਤ ਜੱਦੋ ਜਹਿਦ ਕਰ ਰਿਹਾ ਹੈ।

ਆਬਾਦੀ ਲਿਹਾਜ ਨਾਲ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਖਵਾਉਂਦਾ ਹੈ ਅਤੇ ਇਸ ਸੰਕਟ ਤੋਂ ਪਹਿਲਾਂ ਇਥੋਂ ਦੇ ਸਿਆਸੀ ਨੇਤਾ ਵੱਡੇ ਵੱਡੇ ਆਲਮੀ ਮੰਚਾਂ/ਸਿਖਰ ਸੰਮੇਲਨਾਂ ਵਿਚ ਇਹ ਸ਼ੇਖੀ ਵੀ ਮਾਰਦੇ ਰਹੇ ਹਨ ਕਿ ਉਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਸਬੰਧੀ ਭਾਰਤ ਅੱਗੇ ਸਭ ਤੋਂ ਵੱਡੀ ਮੁਸ਼ਕਲ ਦੇਸ਼ ਦੇ ਉਨਾਂ 50 ਫੀਸਦੀ ਲੋਕਾਂ ਲਈ ਦੋ ਡੰਗ ਦੀ ਰੋਟੀ ਦਾ ਪ੍ਰਬੰਧ ਕਰਨਾ ਹੈ, ਜਿਨਾਂ ਦੇ ਕਾਰੋਬਾਰ/ਛੋਟੇ ਧੰਦੇ ਇਸ ਤਾਲਾਬੰਦੀ ਕਾਰਨ ਬੰਦ ਹੋ ਗਏ ਹਨ। ਇਨਾਂ ਵਿਚੋਂ 80 ਫੀਸਦੀ ਉਹ ਲੋਕ ਹਨ ਜੋ ਰੋਜ਼ਾਨਾ ਕੋਈ ਮਿਹਨਤ ਮਜ਼ਦੂਰ ਕਰਕੇ ਸ਼ਾਮ ਨੂੰ ਰੋਟੀ ਖਾਂਦੇ ਹਨ। ਰੋਜ਼ੀ ਰੋਟੀ ਲਈ ਦੂਸਰੇ ਸੂਬਿਆਂ ਵਿਚ ਗਏ ਬਹੁਤੇ ਮਜ਼ਦੂਰ ਰਾਹਾਂ ਵਿਚ ਫਸੇ ਹੋਏ ਹਨ ਜੋ ਇਸ ਸੰਕਟ ਵਿਚ ਆਪਣੇ ਪਰਿਵਾਰਾਂ ਕੋਲ ਜਾਣਾ ਲੋਚਦੇ ਹਨ।

ਅਜਿਹੀ ਸਥਿਤੀ ਵਿਚ ਗੁਰਦੁਆਰਾ ਸਾਹਿਬਾਨ/ਸਿੱਖ ਸੰਸਥਾਵਾਂ ਅਤੇ ਕੁਝ ਹੋਰ ਸਮਾਜ ਸੇਵੀ ਜਥੇਬੰਦੀਆਂ ਆਪਣੀ ਸਾਕਾਰਤਮਕ ਭੂਮਿਕਾ ਨਿਭਾਅ ਰਹੀਆਂ ਹਨ। ਇਨਾਂ ਵਿਚੋਂ ਬਹੁਤੀਆਂ ਸਿੱਖ ਸੰਸਥਾਵਾਂ ਅਜਿਹੀਆਂ ਵੀ ਹਨ ਜੋ ਬਿਨਾਂ ਕਿਸੇ ਸੋਸ਼ਲ ਮੀਡੀਆ ਉਪਰ ਪ੍ਰਚਾਰ ਕੀਤਿਆਂ ਚੁੱਪ ਚੁਪੀਤੇ ਆਪਣੀ ਸੇਵਾ ਕਰੀ ਜਾ ਰਹੀਆਂ ਹਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਜਿਹੀ ਸੇਵਾ ਇਨਾਂ ਦਿਨਾ ਵਿਚ ਵਿਸ਼ਵ ਦੇ ਮੀਡੀਆ ਵਿਚ ਚਰਚਿਤ ਹੈ। ਜਿੱਥੇ ਦਿੱਲੀ ਪੁਲਿਸ ਨੇ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਦੀ ਪਰਿਕਰਮਾ ਕਰਕੇ ਗੁਰਦੁਆਰਾ ਸਾਹਿਬ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਪ੍ਰਤੀ ਆਪਣੀ ਸ਼ਰਧਾ ਅਤੇ ਸ਼ੁਕਰਾਨਾ ਪ੍ਰਗਟ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਦਿੱਲੀ ਪੁਲਿਸ ਦੇ ਇਸ ਕਦਮ ਦਾ ਸੁਆਗਤ ਕੀਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੋਜ਼ਾਨਾ ਇਕ ਲੱਖ ਤੋਂ ਵੱਧ ਲੋਕਾਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਜੋ ਪ੍ਰਸ਼ਾਸਨ ਦੀ ਮਦਦ ਨਾਲ ਲੋੜਵੰਦਾਂ ਨੂੰ ਵਰਤਾਇਆ ਜਾਂਦਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਕਮੇਟੀ ਨੇ ਆਪਣੀਆਂ ਸਾਰੀਆਂ ਸਰਾਵਾਂ, ਏਮਜ਼ ਤੇ ਹੋਰ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਦੇ ਡਾਕਟਰਾਂ ਅਤੇ ਸਟਾਫ਼ ਦੇ ਹਵਾਲੇ ਕਰ ਦਿੱਤੀਆਂ ਹਨ ਤਾਂ ਜੋ ਉਨਾਂ ਨੂੰ ਡਿਊਟੀ ਤੋਂ ਆਉਣ ਜਾਣ ਦੀ ਕੋਈ ਮੁਸ਼ਕਲ ਨਾ ਆਵੇ।

ਇਸੇ ਤਰਾਂ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਹੋਰ ਸਿੱਖ ਸੰਸਥਾਵਾਂ ਲੰਗਰ ਦੀ ਸੇਵਾ ਦੇ ਨਾਲ ਸੁੱਕਾ ਰਾਸ਼ਨ ਵੰਡਣ ਅਤੇ ਕੋਰੋਨਾ ਦੀ ਲਾਗ ਤੋਂ ਬਚਣ ਲਈ ਸਾਜ ਸਮਾਨ ਵੀ ਗਰੀਬਾਂ ਵਿਚ ਤਕਸੀਮ ਕਰ ਰਹੀਆਂ ਹਨ। ਦਿੱਲੀ, ਪੰਜਾਬ, ਕਲਕੱਤਾ, ਮੁੰਬਈ ਜਾਂ ਭਾਰਤ ਦੇ ਹੋਰਨਾਂ ਭਾਗਾਂ ਵਿਚ ਹੀ ਨਹੀਂ ਸਗੋਂ ਸਮੁੱਚੀ ਦੁਨੀਆ ਵਿਚ ਸਿੱਖ ਸੰਸਥਾਵਾਂ ਨੇ ਇਸ ਮਹਾਂਮਾਰੀ ਦੇ ਸੰਕਟ ਵਿਚ ਮਾਨਵਤਾ ਦੇ ਭਲੇ ਦਾ ਕਾਰਜ ਸੰਭਾਲਿਆ ਹੋਇਆ ਹੈ। ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਤੋਂ ਇਲਾਵਾ ਹੋਰਨਾਂ ਮੁਲਕਾਂ ਜਿੱਥੇ ਸਿੱਖਾਂ ਦੀ ਅਬਾਦੀ ਬਹੁਤ ਘੱਟ ਹੈ ਉਥੇ ਵੀ ਗੁਰਦੁਆਰਾ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਮਨੁੱਖਤਾ ਦੀ ਸੇਵਾ ਵਿਚ ਲੱਗੀਆਂ ਹੋਈਆਂ ਹਨ।

**ਸੇਵਕ ਕਉ ਸੇਵਾ ਬਨਿ ਆਈ॥**
**ਹੁਕਮੁ ਬੂਝਿ ਪਰਮ ਪਦੁ ਪਾਈ॥**

ਦੇ ਮਹਾਂਵਾਕ ਅਨੁਸਾਰ ਗੁਰੂ ਦੇ ਸੱਚੇ ਸਿੱਖ ਮਾਨਵਤਾ ਦੀ ਸੇਵਾ ਵਿਚ ਲੱਗੇ ਹੋਏ ਹਨ। ਲੰਗਰ ਦੇ ਅਸਲੀ ਮਾਅਨੇ ਵੀ ਹੁਣ ਹੀ ਸਮਝ ਪੈ ਰਹੇ ਹਨ ਕਿ ਕਿਸ ਤਰਾਂ ਲੋੜਵੰਦਾਂ ਅਤੇ ਗਰੀਬਾਂ ਦੇ ਪੇਟ ਦੀ ਅੱਗ ਬੁਝਾਈ ਜਾ ਰਹੀ ਹੈ। ਇਸ ਮਾਹੌਲ ਵਿਚ ਜਦ ਕੋਰੋਨਾ ਦੀ ਲਾਗ ਕਾਰਨ ਬੰਦਾ ਇਕ ਦੂਜੇ ਦੇ ਸਾਹਮਣੇ ਹੋਣ ਤੋਂ ਵੀ ਝਿਜਕਦਾ ਹੈ ਅਤੇ ਡਰ ਮਹਿਸੂਸ ਕਰਦਾ ਹੈ, ਸਿੱਖ ਸੰਸਥਾਵਾਂ ਸਿਰਫ਼ ਸੇਵਾਦਾਰ (ਵਲੰਟੀਅਰ) ਹੀ ਨਹੀਂ ਭੇਜ ਰਹੀਆਂ ਸਗੋਂ ਆਪਣੀਆਂ ਸਾਂਝੀਆਂ ਥਾਵਾਂ, ਸਰਾਵਾਂ, ਸਕੂਲ ਅਤੇ ਡੇਰੇ ਕੋਰੋਨਾ ਪੀੜਤ ਮਰੀਜ਼ਾਂ ਨੂੰ ਏਕਾਂਤਵਾਸ ਵਿਚ ਰੱਖਣ ਲਈ ਭੇਟ ਕਰ ਰਹੀਆਂ ਹਨ। ਸਿੱਖ ਸਿੱਧਾਂਤ ਵਿਚ ਮਾਨਵਤਾ ਦੀ ਸੇਵਾ ਦੇ ਸੰਕਲਪ ਨੂੰ ਪ੍ਰਸ਼ਾਸਨ ਅਤੇ ਸਰਕਾਰਾਂ ਵੀ ਚੰਗੀ ਤਰਾਂ ਸਮਝਦੀਆਂ ਹਨ। ਪੰਜਾਬ ਦੇ ਰਾਜਪਾਲ ਅਤੇ ਚੰਡੀਗੜ ਦੇ ਪ੍ਰਸ਼ਾਸਕ ਵੀ. ਪੀ. ਸਿੰਘ ਬਦਨੋਰ ਨੇ ਕੋਵਿਡ-19 ਦੀ ਮਹਾਂਮਾਰੀ ਦੇ ਮੁਕਾਬਲੇ ਲਈ ਆਪਣੀ ਪਹਿਲੀ ਮੀਟਿੰਗ ਵਿਚ ਵਿਸ਼ੇਸ਼ ਤੌਰ ’ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਚੰਡੀਗੜ ਦੀਆਂ ਬਸਤੀਆਂ ਅਤੇ ਸੜਕਾਂ ਦੇ ਕਿਨਾਰੇ ਰਹਿੰਦੇ ਪ੍ਰਵਾਸੀ ਮਜ਼ਦੂਰਾਂ ਦੀ ਦੋ ਡੰਗ ਦੀ ਰੋਟੀ ਲਈ ਉਹ ਗੁਰਦੁਆਰਾ ਕਮੇਟੀਆਂ ਨਾਲ ਸੰਪਰਕ ਵਿਚ ਹਨ। ਕੁਝ ਸਿੱਖ ਵਿਦਵਾਨਾਂ, ਕਾਲਮ ਨਵੀਸਾਂ ਅਤੇ ਜਥੇਬੰਦੀਆਂ ਵਲੋਂ ਇਸ ਵਰਤਾਰੇ ਦੀ ਨੁਕਤਾਚੀਨੀ ਵੀ ਕੀਤੀ ਜਾ ਰਹੀ ਹੈ ਅਤੇ 1984 ਵਿਚ ਦਰਬਾਰ ਸਾਹਿਬ ਉਪਰ ਫੌਜੀ ਹਮਲੇ, ਦਿੱਲੀ ਦੇ ਸਿੱਖ ਕਤਲੇਆਮ ਅਤੇ ਹੋਰ ਬਹੁਤ ਸਾਰੀਆਂ ਘਟਨਾਵਾਂ ਦਾ ਜ਼ਿਕਰ ਕਰ ਕੇ ਭਾਰਤੀ ਸਟੇਟ ਦੇ ਕਿਰਦਾਰ ਉਪਰ ਉਂਗਲ ਚੁੱਕੀ ਜਾ ਰਹੀ ਹੈ। ਪਰ ਸਿੱਖ ਸਿਧਾਂਤ, ਸਿੱਖ ਕਿਰਦਾਰ ਅਤੇ ਸਿੱਖੀ ਦੇ ਸਮੁੱਚੇ ਬ੍ਰਹਿਮੰਡੀ ਪਾਸਾਰੇ ਦੀ ਨਿਸਬਤ ਇਹ ਗੱਲਾਂ ਬਹੁਤ ਛੋਟੀਆਂ ਹਨ। ਸੇਵਾ ਦੀ ਨੀਤ ਨਾਲ ਮੁਹਾਜ਼ ਉਪਰ ਡਟੇ ਯੋਧਿਆਂ ਦੇ ਮਨ ਮਸਤਕ ਵਿਚ ਭਾਈ ਘਨਈਆ ਦੀ ਸੋਚ ਦਾ ਦੀਵਾ ਜਗਦਾ ਹੈ, ਲਾਲ ਸਿੰਘ ਜਾਂ ਤੇਜਾ ਸਿੰਘ ਵਾਲੀ ਲੋਭੀ ਬਿਰਤੀ ਨਹੀਂ ਹੈ। ਗੁਰਪੁਰਬਾਂ ਅਤੇ ਹੋਰ ਇਤਿਹਾਸਕ ਦਿਹਾੜਿਆਂ ਉਪਰ ਦੁਨੀਆ ਭਰ ’ਚ ਕੱਢੇ ਜਾਂਦੇ ਨਗਰ ਕੀਰਤਨਾਂ, ਸਿੱਖ ਪਰੇਡ ਅਤੇ ਮੁਹੱਲਿਆਂ ਦੀਆਂ ਜੀਵੰਤ ਤਸਵੀਰਾਂ, ਵੀਡੀਓ ਕਲਿਪਿੰਗਜ਼, ਟੈਲੀਵਿਜ਼ਨ ਰਿਪੋਰਟਾਂ ਜਿੱਥੇ ਦੁਨੀਆ ਭਰ ਦੇ ਲੋਕਾਂ ਲਈ ਆਕਰਸ਼ਣ ਦਾ ਕੇਂਦਰ ਬਣਦੀਆਂ ਰਹੀਆਂ ਹਨ, ਉਥੇ ਸਿੱਖ ਮਨਾਂ ਨੂੰ ਵੀ ਸਕੂਲ ਦਿੰਦੀਆਂ ਰਹੀਆਂ ਹਨ। ਪਰ ਹੁਣ ਕਮਰਕਸੇ ਕਰਕੇ ਮੂੰਹ ਨੱਕ ਤੇ ਪਰਨਾ ਜਾਂ ਸਾਫ਼ ਲਪੇਟ ਕੇ ਸੇਵਾ ਕਰ ਰਹੇ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਭਾਵੇਂ ਘੱਟ ਵਿਖਾਈ ਦਿੰਦੀਆਂ ਹਨ ਪਰ ਇਹ ਉਸ ਤੋਂ ਵੱਧ ਤਸੱਲੀ ਵਾਲੀ ਗੱਲ ਹੈ ਜੋ ਸਿੱਖੀ ਦੀਆਂ ਜੜਾਂ ਹੋਰ ਮਜ਼ਬੂਤ ਕਰ ਰਹੀ ਹੈ।

# ਭਾਰਤ ਵਿਚ ਭਗਵੇਂਵਾਦੀ ਫੈਲਾ ਰਹੇ ਨੇ ਫਿਰਕੂ ਵਾਇਰਸ

**- ਮਾਰਕੰਡੇ ਕਾਟਜੂ**

ਭਾਰਤ ਵਿਚ ਬੀਤੇ ਕੁਝ ਮਹੀਨਿਆਂ ਦੌਰਾਨ ਮੁਸਲਮਾਨਾਂ ਉੱਪਰ ਵੱਡੀ ਪੱਧਰ ’ਤੇ ਹਿੰਦੂਤਵੀ ਸ਼ਕਤੀਆਂ ਵਲੋਂ ਅੱਤਿਆਚਾਰ ਕੀਤੇ ਗਏ ਹਨ। ਪੁਲੀਸ ਨੇ ਵੀ ਇਸ ਬਾਰੇ ਇਕਪਾਸੜ ਰੋਲ ਨਿਭਾਇਆ ਹੈ। ਗੋਦੀ ਮੀਡੀਆ ਵੱਲੋਂ ਉਨਾਂ ਨੂੰ ਅੱਤਵਾਦੀ ਤੇ ਦੇਸ਼ ਵਿਰੋਧੀ ਵਜੋਂ ਪੇਸ਼ ਕੀਤਾ ਹੈ। ਪੇਸ਼ ਹਨ ਇਸ ਬਾਰੇ ਕੁਝ ਉਦਾਹਰਣਾਂ :

1) ਬਹੁਤ ਸਾਰੇ ਮੀਡੀਆ ਚੈਨਲਾਂ ਨੇ ਤਬਲੀਗੀ ਜਮਾਤ ਦੇ ਮੁਖੀ ਮੌਲਾਨਾ ਸਾਦ ਨੂੰ ਸ਼ੈਤਾਨ ਵਜੋਂ ਪੇਸ਼ ਕੀਤਾ ਹੈ। ਉਸ ਦੇ ਖ਼ਿਲਾਫ਼ ਆਈਪੀਸੀ ਦੀ ਧਾਰਾ 304 (ਦੋਸ਼ੀ ਕਤਲ) ਦੇ ਤਹਿਤ ਐਫਆਈਆਰ ਦਰਜ ਕੀਤੀ ਗਈ ਹੈ ਅਤੇ ਉਸ ਦੇ ਘਰ ਵੀ ਛਾਪੇਮਾਰੀ ਕੀਤੀ ਗਈ ਹੈ। ਉਸ ਉੱਪਰ ਇਹ ਘਟੀਆ ਇਲਜ਼ਾਮ ਲਗਾਏ ਗਏ ਹਨ ਕਿ ਉਸਨੇ ਭਾਰਤ ਵਿੱਚ ਜਾਣਬੁੱਝ ਕੇ ਕੋਰੋਨਾ ਵਾਇਰਸ ਫੈਲਾਇਆ ਸੀ। ਮੁਸਲਮਾਨ ਕਈ ਦਹਾਕਿਆਂ ਤੋਂ ਨਿਜ਼ਾਮੂਦੀਨ ਦੇ ਮਾਰਕਜ਼ ਵਿੱਚ ਇਕੱਠੇ ਹੁੰਦੇ ਆ ਰਹੇ ਹਨ ਤੇ ਮਾਰਚ ਵਿੱਚ ਵੀ ਹੋਏ ਸਨ। ਮਲੇਸ਼ੀਆ, ਇੰਡੋਨੇਸ਼ੀਆ, ਕਿਰਗਿਸਤਾਨ ਆਦਿ ਤੋਂ ਬਹੁਤ ਸਾਰੇ ਮੁਸਲਮਾਨ ਮਰਕਾਜ਼ ਵਿਚ ਆਏ ਸਨ। ਇਹ ਸੰਭਾਵਨਾ ਹੋ ਸਕਦੀ ਹੈ ਕਿ ਕੁਝ ਲੋਕ ਕੋਰੋਨਾ ਨਾਲ ਪੀੜਤ ਹੋਏ ਹੋਣ ਜੋ ਅਣਜਾਣੇ ਵਿਚ ਜਮਾਤ ਦੇ ਹੋਰ ਲੋਕਾਂ ਵਿਚ ਬਿਮਾਰੀ ਫੈਲਾਉਣ ਦਾ ਕਾਰਨ ਬਣੇ ਹੋਣ। ਪਰ ਇਹ ਕਹਿਣਾ ਕਿ ਇਹ ਜਾਣ ਬੁੱਝ ਕੇ ਕੀਤਾ ਗਿਆ ਸੀ ਬਿਲਕੁਲ ਘਟੀਆ ਗੱਲ ਹੈ। ਮੌਲਾਨਾ ਵਿਰੁੱਧ ਇਹ ਐਫਆਈਆਰ ਪੂਰੀ ਤਰਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਕੁਝ ਲੋਕ ਪੁੱਛਦੇ ਸਨ ਕਿ ਮੌਲਾਨਾ ਸਾਦ ਪੁਲਿਸ ਅੱਗੇ ਆਤਮ ਸਮਰਪਣ ਕਿਉਂ ਨਹੀਂ ਕਰਦਾ? ਪਰ ਕੋਈ ਵੀ ਇਸ ਦੇ ਸਹੀ ਕਾਰਨ ਦਾ ਅੰਦਾਜ਼ਾ ਨਹੀਂ ਲਗਾ ਸਕਦਾ। ਮੈਨੂੰ ਇਹ ਜਾਪਦਾ ਹੈ ਕਿ ਮੁਸਲਮਾਨ ਭਾਈਚਾਰਾ ਸਟੇਟ ਦਹਿਸ਼ਤ ਵਿਚ ਵਿਚਰ ਰਿਹਾ ਹੈ, ਜਿਸ ਕਰਕੇ ਸੰਭਾਵਨਾ ਇਹੀ ਦਿਖਾਈ ਦਿੰਦੀ ਹੈ ਕਿ ਉਹ ਡਰ ਤੇ ਪੁਲੀਸ ਤਸ਼ੱਦਦ ਕਾਰਨ ਕਾਰਨ ਪੇਸ਼ ਨਹੀਂ ਹੋਇਆ ਸੀ।

ਸ਼ਰਜੀਲ ਇਮਾਮ ਦਾ ਕੇਸ

2) ਸ਼ਰਜੀਲ ਇਮਾਮ ਨੂੰ ਅਲੀਗੜ ਮੁਸਲਿਮ ਯੂਨੀਵਰਸਿਟੀ ਵਿਚ ਨਾਗਰਿਕਤਾ ਸੋਧ ਐਕਟ ਦੇ ਖ਼ਿਲਾਫ਼ ਆਪਣੇ ਦਿੱਤੇ ਭਾਸ਼ਣ ਲਈ ਦੇਸ਼ਧ੍ਰੋਹ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਉੱਪਰ ਇਹ ਦੋਸ਼ ਲਗਾਏ ਗਏ ਹਨ ਕਿ ਉਸਨੇ ਭਾਰਤ ਨਾਲੋਂ ਅਸਾਮ ਨੂੰ ਭਾਰਤ ਤੋਂ ਨਿਖੇੜਨ ਲਈ ਲੋਕਾਂ ਨੂੰ ਉਕਸਾਇਆ ਹੈ। ਸ਼ਰਜੀਲ ਨੇ ਆਈਆਈਟੀ, ਮੁੰਬਈ ਤੋਂ ਮਾਸਟਰ ਦੀ ਡਿਗਰੀ ਹਾਸਲ ਕੀਤੀ ਹੈ ਅਤੇ ਜੇਐਨਯੂ ਵਿੱਚ ਆਪਣੀ ਪੀਐਚਡੀ ਕਰ ਰਹੀ ਹੈ। ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ, “ਜਦੋਂ ਅਸਾਮ ਭਾਰਤ ਨਾਲੋਂ ਟੁੱਟ ਗਿਆ ਤਦ ਹੀ ਮੋਦੀ ਸਰਕਾਰ ਸਾਡੀ ਗੱਲ ਸੁਣੇਗੀ।”

ਇਸ ਤੋਂ ਸਪੱਸ਼ਟ ਹੈ ਕਿ ਸ਼ਰਜੀਲ ਸੀਏਏ ਵਿਰੁੱਧ ਸਿਰਫ ਆਪਣੀਆਂ ਭਾਵਨਾਵਾਂ ਸਰਕਾਰ ਤੱਕ ਪਹੁੰਚਾਉਣਾ ਚਾਹੁੰਦੀ ਸੀ ਕਿ ਅਸਾਮੀ ਮੁਸਲਮਾਨਾਂ ਨਾਲ ਵਿਤਕਰਾ ਨਾ ਕੀਤਾ ਜਾਵੇ। ਨਾ ਕਿ ਉਹ ਅਸਾਮ ਨੂੰ ਭਾਰਤ ਨਾਲ ਨਿਖੇੜਨ ਲਈ ਬਗਾਵਤ ਭੜਕਾ ਰਹੀ ਸੀ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪ੍ਰਗਟਾਵੇ ਦੀ ਆਜ਼ਾਦੀ ’ਤੇ ਪਾਬੰਦੀ ਸਿਰਫ ਤਾਂ ਲਗਾਈ ਜਾ ਸਕਦੀ ਹੈ ਜੇ ਇਹ ਅਮਨ-ਕਾਨੂੰਨ ਨੂੰ ਖਤਰਾ ਪੈਦਾ ਕਰਦੀ ਹੋਵੇ। ਸ਼ਾਰਜ਼ੀਲ ਨੇ ਅਜਿਹਾ ਕੋਈ ਭਾਸ਼ਣ ਨਹੀਂ ਦਿੱਤਾ, ਜਿਸ ਨਾਲ ਬਗਾਵਤ ਫੈਲਦੀ ਹੋਵੇ। ਇਸ ਲਈ ਉਸ ਦਾ ਭਾਸ਼ਣ ਭਾਰਤ ਦੇ ਸੰਵਿਧਾਨ ਦੇ ਆਰਟੀਕਲ 19 (1) (ਏ) ਦੁਆਰਾ ਪ੍ਰਗਟਾਵੇ ਦੀ ਆਜ਼ਾਦੀ ਅਨੁਸਾਰ ਹੀ ਸੀ।

ਡਾਕਟਰ ਕਫਿਲ ਖਾਨ ਦਾ ਕੇਸ

ਇਕ ਡਾਕਟਰ (ਬਾਲ ਮਾਹਿਰ) ਡਾ. ਕਫੀਲਖਾਨ ਨੂੰ 12 ਦਸੰਬਰ 2019 ਨੂੰ ਅਲੀਗੜ ਮੁਸਲਿਮ ਯੂਨੀਵਰਸਿਟੀ ਨੂੰ ਇਸ ਸਾਲ ਜਨਵਰੀ ਮਹੀਨੇ ਵਿੱਚ ਨਾਗਰਿਕਤਾ ਵਿਰੋਧੀ ਪ੍ਰਦਰਸ਼ਨ ਪ੍ਰਦਰਸ਼ਨ ਸੰਬੰਧੀ ਭਾਸ਼ਣ ਦੇਣ ਲਈ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਸ ਨੇ ਦੋ ਧਰਮਾਂ ਦਰਮਿਆਨ ਦੁਸ਼ਮਣੀ ਵਧਾਉਣ ਲਈ ਲੋਕਾਂ ਨੂੰ ਉਕਸਾਇਆ ਹੈ। ਕੈਫੀਲ ਦਾ ਭਾਸ਼ਣ ਯੂ-ਟਿਊਬ ’ਤੇ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਉਸਨੇ ਅਜਿਹਾ ਕੁਝ ਨਹੀਂ ਕਿਹਾ। ਉਸ ਨੇ ਕਿਹਾ ਸੀ ਕਿ ਮੋਤਾ ਭਾਈ (ਭਾਵ ਗ੍ਰਹਿ ਮੰਤਰੀ ਅਮਿਤ ਸ਼ਾਹ) ਮੁਸਲਮਾਨਾਂ ਨੂੰ ‘ਦੂਜੇ ਦਰਜੇ ਦੇ ਨਾਗਰਿਕ’ ਵਿਚ ਤਬਦੀਲ ਕਰ ਰਹੇ ਹਨ। ਉਸ ਨੇ ਕਿਹਾ, “ਤੁਸੀਂ ਸਾਡੇ ਮੁਸਲਮਾਨਾਂ ਕੋਲੋਂ ਅਧਿਕਾਰ ਨਾ ਖੋਹੋ ਡਰਾਵੋ ਨਾ।” ਅਸੀਂ (ਭਾਵ ਭਾਰਤੀ ਮੁਸਲਮਾਨ) 25 ਕਰੋੜ ਹਾਂ। ਤੁਸੀਂ ਸਾਨੂੰ ਭੀੜਾਂ ਦੁਆਰਾ ਲਿੰਚਿੰਗ ਦਾ ਸਹਾਰਾ ਲੈ ਕੇ ਡਰਾਉਣ ਦੀ ਕੋਸ਼ਿਸ ਨਾ ਕਰੋ। ਇਹ ਸਾਡਾ ਭਾਰਤ ਹੈ। ਇਹ ਕਿੰਨੀ ਖਤਰਨਾਕ ਗੱਲ ਹੈ ਕਿ ਇਸ ਭਾਸ਼ਣ ਕਾਰਨ ਧਾਰਾ 153 ਏ ਆਈਪੀਸੀ ਲਗਾ ਦਿੱਤੀ ਗਈ। ਡਾ. ਕਫਿਲ ਨੂੰ ਜ਼ਮਾਨਤ ਮਿਲ ਗਈ ਸੀ ਪਰ ਤੁਰੰਤ ਉਸ ਨੂੰ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਹ ਅਜੇ ਵੀ ਜੇਲ ਵਿੱਚ ਹੈ। ਡਾ. ਕਫਿਲ ਨੂੰ ਇਸ ਤੋਂ ਪਹਿਲਾਂ ਬੀਆਰਡੀ ਮੈਡੀਕਲ ਕਾਲਜ, ਗੋਰਖਪੁਰ ਵਿਖੇ ਬੱਚਿਆਂ ਦੀ ਮੌਤ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ, ਕਿਉਂਕਿ ਕਾਲਜ ਹਸਪਤਾਲ ਵਿੱਚ ਆਕਸੀਜਨ ਸਿਲੰਡਰ ਦੀ ਘਾਟ ਸੀ। ਪਰ ਜਾਂਚ ਦੌਰਾਨ ਇਹ ਪਤਾ ਲੱਗਾ ਕਿ ਡਾ. ਕਫਿਲ ਨੇ ਅਧਿਕਾਰੀਆਂ ਨੂੰ ਵਾਰ-ਵਾਰ ਆਕਸੀਜਨ ਸਿਲੰਡਰ ਦੀ ਘਾਟ ਬਾਰੇ ਦੱਸਿਆ ਸੀ ਤੇ ਸੰਕਟ ਦੌਰਾਨ ਕੁਝ ਸਿਲੰਡਰ ਲੈਣ ਲਈ ਮਰੀਜ਼ਾਂ ਨੂੰ ਆਪਣੀ ਜੇਬ ਵਿਚੋਂ ਪੈਸੇ ਦਿੱਤੇ ਸਨ। ਪਰ ਜਾਣ ਬੁੱਝ ਕੇ ਉਸ ਨੂੰ ਮੁਸਲਮਾਨ ਹੋਣ ਕਾਰਨ ਸਰਕਾਰ ਵਲੋਂ ਨਿਸ਼ਾਨਾ ਬਣਾਇਆ ਗਿਆ।

4) ਹੁਣੇ ਜਿਹੇ ਹੋਏ ਦਿੱਲੀ ਹਿੰਸਾ (ਫਰਵਰੀ 2020) ਵਿੱਚ ਭਗਵੇਂ ਗੁੰਡਿਆਂ ਵਲੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਪੁਲਿਸ ਇਸ ਮਾਮਲੇ ਵਿੱਚ ਮੂਕ ਦਰਸ਼ਕ ਰਹੀ ਹੈ। ਗੁੰਡਿਆਂ ’ਤੇ ਹੁਣ ਤੱਕ ਕਾਰਵਾਈ ਨਹੀਂ ਹੋਈ।

5) ਇਕ ਗਰਭਵਤੀ ਔਰਤ ਨੂੰ ਰਾਜਸਥਾਨ ਦੇ ਭਰਤਪੁਰ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ, ਕਿਉਂਕਿ ਉਹ ਇਕ ਮੁਸਲਮਾਨ ਸੀ। ਦਾਖਲ ਨਾ ਹੋਣ ਕਾਰਨ ਉਸ ਦੇ ਬੱਚੇ ਦੀ ਮੌਤ ਹੋ ਗਈ।

6) ਬਹੁਤ ਸਾਰੇ ਗੋਦੀ ਮੀਡੀਆ ਦੇ ਪੱਤਰਕਾਰਾਂ ਨੇ ਕੋਰੋਨਾ ਵਿਸ਼ਾਣੂ ਫੈਲਾਉਣ ਦੀ ਸਾਜਿਸ਼ ਲਈ ਭਾਰਤੀ ਮੁਸਲਮਾਨਾਂ ਨੂੰ ਦੋਸ਼ੀ ਠਹਿਰਾਇਆ, ਖ਼ਾਸਕਰ ਤਬੀਲਗੀ ਜਮਾਤ ਨਾਲ ਜੁੜੇ ਲੋਕਾਂ ਨੂੰ।

7) ਜਾਮੀਆ ਮਿਲੀਆ ਵਿੱਚ ਨਾਗਰਿਕ ਕਾਨੂੰਨਾਂ ਵਿਰੁੱਧ ਹੋਏ ਅੰਦੋਲਨ ਦੌਰਾਨ ਹਿੰਸਾ ਦੇ ਦੋਸ਼ ਹੇਠ ਹੁਣ ਤੱਕ ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਵਿਰੁੱਧ ਯੂ ਏ ਪੀ ਏ ਤਹਿਤ ਇੱਕ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ। ਉਸ ਉੱਤੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਦਿੱਲੀ ਵਿੱਚ ਦੰਗੇ ਭੜਕਾਉਣ ਲਈ ਲੋਕਾਂ ਨੂੰ ਉਕਸਾਇਆ ਸੀ। ਮੁਕੱਦਮੇ ਵਿੱਚ ਉਮਰ ਵੱਲੋਂ ਦਿੱਤੇ ਭਾਸ਼ਣ ਦੇ ਜਿਹੜੇ ਸ਼ਬਦ ਅਧਾਰ ਬਣਾਏ ਗਏ ਹਨ, ਉਹ ਇਸ ਤਰਾਂ ਹਨ, “ਜਦੋਂ 24 ਫ਼ਰਵਰੀ ਨੂੰ ਡੋਨਾਲਡ ਟਰੰਪ ਭਾਰਤ ਆਉਣਗੇ ਤਾਂ ਅਸੀਂ ਕਹਾਂਗੇ ਕਿ ਪ੍ਰਧਾਨ ਮੰਤਰੀ ਅਤੇ ਭਾਰਤ ਸਰਕਾਰ ਦੇਸ਼ ਨੂੰ ਵੰਡਣ ਦੇ ਜਤਨ ਕਰ ਰਹੇ ਹਨ। ਉਹ ਮਹਾਤਮਾ ਗਾਂਧੀ ਦੀਆਂ ਕਦਰਾਂ-ਕੀਮਤਾਂ ਨੂੰ ਬਰਬਾਦ ਕਰ ਰਹੇ ਹਨ ਅਤੇ ਭਾਰਤੀ ਲੋਕ ਉਨਾਂ ਖ਼ਿਲਾਫ਼ ਲੜ ਰਹੇ ਹਨ।

ਹੁਣੇ ਜਿਹੇ ਕੋਵੀਡ 19 ਸਮੂਹ ਨੂੰ ਭਾਰਤੀ ਵਿਗਿਆਨੀਆਂ ਨੇ ਆਪਣੀ ਰਿਪੋਰਟ ਦਿੱਤੀ ਹੈ, ਜਿਸ ਵਿਚ ਕਿਹਾ ਹੈ ਕਿ “ਮੌਜੂਦ ਅੰਕੜੇ ਇਸ ਕਿਆਸਰਾਈਆਂ ਦਾ ਸਮਰਥਨ ਨਹੀਂ ਕਰਦੇ ਕਿ ਭਾਰਤ ਵਿਚ ਕੋਰੋਨਾ ਵਾਇਰਸ ਦਾ ਮਹਾਂਮਾਰੀ ਮੁੱਖ ਤੌਰ ’ਤੇ ਤਬਲੀਗੀ ਸਮੂਹ ਜ਼ਿੰਮੇਵਾਰ ਹੈ।” # ਕੋਰੋਨਾ ਜੇਹਾਦ, # ਕੋਰੋਨਾ ਟੈਰੋਰਿਜ਼ਮ ਅਤੇ # ਕੋਰੋਨਾ ਟਾਬਲੀਗੀ ਵਰਗੇ ਕਈ ਹੈਸ਼ਟੈਗ ਟਵਿੱਟਰ ’ਤੇ ਟ੍ਰੈਂਡ ਹੋ ਚੁੱਕੇ ਹਨ। # ਕੋਰੋਨਾ ਜਿਹਾਦ ਹੈਸ਼ਟੈਗ ਨੇ ਲਗਭਗ 3 ਲੱਖ ਟਵੀਟ ਕੀਤੇ ਹਨ ਅਤੇ ਟਵਿੱਟਰ ’ਤੇ ਲਗਭਗ 165 ਮਿਲੀਅਨ ਲੋਕਾਂ ਨੇ ਇਸ ਨੂੰ ਦੇਖਿਆ ਹੈ।

ਮੁਸਲਮਾਨਾਂ ਨੂੰ ਗੋਲੀ ਮਾਰੋ

ਮੁੱਖ ਧਾਰਾ ਦੇ ਮੀਡੀਆ ਨੇ ਵਾਰ-ਵਾਰ ਜ਼ੋਰ ਦੇ ਕੇ ਕਿਹਾ ਕਿ ਤਬਲੀਗੀ ਜਮਾਤ ਦੇ ਮੈਂਬਰ ‘ਸੁਪਰ ਫੈਡਰਰ’ ਹਨ ਅਤੇ ਕੁਝ ਲੋਕਾਂ ਨੇ ਮੰਗ ਕੀਤੀ ਕਿ ਉਨਾਂ ਨੂੰ ਗੋਲੀ ਮਾਰ ਦਿੱਤੀ ਜਾਵੇ। ਉਨਾਂ ’ਤੇ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਤੇ ਥੁੱਕਣ, ਹਸਪਤਾਲ ਦੇ ਵਾਰਡਾਂ ਵਿਚ ਟਾਲ-ਮਟੋਲ ਕਰਨ, ਨਰਸਾਂ ਨਾਲ ਬਦਸਲੂਕੀ ਕਰਨ, ਪਿਸ਼ਾਬ ਦੀਆਂ ਬੋਤਲਾਂ ਸੁੱਟਣ, ਮੀਟ ਬਿਰਾਨੀ ਦੀ ਮੰਗ ਕਰਨ ਆਦਿ’ ਤੇ ਦੋਸ਼ ਸਨ। ਇਹ ਵੀ ਕਿਹਾ ਗਿਆ ਸੀ ਕਿ ਤਬਲੀਗੀ ਦਾ ਉਦੇਸ਼ ਕੋਰੋਨਾ ਦੇ ਲਾਗ ਨੂੰ ਵੱਧ ਤੋਂ ਵੱਧ ਫੈਲਾਉਣਾ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਇਹ ਇਲਜ਼ਾਮ ਹਿਟਲਰ ਦੇ ਨਾਜ਼ੀ ਮੰਤਰੀ ਗੋਇਬਲਸ ਦੇ ਸਿਧਾਂਤ ਦੀ ਯਾਦ ਦਿਵਾਉਂਦਾ ਹੈ ਕਿ ਜਿੰਨਾ ਵੱਡਾ ਝੂਠ ਬੋਲਿਆ ਜਾਵੇ ਵਾਰ ਵਾਰ ਬੋਲਿਆ ਜਾਵੇ ਓਨਾ ਹੀ ਆਸਾਨੀ ਨਾਲ ਇਸ ਨੂੰ ਜਨਤਾ ਨਿਗਲ ਜਾਵੇਗੀ ਤੇ ਸੱਚ ਮੰਨ ਲਵੇਗੀ। ਇਹੀ ਧਾਰਨਾ ਤਬਲੀਗੀ ਤੇ ਮੁਸਲਮਾਨ ਸਮਾਜ ਲਈ ਅਪਨਾਈ ਗਈ।

ਇਹ ਸੱਚ ਹੋ ਸਕਦਾ ਹੈ ਕਿ ਤਬਲੀਗੀ ਜਮਾਤ ਨੇ ਮਾਰਕਜ਼ ਵਿਚ ਧਾਰਮਿਕ ਪ੍ਰੋਗਰਾਮ ਆਯੋਜਿਤ ਕਰਦਿਆਂ ਅਜਿਹੇ ਸਮੇਂ ਲਾਪਰਵਾਹੀ ਨਾਲ ਕੰਮ ਕੀਤਾ. ਪਰ ਇਸ ਤਰਾਂ ਹੋਰ ਧਾਰਮਿਕ ਸਮੂਹਾਂ, ਰਾਜਨੀਤਿਕ ਸਮੂਹਾਂ ਨੇ ਵੀ ਕੀਤਾ, ਜਿਸ ਵਿਚ ਕੋਰੋਨਾ ਵਿਸ਼ਾਣੂ ਨਾਲ ਸੰਬੰਧਤ ਡਾਕਟਰੀ ਹਦਾਇਤਾਂ ਦਾ ਖਿਆਲ ਨਹੀਂ ਰੱਖਿਆ ਗਿਆ। ਉਦਾਹਰਣ ਵਜੋਂ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ 25 ਮਾਰਚ ਨੂੰ ਅਯੁੱਧਿਆ ਵਿੱਚ ਇੱਕ ਵੱਡੇ ਹਿੰਦੂ ਤਿਉਹਾਰ ਵਿੱਚ ਸ਼ਾਮਲ ਹੋਏ ਸਨ ਅਤੇ ਸਾਰੇ ਦੇਸ਼ ਵਿੱਚ ਕੋਰੋਨਾ ਵਾਇਰਸ ਕਾਰਨ ਤਾਲਾਬੰਦੀ ਲਾਗੂ ਸੀ। ਉਸੇ ਸਮੇਂ, ਲੱਖਾਂ ਪ੍ਰਵਾਸੀ ਮਜ਼ਦੂਰ ਵੱਖ ਵੱਖ ਥਾਵਾਂ ਤੇ ਇਕੱਠੇ ਹੋਏ ਸਨ ਜੋ ਕਿ ਸਾਰੇ ਮੁਸਲਮਾਨ ਨਹੀਂ ਸਨ। ਮੁੰਬਈ ਦੀ ਧਾਰਾਵੀ ਦੀ ਝੁੱਗੀਆਂ ਵਿਚ ਇਕ ਕੋਰੋਨਾ ਸਕਾਰਾਤਮਕ ਮਰੀਜ਼ ਸੀ ਜੋ ਮੁਸਲਮਾਨ ਨਹੀਂ ਸੀ। ਫਿਰ ਵੀ, ਸਾਰਾ ਦੋਸ਼ ਮੁਸਲਮਾਨਾਂ ਤੇ ਪਾਇਆ ਗਿਆ। ਜਿਵੇਂ ਕਿ ਉਹ ਇਕੱਲੇ ਇਸ ਲਈ ਜ਼ਿੰਮੇਵਾਰ ਹਨ। ਅਜੋਕੇ ਸਮੇਂ ਵਿੱਚ ਭਾਰਤ ਦੇ ਕਈ ਹਿੱਸਿਆਂ ਵਿੱਚ ਮੁਸਲਮਾਨਾਂ ਉੱਤੇ ਹਮਲੇ ਕੀਤੇ ਗਏ ਹਨ।

ਕਰਨਾਟਕ ਵਿੱਚ ਵਟਸਐਪ ਉੱਤੇ ਇੱਕ ਆਡੀਓ ਕਲਿੱਪ ਜਾਰੀ ਕੀਤੀ ਗਈ ਸੀ ਜਿਸ ਵਿੱਚ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਮੁਸਲਮਾਨਾਂ ਕੋਲੋਂ ਫਲਾਂ ਅਤੇ ਸਬਜ਼ੀਆਂ ਨਾ ਖਰੀਦਣ ਤੇ ਨਾ ਹੀ ਆਪਣੀਆਂ ਕੋਲੋਨੀਆਂ ਵਿਚ ਵੜਨ ਦੇਣ, ਕਿਉਂਕਿ ਉਹ ਆਪਣੀਆਂ ਚੀਜ਼ਾਂ ਰਾਹੀਂ ਕੋਰੋਨਾ ਫੈਲਾਉਂਦੇ ਹਨ। ਮੰਗਲੌਰ ਵਿੱਚ ਪੋਸਟ ਕੀਤੇ ਗਏ ਪੋਸਟਰਾਂ ਵਿੱਚ ਕਿਹਾ ਗਿਆ ਹੈ ਕਿ ਕੁਝ ਖਾਸ ਮੁਹੱਲਿਆਂ ਵਿੱਚ ਮੁਸਲਮਾਨਾਂ ਨੂੰ ਵੜਨ ਦੀ ਆਗਿਆ ਨਹੀਂ ਹੈ। ਇਕ ਪੋਸਟਰ ਵਿਚ ਕਿਹਾ ਗਿਆ ਹੈ, “ਜਦ ਤੱਕ ਕੋਰੋਨਾ ਪੂਰੀ ਤਰਾਂ ਖ਼ਤਮ ਨਹੀਂ ਹੋ ਜਾਂਦੀ, ਕਿਸੇ ਵੀ ਮੁਸਲਮਾਨ ਵਪਾਰੀ ਨੂੰ ਸਾਡੇ ਮੁਹੱਲੇ ਨਹੀਂ ਪਹੁੰਚਣ ਦਿੱਤਾ ਜਾਵੇਗਾ।” ਪਿੰਡ ਅੰਨਕਾਹੱਲੀ ਵਿੱਚ, ਗ੍ਰਾਮ ਪੰਚਾਇਤ ਪ੍ਰਧਾਨ ਨੇ ਚੇਤਾਵਨੀ ਜਾਰੀ ਕੀਤੀ ਕਿ ਜੇਕਰ ਇੱਕ ਹਿੰਦੂ ਕਿਸੇ ਮੁਸਲਮਾਨ ਨਾਲ ਲੈਣ ਦੇਣ ਕਰਦੇ ਹੋਏ ਫੜਿਆ ਗਿਆ ਤਾਂ ਉਸ ਨੂੰ 500 ਤੋਂ 1000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਤਰਾਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਭਾਰਤ ਦੇ ਕਈ ਹਿੱਸਿਆਂ ਤੋਂ ਦਿੱਤੀਆਂ ਜਾ ਸਕਦੀਆਂ ਹਨ, ਜਿਹੜੀਆਂ ਦੱਸਦੀਆਂ ਹਨ ਕਿ 200 ਮਿਲੀਅਨ ਤੋਂ ਵੱਧ ਭਾਰਤੀ ਮੁਸਲਮਾਨਾਂ ਨਾਲ ਕਿਸ ਤਰਾਂ ਗੁਲਾਮਾਂ ਵਾਂਗ ਦੁਰਵਿਵਹਾਰ ਕੀਤਾ ਜਾਂਦਾ ਹੈ। ਇਹ ਇਸਲਾਮੋਫੋਬੀਆ ਕੋਰੋਨਾ ਦੇ ਮੁੱਦੇ ਉੱਪਰ ਜਾਣ ਬੁੱਝ ਕੇ ਫੈਲਾਇਆ ਜਾ ਰਿਹਾ ਹੈ, ਜੋ ਕਿ ਸਮਾਜ ਲਈ ਤੇ ਭਾਰਤ ਲਈ ਖਤਰਨਾਕ ਹੋਵੇਗਾ।

# ਆਰਥਿਕ ਸੰਕਟ ਕਰਕੇ ਪੰਜਾਬ ਤੇ ਕੇਂਦਰ ਵਿਚਕਾਰ ਵਧੇਗਾ ਟਕਰਾਅ

**- ਬਲਵਿੰਦਰਪਾਲ ਸਿੰਘ**

ਕੋਰੋਨਾ ਵਾਇਰਸ ਦੌਰਾਨ ਲੰਬੀ ਹੁੰਦੀ ਤਾਲਾਬੰਦੀ ਕਰਕੇ ਪੰਜਾਬ ਸਰਕਾਰ ਆਰਥਿਕ ਸੰਕਟ ਵਿਚ ਫਸ ਗਿਆ ਹੈ ਤੇ ਇਸ ਕਾਰਨ ਪੰਜਾਬ ਤੇ ਕੇਂਦਰ ਵਿਚਾਲੇ ਆਪਸ ਵਿਚ ਹੋਰ ਖਿੱਚੋਤਾਣ ਵਧਣ ਦੀ ਸੰਭਾਵਨਾ ਬਣ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਰੋਨਾ ਸੰਕਟ ਵਿਚ ਰਾਜ ਦੇ ਭਾਰੀ ਨੁਕਸਾਨ ਦਾ ਖ਼ਦਸ਼ਾ ਜ਼ਾਹਿਰ ਕਰ ਚੁੱਕੇ ਹਨ ਤੇ ਕੇਂਦਰ ਤੋਂ ਕੋਰੋਨਾ ਲਈ ਅਲੱਗ ਫ਼ੰਡ ਮੰਗ ਰਹੇ ਹਨ। ਪੰਜਾਬ ਸਰਕਾਰ ਦਾ ਜਿਸ ਤਰਾਂ ਨਾਲ ਘਾਟਾ ਲਗਾਤਾਰ ਵਧ ਰਿਹਾ ਹੈ ਤਾਂ ਉਸ ਕਰਕੇ ਕੈਪਟਨ ਸਰਕਾਰ ਧਰਮ ਸੰਕਟ ਵਿਚ ਫਸਦੀ ਪ੍ਰਤੀਤ ਹੋ ਰਹੀ ਹੈ। ਪੰਜਾਬ ਸਰਕਾਰ ਨੂੰ ਠੇਕੇ ਖੋਲਣ ਲਈ ਝੰਡੀ ਨਾ ਮਿਲਣ ਕਾਰਨ ਰਾਜ ਸਰਕਾਰ ਨੂੰ ਇਕ ਵੱਡਾ ਝਟਕਾ ਲੱਗਾ ਹੈ। ਰਾਜ ਵਿਚ ਨਾਜਾਇਜ਼ ਸ਼ਰਾਬ ਨਾਲ ਸਰਕਾਰੀ ਮਾਲੀਆ ਦਾ ਨੁਕਸਾਨ ਹੋ ਰਿਹਾ ਹੈ। ਅਸਲ ਗੱਲ ਇਹ ਹੈ ਕਿ ਲਾਕਡਾਊਨ ਤੋਂ ਬਾਅਦ ਮੋਦੀ ਸਰਕਾਰ ਨੇ ਕੋਰੋਨਾ ਵਿਰੁੱਧ ਪੰਜਾਬ ਦੇ ਹਿੱਤ ਵਿਚ ਕੋਈ ਆਰਥਿਕ ਉਦਮ ਨਹੀਂ ਕੀਤਾ। ਕੇਂਦਰ 'ਕੋਰੋਨਾ' ਵਿਰੁੱਧ ਲੜਨ ਲਈ ਰਾਜਾਂ ਦੀ ਸਹਾਇਤਾ ਕਰਨ ਦੀ ਥਾਂ ਉਨਾਂ ਵਿਰੁੱਧ ਹੀ ਮੋਰਚਾ ਖੋਲੀ ਬੈਠੀ ਹੈ। ਇਸ ਵੇਲੇ ਮੋਦੀ ਸਰਕਾਰ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ 'ਕਰੋਨਾ' ਵਿਰੁੱਧ ਲੜਾਈ ਕਰਨ ਲਈ ਸਾਰੇ ਕਦਮ ਉਹ ਹੀ ਚੁੱਕ ਰਹੀ ਹੈ ਤੇ ਸੂਬਾ ਸਰਕਾਰਾਂ ਪੂਰੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀਆਂ।

ਵਿੱਤੀ ਸਾਧਨਾਂ ਉੱਪਰ ਕੇਂਦਰ ਦਾ ਕੰਟਰੋਲ ਹੈ ਤੇ ਉਹ ਰਾਜਾਂ ਨੂੰ ਆਪਣੇ ਅਨੁਸਾਰ ਹੀ ਚਲਾਉਣਾ ਚਾਹੁੰਦੀ ਹੈ। ਜਦੋਂ ਤੋਂ ਮੋਦੀ ਸਰਕਾਰ ਕੇਂਦਰ ਵਿਚ ਆਈ ਹੈ, ਉਹ ਰਾਜ ਸਰਕਾਰਾਂ ਨੂੰ ਕਮਜ਼ੋਰ ਕਰਕੇ ਸਾਰੀਆਂ ਤਾਕਤਾਂ ਕੇਂਦਰ ਦੇ ਹੱਥ ਕੇਂਦਰਤ ਕਰਨ ਦੀ ਨੀਤੀ ਉੱਤੇ ਚੱਲ ਰਹੀ ਹੈ। ਇਸ ਲਈ ਕੋਰੋਨਾ ਮਹਾਂਮਾਰੀ ਦੇ ਦੌਰ ਵਿੱਚ ਜਦੋਂ ਵੀ ਕਿਸੇ ਰਾਜ ਨੇ ਆਪਣੇ ਲੋਕਾਂ ਦੀ ਭਲਾਈ ਲਈ ਕੋਈ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਸ ਉੱਪਰ ਪਾਬੰਦੀ ਲਗਾ ਦਿੱਤੀ ਜਾਂਦੀ ਹੈ। ਪਹਿਲਾਂ ਕੇਰਲਾ ਵੱਲੋਂ ਕੁਝ ਦੁਕਾਨਾਂ ਖੋਲੇ ਜਾਣ ਦੇ ਫ਼ੈਸਲੇ ਉੱਪਰ ਰੋਕ ਲਗਾ ਦਿੱਤੀ ਤੇ ਬਾਅਦ ਵਿੱਚ ਉਹੀ ਫ਼ੈਸਲਾ ਆਪਣੇ ਵੱਲੋਂ ਸੁਣਾ ਦਿੱਤਾ ਗਿਆ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਦੋਂ ਕੇਂਦਰ ਤੋਂ ਸ਼ਰਾਬ ਦੀਆਂ ਦੁਕਾਨਾਂ ਖੋਲਣ ਦੀ ਮੰਗ ਕੀਤੀ ਗਈ ਤਾਂ ਨਾਂਹ ਕਹਿ ਦਿੱਤੀ ਗਈ। ਕੈਪਟਨ ਅਮਰਿੰਦਰ ਸਿੰਘ ਨੂੰ ਇੱਕ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਇਹ ਕਹਿਣਾ ਪਿਆ ਕਿ ਤੁਸੀਂ ਫਲਾਂ-ਸਬਜ਼ੀਆਂ ਦੀਆਂ ਦੁਕਾਨਾਂ ਖੋਲਣ ਦੀ ਤਾਂ ਇਜਾਜ਼ਤ ਦੇ ਰਹੇ ਹੋ, ਜਿਨਾਂ ਰਾਹੀਂ ਵਾਇਰਸ ਫੈਲਣ ਦਾ ਡਰ ਹੈ, ਪਰ ਬੋਤਲਾਂ ਵਿੱਚ ਬੰਦ ਸ਼ਰਾਬ ਉੱਤੇ ਰੋਕ ਲਾਈ ਜਾ ਰਹੀ ਹੈ, ਜਿਸ ਤੋਂ ਕੋਰੋਨਾ ਫੈਲਣ ਦਾ ਡਰ ਹੀ ਨਹੀਂ ਹੈ। ਅਸਲ ਵਿੱਚ ਕੇਂਦਰ ਆਪਣੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਲਈ ਰਾਜਾਂ ਨੂੰ ਕੰਗਾਲ ਕਰਨਾ ਚਾਹੁੰਦਾ ਹੈ ਤਾਂ ਜੋ ਉਹ ਕੇਂਦਰ ਅੱਗੇ ਹੱਥ ਅੱਡਣ ਲਈ ਮਜਬੂਰ ਹੋ ਜਾਣ। ਸ਼ਰਾਬ ਤੇ ਪੈਟਰੋਲ/ਡੀਜ਼ਲ ਦੋ ਚੀਜ਼ਾਂ ਹਨ, ਜਿਨਾਂ ਉੱਤੇ ਰਾਜ ਸਰਕਾਰਾਂ ਸਿੱਧੇ ਟੈਕਸ ਲਾ ਸਕਦੀਆਂ ਹਨ। ਪੈਟਰੋਲੀਅਮ ਪਦਾਰਥਾਂ ਉੱਤੇ ਤਾਂ ਸਰਕਾਰ ਪਹਿਲਾਂ ਹੀ ਵੱਡਾ ਟੈਕਸ ਲਾਈ ਬੈਠੀ ਹੈ। ਟੈਕਸ ਤਾਂ ਹੁਣ ਪੰਜਾਬ ਨੂੰ ਸ਼ਰਾਬ ਤੋਂ ਹੀ ਹਾਸਲ ਹੋਣਾ ਸੀ। ਪਰ ਕੇਂਦਰ ਸਰਕਾਰ ਇਸ ਅੱਗੇ ਅੜਿੱਕੇ ਡਾਹ ਰਹੀ ਹੈ। ਕੋਰੋਨਾ ਮਹਾਂਮਾਰੀ ਕਾਰਣ ਕੇਂਦਰ ਸਰਕਾਰ 1897 ਵਿੱਚ ਬਣੇ 'ਮਹਾਂਮਾਰੀ ਐਕਟ' ਦਾ ਸਹਾਰਾ ਲੈ ਕੇ ਰਾਜ ਸਰਕਾਰਾਂ ਨੂੰ ਅੱਖਾਂ ਵਿਖਾ ਰਹੀ ਹੈ। ਉਹ ਰਾਜਾਂ ਨੂੰ ਆਰਥਿਕ ਮਹਾਂਮਾਰੀ ਰਾਹੀਂ ਅਜਿਹੀ ਸਥਿਤੀ ਵਿੱਚ ਲਿਆਉਣਾ ਚਾਹੁੰਦੀ ਹੈ, ਜਿੱਥੇ ਪੁੱਜ ਕੇ ਉਨਾਂ ਅੱਗੇ ਕੇਂਦਰ ਤੋਂ ਸਹਾਇਤਾ ਦੀ ਭੀਖ ਮੰਗਣ ਤੋਂ ਬਿਨਾਂ ਕੋਈ ਚਾਰਾ ਨਾ ਰਹੇ।

ਕੈਪਟਨ ਅਮਰਿੰਦਰ ਸਿੰਘ ਵਾਰ ਵਾਰ ਆਖ ਰਹੇ ਹਨ ਕਿ ਪੰਜਾਬ ਨੂੰ ਵਿਸ਼ੇਸ਼ ਪੈਕੇਜ਼ ਦਿੱਤਾ ਜਾਵੇ। ਪੰਜਾਬ ਨਾਲ ਹੀ ਸਬੰਧਿਤ ਅਕਾਲੀ ਦਲ ਦੇ ਕੇਂਦਰ ਵਿੱਚ ਕੈਬਨਿਟ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਅੰਕੜੇ ਪੇਸ਼ ਕਰਕੇ ਆਖ ਰਹੇ ਹਨ ਕਿ ਕਿਵੇਂ ਰਾਸ਼ਨ ਸਮੇਤ ਵੱਖ-ਵੱਖ ਮਾਮਲਿਆਂ ਵਿੱਚ ਕੇਂਦਰ ਵੱਲੋਂ ਫੰਡ ਭੇਜੇ ਜਾ ਰਹੇ ਹਨ ਪਰ ਕੇਂਦਰ ਦੇ ਫੰਡਾਂ ਦੀ ਕੈਪਟਨ ਸਰਕਾਰ ਸਹੀ ਵਰਤੋਂ ਨਹੀਂ ਕਰ ਰਹੀ। ਵਿਸ਼ੇਸ਼ ਪੈਕੇਜ਼ ਬਾਰੇ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਹਾਲੇ ਤੱਕ ਜਾਣਕਾਰੀ ਨਹੀਂ ਦੇ ਸਕੇ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕ ਵਿਚ ਕੀ ਭੂਮਿਕਾ ਨਿਭਾਈ ਹੈ। ਹਾਲਾਂਕਿ ਬੀਬਾ ਹਰਸਿਮਰਤ ਪੰਜਾਬ ਵੱਲੋਂ ਹੀ ਕੇਂਦਰ ਵਿੱਚ ਪ੍ਰਤੀਨਿਧਤਾ ਕਰਦੇ ਹਨ ਤੇ ਉਨਾਂ ਨੂੰ ਪੰਜਾਬ ਦੀਆਂ ਮੁਸ਼ਕਲਾਂ ਕੇਂਦਰ ਕੋਲ ਦੱਸ ਕੇ ਹੱਲ ਕਰਵਾਉਣੀਆਂ ਚਾਹੀਦੀਆਂ ਹਨ, ਜਿਸ ਵਿਚ ਉਹ ਅਸਫਲ ਸਿੱਧ ਹੋਏ ਹਨ। ਅਸੀਂ ਇਹ ਸਭ ਜਾਣਦੇ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤੀ ਨੂੰ ਭਗਵੇਂਵਾਦੀ ਵਾਇਰਸ ਨੀਤੀ ਨੇ ਕਾਬੂ ਕਰ ਲਿਆ ਹੈ। ਇਸੇ ਕਾਰਨ ਉਹ ਪੰਥ ਤੇ ਪੰਜਾਬ ਦੇ ਉਲਟ ਸਟੈਂਡ ਲੈ ਰਹੇ ਹਨ। ਪੰਜਾਬ ਵਿਚ ਬਹੁਤ ਸਾਰੇ ਅਕਾਲੀ ਦਲ ਹਨ, ਪਰ ਉਨਾਂ ਵਿਚੋਂ ਕੋਈ ਵੀ ਪੰਜਾਬ ਦੇ ਧੱਕੇ ਦੇ ਵਿਰੁਧ ਨਹੀਂ ਬੋਲ ਰਿਹਾ। ਇਹ ਕਬਰਸਤਾਨ ਵਰਗੀ ਚੁੱਪੀ ਹੈ। ਕੇਂਦਰ ਸਰਕਾਰ ਪੰਜਾਬ ਦਾ ਪੈਸਾ, ਪੰਜਾਬ ਨੂੰ ਨਾ ਦੇ ਕੇ, ਪੰਜਾਬ ਦਾ ਸ਼ੋਸ਼ਣ ਕਰ ਰਹੀ ਹੈ।

ਬਾਦਲਕਿਆਂ ਤੇ ਬੀਬੀ ਹਰਸਿਮਰਤ ਕੌਰ ਦੇ ਜੁਆਬ ਵਿਚ



ਕੈਪਟਨ ਅਮਰਿੰਦਰ ਸਿੰਘ ਤੇ ਮਨਪ੍ਰੀਤ ਸਿੰਘ ਬਾਦਲ ਆਖਦੇ ਹਨ ਕਿ ਸਾਨੂੰ ਤਾਂ ਮੋਦੀ ਸਰਕਾਰ ਨੇ ਇਕ ਪੰਜੀ ਦੀ 'ਮਦਦ' ਨਹੀਂ ਦਿਤੀ ਗਈ। ਇਸ ਦਾ ਜਵਾਬ ਪ੍ਰਧਾਨ ਮੰਤਰੀ ਮੋਦੀ ਨਹੀਂ ਦਿੰਦਾ, ਉਲਟਾ ਰਾਜ ਮੰਤਰੀ ਬੀਬੀ ਹਰਸਿਮਰਤ ਕੌਰ ਕੇਂਦਰ ਦੀ ਵਕੀਲ ਬਣ ਜਾਂਦੀ ਹੈ ਕਿ ਮੋਦੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਹਰ ਖੇਤਰ ਵਿਚ ਬਹੁਤ ਮਦਦ ਦਿੱਤੀ ਹੈ। ਇਸ ਦੇ ਉਲਟ ਕੈਪਟਨ ਅਮਰਿੰਦਰ ਸਿੰਘ ਤੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਕਹਿੰਦੇ ਹਨ ਕਿ ਬੀਬੀ ਜੀ, ਇਹ ਰਕਮ ਪੰਜਾਬ ਦੀ ਪਿਛਲੇ ਸਾਲ ਦੀ ਜੀ.ਐਸ.ਟੀ. ਸੀ ਜੋ ਲਟਕਾ ਲਟਕਾ ਕੇ ਹੁਣ ਦਿੱਤੀ ਗਈ ਹੈ ਪਰ ਕੋਰੋਨਾ ਵਿਰੁਧ ਲੜਾਈ ਲੜਨ ਲਈ ਸਾਨੂੰ ਧੇਲਾ ਵੀ ਨਹੀਂ ਦਿਤਾ ਗਿਆ। ਉਹ ਕਹਿੰਦੇ ਹਨ, "ਤੁਸੀ ਮਦਦ ਨਾ ਲੈ ਕੇ ਦਿਓ, ਪਰ ਪੰਜਾਬ ਦਾ ਹੱਕ ਬਣਦਾ ਜੀ.ਐਸ.ਟੀ. ਦਾ 4400 ਕਰੋੜ ਹੀ ਇਸ ਵੇਲੇ ਆਪਣੇ 'ਭਾਈਵਾਲਾਂ' ਕੋਲੋਂ ਦਿਵਾ ਦਿਉ।"

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸੀਮਤ ਜ਼ੋਨਾਂ ਨੂੰ ਛੱਡ ਕੇ ਸਾਰੇ ਖੇਤਰਾਂ ਵਿੱਚ ਛੋਟੀਆਂ ਦੁਕਾਨਾਂ, ਕਾਰੋਬਾਰ ਤੇ ਉਦਯੋਗਾਂ ਨੂੰ ਖੋਲਣ ਦੀ ਆਗਿਆ ਦਿੱਤੀ ਜਾਵੇ। ਹੁਣੇ ਜਿਹੇ ਕੈਪਟਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੇ ਪੱਤਰ ਵਿੱਚ ਮੁੱਖ ਮੰਤਰੀ ਨੇ ਲਟਕੇ ਮਾਮਲਿਆਂ ਦੇ ਹੱਲ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਦੀ ਵੀਡੀਓ ਕਾਨਫਰੰਸਿੰਗ ਵਿੱਚ ਨੌਂ ਮੁੱਖ ਮੰਤਰੀਆਂ ਨੂੰ ਬੋਲਣ ਲਈ ਚੁਣਿਆ ਗਿਆ ਜਦਕਿ ਪੰਜਾਬ ਸਮੇਤ ਬਾਕੀ ਸੂਬਿਆਂ ਨੂੰ ਕਿਹਾ ਗਿਆ ਕਿ ਉਹ ਕੇਂਦਰ ਸਰਕਾਰ ਨੂੰ ਆਪਣੇ ਮਾਮਲੇ ਲਿਖਤੀ ਰੂਪ ਵਿੱਚ ਭੇਜ ਦੇਣ। ਇਸ ਤਰਾਂ ਪੰਜਾਬ ਨੂੰ ਟਿੱਚ ਜਾਣਿਆ ਗਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਲੀ ਘਾਟਾ ਪੂਰਨ ਲਈ ਗਰਾਂਟ ਦੇਣ ਦੀ ਮੰਗ ਵੀ ਕੀਤੀ ਹੈ। ਉਨਾਂ ਕਿਹਾ ਕਿ ਮਈ ਤੇ ਜੂਨ ਵਿਚ ਕਣਕ ਲਿਆਉਣ ਵਾਲੇ ਕਿਸਾਨਾਂ ਨੂੰ ਬੋਨਸ ਅਤੇ ਪਰਵਾਸੀ ਮਜ਼ਦੂਰਾਂ, ਖੇਤ ਮਜ਼ਦੂਰਾਂ ਤੇ ਸਨਅਤੀ ਮਜ਼ਦੂਰਾਂ ਨੂੰ ਸਿੱਧੀ ਵਿੱਤੀ ਸਹਾਇਤਾ ਦਿੱਤੀ ਜਾਵੇ। ਉਨਾਂ ਸੂਬੇ ਦੇ ਲਘੂ, ਛੋਟੇ ਤੇ ਦਰਮਿਆਨੇ ਉੱਦਮੀਆਂ (ਐਮ.ਐਸ.ਐਮ.ਈਜ਼), ਬਿਜਲੀ ਉਤਪਾਦਨ ਅਤੇ ਵੰਡ ਕੰਪਨੀਆਂ ਨੂੰ ਵਿਆਜ ਦੀ ਰੋਕਥਾਮ, ਵਪਾਰਕ ਬੈਂਕਾਂ ਵੱਲੋਂ ਕਰਜ਼ੇ ਮੁਲਤਵੀ ਕਰਨ ਅਤੇ ਕੋਲੇ ਉਤੇ ਜੀ.ਐਸ.ਟੀ. ਵਿੱਚ ਕਟੌਤੀ ਕਰਨ ਲਈ ਸਹਾਇਤਾ ਦੀ ਮੰਗ ਕੀਤੀ। ਕੈਪਟਨ ਨੇ ਕਿਹਾ ਕਿ 15ਵੇਂ ਵਿੱਤ ਕਮਿਸ਼ਨ ਨੂੰ ਮਹਾਮਾਰੀ ਦੇ ਪ੍ਰਭਾਵ ਨੂੰ ਘੋਖਣ ਤੋਂ ਬਾਅਦ ਹੀ ਪੰਜ ਸਾਲਾ ਫੰਡਾਂ ਦੀ ਵੰਡ ਦੀ ਸਿਫਾਰਿਸ਼ ਸਾਲ 2020 ਦੀ ਬਜਾਏ ਇਕ ਅਪਰੈਲ 2021 ਤੋਂ ਕਰਨੀ ਚਾਹੀਦੀ ਹੈ। ਉਨਾਂ ਪੁਲੀਸ ਜਵਾਨਾਂ ਤੇ ਸਫਾਈ ਕਾਮਿਆਂ ਲਈ ਵਿਸ਼ੇਸ਼ ਜੋਖਮ ਬੀਮੇ ਦਾ ਐਲਾਨ ਕਰਨ ਦੀ ਅਪੀਲ ਵੀ ਕੀਤੀ। ਦਿਹਾੜੀਦਾਰਾਂ ਅਤੇ ਸਨਅਤੀ ਕਾਮਿਆਂ ਨੂੰ ਪ੍ਰਤੀ ਮਹੀਨਾ 6000 ਰੁਪਏ ਦੀ ਸਹਾਇਤਾ ਲਈ ਵੀ ਉਨਾਂ ਆਖਿਆ। ਹੋਰ ਮੰਗਾਂ ਵਿਚ ਪੇਂਡੂ ਗਰੀਬਾਂ ਦੀਆਂ ਮੁਸ਼ਕਲਾਂ ਘਟਾਉਣ ਲਈ ਮਨਰੇਗਾ ਤਹਿਤ ਤਿੰਨ ਮਹੀਨਿਆਂ ਲਈ 15-15 ਦਿਨ ਦਾ ਬੇਰੁਜ਼ਗਾਰੀ ਭੱਤਾ ਦੇਣ, ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਮਨਰੇਗਾ ਤਹਿਤ 10 ਦਿਨਾਂ ਦੇ ਭੱਤੇ ਦੀ ਇਜਾਜ਼ਤ ਦੇਣਾ ਅਤੇ ਸ਼ਹਿਰੀ ਸਥਾਨਕ ਇਕਾਈਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਪੇਂਡੂ ਲੋਕਾਂ ਲਈ ਭੋਜਨ ਤੇ ਦਵਾਈਆਂ ਸਮੇਤ ਹੰਗਾਮੀ ਰਾਹਤ ਕਾਰਜਾਂ ਵਾਸਤੇ 14ਵੇਂ ਵਿੱਤ ਕਮਿਸ਼ਨ ਦੀਆਂ ਗਰਾਂਟਾਂ ਵਰਤਣ ਦੀ ਆਗਿਆ ਦੇਣਾ ਸ਼ਾਮਲ ਹੈ।

ਇਸ ਗੱਲ ਦਾ ਨਾ ਕੇਂਦਰ ਕੋਲ ਜੁਆਬ ਹੈ ਨਾ ਬਾਦਲ ਦਲ ਕੋਲ ਤੇ ਨਾ ਹੀ ਬੀਬੀ ਹਰਸਿਮਰਤ ਕੋਲ।

**ਬਾਕੀ ਸਫ਼ਾ 29 'ਤੇ**

# ਗੋਦੀ ਮੀਡੀਏ ਦੀ ਨਫਰਤੀ ਸਾਜ਼ਿਸ਼

**- ਜੰਗ ਸਿੰਘ**

ਭਾਰਤ ਦੇ ਵਾਸੀ, ਭਾਵੇਂ ਉਨਾਂ ਦਾ ਧਰਮ ਮਜ਼ਬ, ਰੰਗ, ਨਸਲ ਕੁਝ ਵੀ ਹੋਏ, ਉਹ ਆਪਿਸ ਵਿੱਚ ਰਲ ਮਿਲ ਕੇ ਰਹਿੰਦੇ ਆ ਰਹੇ ਹਨ। ਪਰ ਪਿਛਲੇ ਪੰਜ ਛੇ ਸਾਲਾਂ ਤੋਂ ਹੋਂਦ ਵਿੱਚ ਆਈ ਸਰਕਾਰ ਦੇ ਫਿਰਕਾਪ੍ਰਸਤ ਆਗੂਆਂ ਤੇ ਲੋਕਾਂ ਵਲੋਂ ਇਸ ਧਰਤੀ ਦੀ ਗੁਲਜ਼ਾਰ ਨੂੰ ਵਿਗਾੜਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਘਿਣਾਉਣੇ ਅਪਰਾਧ ਕਰਨ ਤੋਂ ਭਾਰਤ ਵਿੱਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਇਸ ਕਰਕੇ ਮੁਆਫ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦਾ ਪਿਛੋਕੜ ਦਾ ਰੀਕਾਰਡ ਅਜਿਹਾ ਹੈ ਕਿ ਜਦੋਂ ਇਸ ਦੇ ਕੱਟੜ ਹਿੰਦੂ ਸਮਰਥਕਾਂ ਨੇ ਗਊਆਂ ਦੇ ਨਾਂ 'ਤੇ ਮੁਸਲਿਮ ਫਿਰਕੇ ਦੇ ਲੋਕਾਂ ਨੂੰ ਕੋਹ ਕੋਹ ਕੇ ਮਾਰਿਆ ਸੀ ਤਾਂ ਇਸ ਸਰਕਾਰ ਨੇ ਕੋਈ ਨਿੱਗਰ ਕਾਰਵਾਈ ਕਰਨ ਦੀ ਥਾਂ ਰਸਸ ਵਰਗੀਆਂ ਕੱਟੜ ਜਥੇਬੰਦੀਆਂ ਨੂੰ ਪੱਧਰ 'ਤੇ ਸ਼ਹਿ ਦਿੱਤੀ, ਜਿਨਾਂ ਨੇ ਵੱਡੀ ਗਿੱਣਤੀ ਵਿੱਚ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ। 'ਮੋਦੀ ਭਗਤਾਂ' ਦੇ ਮੀਡੀਏ ਨੇ ਇਸ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

ਇਹ 'ਗੋਦੀ ਮੀਡੀਆ' ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ। ਹੁਣ ਕਰੋਨਾ, ਜਿਸ ਬਿਮਾਰੀ ਨੇ ਇੱਕ ਮਹਾਂਮਾਰੀ ਦਾ ਰੂਪ ਧਾਰਨ ਕਰਕੇ ਸੰਸਾਰ ਦੇ ਲੋਕਾਂ ਅੱਗੇ ਇੱਕ ਅਜਿਹੀ ਗੰਭੀਰ ਸਮੱਸਿਆ ਬਣਾ ਦਿੱਤੀ ਹੈ ਕਿ ਸੰਸਾਰ ਦੇ ਲੋਕਾਂ ਦਾ ਜੀਵਨ ਦਾਅ 'ਤੇ ਲੱਗਾ ਹੋਇਆ ਹੈ, ਇਸ ਨਾਜ਼ੁਕ ਸਥਿਤੀ ਵਿੱਚ ਵੀ ਇਹ ਲੋਕ ਸਿਆਸੀ ਰੋਟੀਆਂ ਸੇਕਣ ਤੋਂ ਪਿੱਛੇ ਨਹੀਂ ਹਟ ਰਹੇ। ਅੱਜ ਹਰੇਕ ਭਾਰਤੀ ਜਦੋਂ ਪੂਰੀ ਤਰਾਂ ਇਸ ਮਹਾਂਮਾਰੀ ਤੋਂ ਚਿੰਤਤ ਹੈ, ਇਹ ਮੀਡੀਏ ਦੀ ਭਾਰੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਲੋਕਾਂ ਵਿੱਚ ਇਹ ਭਾਵਨਾ ਭਰੇ ਕਿ ਆਉ ਆਪਾਂ ਸਾਰੇ ਰਲਮਿਲ ਕੇ ਇਸ ਬਿਪਤਾ ਬਣੇ ਰੋਗ ਦਾ ਟਾਕਰਾ ਕਰੀਏ।ਪਰ ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਕਿ ਜਦੋਂ ਦੇਸ਼ ਵਿੱਚ ਇਸ ਬਿਮਾਰੀ ਨਾਲ ਵੱਡੀ ਗਿਣਤੀ ਵਿੱਚ ਭਾਰਤੀ ਮਰ ਰਹੇ ਹਨ ਤੇ ਕਰੋਨਾ ਬਿਮਾਰੀ ਨਾਲ ਪੀੜਤ ਰੋਗੀਆਂ ਦੀ ਗਿਣਤੀ ਵੀ ਧੜਾਧੜ ਵਧ ਰਹੀ ਹੈ, ਤਾਂ ਉਹ ਲੋਕਾਂ ਨੂੰ ਦੇਸ਼ ਦੀ ਸਰਕਾਰ ਵਲੋਂ, ਯੂ ਐਨ ਓ, ਕੌਮਾਂਤਰੀ ਦਿਵਸ ਸੰਸਥਾ ਵਲੋਂ ਦਿੱਤੇ ਜਾ ਰਹੇ ਨਿਰਦੇਸ਼ਾਂ ਤੋਂ ਸੁਚੇਤ ਕਰਨ ਦੇ ਨਾਲ ਸਾਰੀ ਗੱਲਾਂ 'ਤੇ ਇੰਨ ਬਿੰਨ ਅਮਲ ਕਰਨ ਵੱਲ ਜ਼ੋਰ ਲਗਾਉਣ ਦੇ ਨਾਲ ਹੀ ਨਿਰਪੱਖ ਮੀਡੀਆ ਬਣ ਕੇ ਪੁੱਛਦਾ ਕਿ ਸਰਕਾਰ ਨੇ ਹੁਣ ਤਕ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਕਿੰਨੀਆਂ ਟੈਸਟ ਕਿੱਟਾਂ, ਕਿੰਨੇ ਮਾਸਕ, ਕਿੰਨੀਆਂ ਸਿਹਤ ਵਿਭਾਗ ਨੂੰ ਲੋੜੀਂਦੀਆਂ ਵਰਦੀਆਂ, ਦਸਤਾਨੇ, ਕਿੰਨੇ ਵੈਂਟੀਲੇਟਰਾਂ ਤੇ ਹੋਰ ਜ਼ਰੂਰੀ ਸਮਾਨ, ਸੈਨੇਟਾਈਜ਼ਰ ਆਦਿ ਦੇ ਪ੍ਰਬੰਧ ਕੀਤੇ ਹਨ? ਪਰ ਇਹ ਸਭ ਕੁਝ ਪੁੱਛਣ ਦੀ ਬਜਾਏ, ਇਸ ਮੀਡੀਏ ਵਲੋਂ ਗਲਤ ਪ੍ਰਚਾਰ ਕਰਕੇ ਇਸੇ ਕੋਰੋਨਾ ਨੂੰ 'ਕੋਰੋਨਾ ਵਾਇਰਸ', 'ਕਰੋਨਾ ਜਿਹਾਦ' ਦਾ ਨਫਰਤੀ ਰੰਗ ਦੇ ਕੇ ਝੂਠੀਆਂ ਅਤੇ ਬੇ-ਬੁਨਿਆਦ ਖਬਰਾਂ ਆਪਣੇ ਐਂਕਰਾਂ ਅਤੇ ਰਿਪੋਰਟਰਾਂ ਰਾਹੀਂ ਟੀਵੀ ਚੈਨਲਾਂ 'ਤੇ ਸੁਣਾ ਕੇ ਤੇ ਪ੍ਰਿੰਟ



ਮੀਡੀਏ ਵਿੱਚ ਛਾਪ ਕੇ ਲੋਕਾਂ ਅੰਦਰ ਨਫਰਤ ਦੇ ਬੀਜ ਬੀਜੇ ਜਾ ਰਹੇ ਹਨ। ਪਿਛਲੇ ਦਿਨੀਂ ਜਿਹੜੀਆਂ ਖਬਰਾਂ ਫੈਲਾਈਆਂ ਗਈਆਂ ਕਿ ਤਬਲੀਗੀ ਮਰਕਜ਼ ਦੇ ਇਕਾਂਤਵਾਸ ਕੀਤੇ ਲੋਕਾਂ ਕੋਲ ਜਦੋਂ ਨਰਸਾਂ ਉਨਾਂ ਦਾ ਟੈਸਟ ਕਰਨ ਲਈ ਗਈਆਂ ਤਾਂ ਉਹ ਨਰਸਾਂ ਅੱਗੇ ਨੰਗੇ ਹੋ ਗਏ, ਉਨਾਂ ਨੂੰ ਵੱਟੇ ਮਾਰੇ, ਉਨਾਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ, ਸਿਹਤ ਦੇ ਕਾਮਿਆਂ ਦੇ ਮੂੰਹਾਂ 'ਤੇ ਥੁੱਕਿਆ। ਇਹ ਵੀ ਸੂਚਨਾ ਮਿਲੀ ਹੈ ਕਿ ਇਨਾਂ ਸਾਰੀਆਂ ਝੂਠੀਆਂ ਖਬਰਾਂ ਦਾ ਸਟਾਫ ਨਰਸਾਂ ਅਤੇ ਪੁਲੀਸ ਅਧਿਕਾਰੀਆਂ ਨੂੰ ਖੰਡਨ ਕਰਨਾ ਪਿਆ।

ਚਾਹੇ ਫੀਰੋਜ਼ਾਬਾਦ ਦੀ ਘਟਨਾ ਹੋਵੇ, ਉਤਰਾਖੰਡ ਵਿੱਚ ਜਬਰੀ ਮੁਸਲਮਾਨਾਂ ਦੀਆਂ ਦੁਕਾਨਾਂ 'ਤੇ ਹਮਲਾ ਕਰਨ ਦਾ ਮਸਲਾ ਹੋਵੇ, ਹਰਿਆਣੇ ਵਿੱਚ ਜੀਂਦ ਵਿਖੇ ਇੱਕ ਮੁਸਲਮਾਨ ਪਰਿਵਾਰ ਤੇ ਹਿੰਦੂ ਕਟੱੜਵਾਦੀ ਲੋਕਾਂ ਵਲੋਂ ਹਮਲਾ ਕਰਨ ਦੀ ਘਟਨਾ ਹੋਵੇ, ਗੁਰੂਗਰਾਮ ਵਿੱਚ ਇੱਕ ਮਸਜਿਦ ਦੇ ਈਮਾਮ 'ਤੇ ਗੋਲੀਆਂ ਚਲਾਉਣ ਦਾ ਮਸਲਾ ਹੋਵੇ, ਦਿੱਲੀ ਦੇ ਮੁੱਖਮਲ ਪੁਰ ਵਿਖੇ ਸੈਂਕੜੇ ਕੱਟੜ ਹਿੰਦੂਆਂ ਦੀ ਭੀੜ ਵਲੋਂ ਮਸਜਿਦ 'ਤੇ ਹਮਲਾ ਕਰਨਾ, ਕਰਨਾਟਕ ਦੇ ਬਾਗਲਕੋਟ ਵਿੱਚ ਮੁਸਲਮਾਨਾਂ ਨੂੰ ਇਹ ਕਹਿਣਾ ਕਿ ਤੁਸੀਂ ਕੋਰੋਨਾ ਫੈਲਾ ਰਹੇ ਹੋ, ਪੰਜਾਬ ਦੇ ਗੁਰਦਾਸਪੁਰ ਵਿੱਚ ਹਿੰਦੂ ਅਬਾਦੀ ਵਾਲੇ ਪਿੰਡਾਂ ਵਿੱਚ ਗੁੱਜਰਾਂ ਨੂੰ ਕੁੱਟਿਆ ਜਾਣਾ, ਇਹੋ ਜਿਹੀਆਂ ਬੜੀਆਂ ਦੁਖਦਾਈ ਘਟਨਾਵਾਂ ਵਾਪਰੀਆਂ ਹਨ। ਇਹ ਸਭ ਕੁਝ 'ਗੋਦੀ ਮੀਡੀਆ' ਵਲੋਂ ਛਾਪੀਆਂ ਮਨਘੜਤ ਤੇ ਗਲਤ ਖਬਰਾਂ ਦਾ ਨਤੀਜਾ ਹੈ।

ਅੱਜ ਦੇਸ਼ ਵਾਸੀਆਂ ਨੂੰ ਦੋ ਲੜਾਈਆਂ ਲੜਨੀਆਂ ਪੈ ਰਹੀਆਂ ਹਨ। ਇੱਕ ਲੜਾਈ 'ਕਰੋਨਾ' ਨਾਲ ਹੈ ਤੇ ਦੂਸਰੀ ਨਫਰਤ ਦੀ, ਜਿਹੜੀ ਇਸ ਸਰਕਾਰ ਦੀ ਮਿਲੀ ਭੁਗਤ ਨਾਲ ਗੋਦੀ ਮੀਡੀਏ ਵਲੋਂ ਲੋਕਾਂ ਦੇ ਗਲ ਖਾਹਮਖਾਹ ਪਾਈ ਜਾ ਰਹੀ ਹੈ। ਇਹ ਗੋਦੀ ਮੀਡੀਆ ਅਜਿਹੀਆਂ ਖਬਰਾਂ ਫੈਲਾ ਕੇ 'ਗੋਬਲਜ਼' ਦੇ ਸਿਧਾਂਤ ਕਿ 'ਲਗਾਤਾਰ ਝੂਠ 'ਤੇ ਝੂਠ ਮਾਰੀ ਜਾਉ ਇਹ ਫਿਰ ਆਪੇ ਸੱਚ ਬਣ ਜਾਵੇਗਾ' 'ਤੇ ਚੱਲ ਰਿਹਾ ਹੈ। ਇਹ ਲੋਕ ਦੇਸ਼ ਦਾ ਭਲਾ ਨਹੀਂ ਕਰ ਰਹੇ ਬਲਕਿ ਨਫਰਤ ਦੇ ਬੀਜ ਬੀਜ ਕੇ ਲੋਕਾਂ ਦੀਆਂ ਆਪਸੀ ਮਿਲਵਰਤਣ ਅਤੇ ਸਾਂਝ ਦੀਆਂ ਤੰਦਾਂ ਨੂੰ ਤਾਰ ਤਾਰ ਕਰ ਰਹੇ ਹਨ। ਸਰਕਾਰ ਵਲੋਂ ਅਜਿਹੇ ਮੀਡੀਏ 'ਤੇ ਕੋਈ ਕਾਰਵਾਈ ਨਾ ਕਰਨਾ ਸਪਸ਼ਟ ਕਰਦਾ ਹੈ ਕਿ ਇਹ ਸਭ ਕੁਝ ਸਰਕਾਰ ਦੀ ਮਿਲੀ ਭੁਗਤ ਨਾਲ ਕੀਤਾ ਜਾ ਰਿਹਾ ਹੈ। 'ਜਦੋਂ ਚੋਰ ਅਤੇ ਕੁੱਤਾ' ਦੋਵੇਂ ਰਲ ਜਾਣ ਤਾਂ ਫਿਰ ਵਿਗਾੜ ਹੀ ਵਿਗਾੜ ਹੁੰਦਾ ਹੈ। ਅਜਿਹੇ ਫਿਰਕਾ ਪ੍ਰਸਤ ਪ੍ਰੈੱਸ ਵਾਲੇ ਜਿਹੜੇ 'ਰਾਸ਼ਟਰ, ਰਾਸ਼ਟਰ' ਦੀ ਕੂਕ ਲਗਾਉਂਦੇ ਨਹੀਂ ਥੱਕਦੇ, ਇਹ ਕਿਹੜੀ 'ਦੇਸ਼ ਪ੍ਰਸਤੀ' ਹੈ?

ਅੱਜ ਦੇਸ਼ ਦੇ ਸਮੂਹ ਭਾਰਤੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਸ ਸਮੇਂ ਦੇਸ਼ ਵਿੱਚ ਰਾਜ ਕਰ ਰਹੀ ਸਰਕਾਰ ਕੋਲ ਬਹੁਗਿਣਤੀ ਦੇ ਲੋਕਾਂ ਦਾ ਫਤਵਾ ਨਹੀਂ, ਸਿਰਫ 30-35% ਲੋਕਾਂ ਦੀ ਜਮਹੂਰੀ - ਗੈਰ ਜਮਹੂਰੀ ਢੰਗ, ਈ ਵੀ ਐੱਮ ਨਾਲ ਛੇੜਛਾੜ ਕਰਕੇ ਚੁਣੀ ਹੋਈ ਸਰਕਾਰ ਵੀ ਦੱਸੀ ਜਾ ਰਹੀ ਹੈ। 65% ਲੋਕ ਇਨਾਂ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ, ਜਿਸਦਾ ਭਾਵ ਹੈ ਕਿ ਦੇਸ਼ ਦੇ ਭਾਰੀ ਗਿਣਤੀ ਵਿੱਚ ਹਿੰਦੂ ਧਰਮ ਦੇ ਲੋਕ ਇਨਾਂ ਫਿਰਕਾਪ੍ਰਸਤਾਂ ਦੀ ਨੀਤੀ ਦੇ ਹਾਮੀ ਨਹੀਂ ਹਨ। ਉਹ ਸਾਰੇ ਆਪਸ ਵਿੱਚ ਰਲ ਮਿਲ ਕੇ ਪਿਆਰ ਨਾਲ ਰਹਿਣ ਦੇ ਚਾਹਵਾਨ ਵਾਲੇ ਹਨ। ਆਉ, ਅਸੀਂ ਫਿਰ ਸਾਰੇ ਰਲ ਕੇ 'ਗੋਦੀ ਮੀਡੀਏ' ਦੀ ਨਫਰਤੀ ਸਾਜ਼ਿਸ਼ ਨੂੰ ਆਪਣੇ ਏਕੇ ਅਤੇ ਪਿਆਰ ਦੀ ਸਾਂਝ ਨਾਲ ਤਹਿਸ-ਨਹਿਸ ਕਰ ਦੇਈਏ, ਇਸ ਵਿੱਚ ਹੀ ਸਾਡੀ ਅਤੇ ਸਾਡੇ ਦੇਸ਼ ਦੀ ਭਲਾਈ ਹੈ।

# ਕੋਰੋਨਾ ਕਾਰਨ ਪੂਰੇ ਵਿਸ਼ਵ 'ਚ ਵਾਪਰੇਗਾ ਆਰਥਿਕ ਕਹਿਰ



**- ਆਸ਼ੂਤੋਸ਼**

ਕੋਰੋਨਾ ਦਾ ਕਹਿਰ ਭਿਆਨਕ ਹੋਣ ਵਾਲਾ ਹੈ ਤੇ ਆਰਥਿਕ ਦਸ਼ਾ ਵੀ ਵਿਗੜੇਗੀ। ਭਾਰਤ ਦੀ ਆਰਥਿਕਤਾ ਪਹਿਲੀ ਵਾਰ ਸੁੰਗੜ ਜਾਵੇਗੀ, ਭਾਵ ਵਿਕਾਸ ਦਰ ਵਧਣ ਦੀ ਬਜਾਏ ਘੱਟ ਜਾਵੇਗੀ। ਬਹੁਤ ਸਾਰੇ ਮਾਹਿਰ ਮੰਨਦੇ ਹਨ ਕਿ ਤਾਲਾਬੰਦੀ ਕਾਰਨ ਸਾਰੀਆਂ ਆਰਥਿਕ ਗਤੀਵਿਧੀਆਂ ਬੰਦ ਹੋ ਗਈਆਂ ਹਨ, ਬਾਜ਼ਾਰ ਬੰਦ ਹਨ, ਆਵਾਜਾਈ ਬੰਦ ਹੈ, ਰੇਲ ਬੰਦ ਹੈ, ਹਵਾਈ ਜਹਾਜ਼ ਬੰਦ ਹਨ, ਹੋਟਲ ਬੰਦ ਹਨ, ਢਾਬੇ ਬੰਦ ਹਨ, ਸਿਨੇਮੇ ਹਾਲ ਬੰਦ ਹਨ, ਫੈਕਟਰੀਆਂ ਬੰਦ ਹਨ, ਸਾਰੇ ਪ੍ਰਵਾਸੀ ਮਜ਼ਦੂਰ ਬੇਰੁਜ਼ਗਾਰ ਹੋ ਚੁੱਕੇ ਹਨ।

ਪ੍ਰਸਿੱਧ ਰੇਟਿੰਗ ਏਜੰਸੀ ਗੋਲਡਮੈਨ ਸੈਕਸ ਦਾ ਅਨੁਮਾਨ ਹੈ ਕਿ ਭਾਰਤ ਦੀ ਆਰਥਿਕਤਾ 0.4% ਤੱਕ ਸੁੰਗੜ ਜਾਵੇਗੀ। ਇਹੀ ਮੁਲਾਂਕਣ ਅੰਤਰਰਾਸ਼ਟਰੀ ਵਿੱਤੀ ਸੇਵਾਵਾਂ ਫਰਮ ਨੋਮੂਰਾ ਦਾ ਹੈ। ਉਸ ਅਨੁਸਾਰ 2020-21 ਵਿਚ ਭਾਰਤ ਦੀ ਆਰਥਿਕਤਾ ਵਿਚ ਕੋਈ ਤਰੱਕੀ ਨਹੀਂ ਹੋਵੇਗੀ। ਇਹ 0.4% ਤੱਕ ਸੁੰਗੜਦੀ ਨਜ਼ਰ ਆਵੇਗੀ। ਤੁਹਾਨੂੰ ਦੱਸ ਦੇਈਏ ਕਿ ਭਾਰਤ ਦੀ ਆਰਥਿਕਤਾ ਪਹਿਲਾਂ ਹੀ ਮਾੜੀ ਹਾਲਤ ਵਿੱਚ ਸੀ। ਵਿਕਾਸ ਦਰ, ਭਾਵ ਜੀਡੀਪੀ ਵਿਕਾਸ ਦਰ ਕੋਰੋਨਾ ਅਤੇ ਤਾਲਾਬੰਦੀ ਤੋਂ ਪਹਿਲਾਂ ਪੰਜ ਪ੍ਰਤੀਸ਼ਤ ਤੋਂ ਹੇਠਾਂ ਆ ਗਈ ਸੀ। ਅਜਿਹੀ ਸਥਿਤੀ ਵਿੱਚ, ਘੱਟੋ ਘੱਟ ਚਾਲੀ ਦਿਨਾਂ ਦੀ ਤਾਲਾਬੰਦੀ ਭਾਰਤੀ ਆਰਥਿਕਤਾ ਦੀ ਰੀੜ ਦੀ ਹੱਡੀ ਤੋੜ ਰਹੀ ਹੈ।ਗੋਲਡਮੈਨ ਸੈਕਸ ਨੇ ਫਰਵਰੀ 2019 ਵਿਚ 2020-21 ਲਈ ਕਿਹਾ ਸੀ ਕਿ ਭਾਰਤ ਦੀ ਜੀਡੀਪੀ 6% ਦੀ ਦਰ ਨਾਲ ਵਿਕਾਸ ਕਰੇਗੀ। ਫਿਰ ਮਾਰਚ ਵਿਚ ਇਸ ਦਾ ਅਨੁਮਾਨ ਬਦਲ ਗਿਆ। ਫਿਰ ਇਸ ਦਾ ਅਨੁਮਾਨ 5.2% ਸੀ, ਪਰ ਜਿਵੇਂ ਹੀ ਤਾਲਾ ਲੱਗਿਆ, 7 ਅਪ੍ਰੈਲ ਨੂੰ ਗੋਲਡਮੈਨ ਸੈਕਸ ਨੇ ਜੀਡੀਪੀ ਵਿਚ ਭਾਰੀ ਗਿਰਾਵਟ ਦਾ ਐਲਾਨ ਕੀਤਾ। ਹੁਣ ਇਸ ਦਾ ਅਨੁਮਾਨ 1.6% ਸੀ। ਇਹ ਅਨੁਮਾਨ 16 ਅਪ੍ਰੈਲ ਤੱਕ 0.4% ਹੋ ਗਿਆ। ਜੇ ਅਜਿਹਾ ਹੁੰਦਾ ਹੈ, ਤਾਂ ਕਰੋੜਾਂ ਲੋਕ ਬੇਰੁਜ਼ਗਾਰ ਹੋਣਗੇ। ਹਜ਼ਾਰਾਂ ਫੈਕਟਰੀਆਂ ਬੰਦ ਰਹਿਣਗੀਆਂ। 5 ਖਰਬ ਡਾਲਰ ਦੀ ਆਰਥਿਕਤਾ ਬਣਨ ਦਾ ਸੁਪਨਾ ਪੂਰਾ ਨਹੀਂ ਹੋ ਸਕੇਗਾ ਅਤੇ ਨਾ ਹੀ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋਵੇਗੀ। ਆਲੇ ਦੁਆਲੇ ਬਹੁਤ ਸਾਰੀਆਂ ਮੁਸੀਬਤਾਂ ਝੱਲਣੀਆਂ ਪੈਣਗੀਆਂ। ਆਰਥਿਕ ਸਥਿਤੀ ਦਾ ਸਮਾਜਿਕ ਸਥਿਤੀ 'ਤੇ ਵੀ ਅਸਰ ਪਏਗਾ।

ਜੇ ਸਥਿਤੀ ਵਿਚ ਸੁਧਾਰ ਜਾਂ ਸੁਧਾਰ ਨਾ ਹੋਇਆ ਤਾਂ ਸਮਾਜਕ ਅਰਾਜਕਤਾ ਵੀ ਫੈਲ ਸਕਦੀ ਹੈ। ਲੁੱਟਾਂ ਖੋਹਾਂ ਵੱਧ ਸਕਦੀਆਂ ਹਨ। ਭਾਰਤ ਲਈ ਸਿਰਫ ਇੱਕ ਸੰਤੁਸ਼ਟੀ ਹੋ ਸਕਦੀ ਹੈ ਕਿ ਅਜਿਹੀਆਂ ਸਥਿਤੀਆਂ ਸਿਰਫ ਭਾਰਤ ਵਿੱਚ ਨਹੀਂ ਹੋਣਗੀਆਂ, ਸਗੋਂ ਸਾਰੀ ਦੁਨੀਆਂ ਵਿਚ ਇਹ ਸੰਕਟ ਵਾਪਰੇਗਾ। ਆਈਐਮਐਫ ਦੇ ਮੁਲਾਂਕਣ ਦੇ ਅਨੁਸਾਰ, ਗਲੋਬਲ ਜੀਡੀਪੀ ਵਿੱਚ 3% ਸੁੰਗੜਦੀ ਨਜ਼ਰ ਆਵੇਗੀ, ਭਾਵ ਵਿਕਾਸ ਨਕਾਰਾਤਮਕ ਹੋਵੇਗਾ। ਅਮਰੀਕਾ, ਚੀਨ, ਯੂਰਪ, ਲਾਤੀਨੀ ਅਮਰੀਕਾ ਅਤੇ ਅਫਰੀਕਾ, ਕੋਈ ਵੀ ਇਸ ਕੋਰੋਨਾ ਤੋਂ ਨਹੀਂ ਬਚੇਗਾ। ਉਨਾਂ ਦੇਸ਼ਾਂ ਵਿਚ ਹੋਰ ਜਾਨੀ ਮਾਲੀ ਤਬਾਹੀ ਹੋਵੇਗੀ ਜਿਥੇ ਕੋਰੋਨਾ ਵਧੇਰੇ ਖਤਰਨਾਕ ਸਾਬਤ ਹੋਵੇਗਾ।

ਅਮਰੀਕਾ ਕੋਰੋਨਾ ਦੁਆਰਾ ਸਭ ਤੋਂ ਬਰਬਾਦ ਹੋਇਆ ਹੈ। ਅੱਠ ਮਿਲੀਅਨ ਤੋਂ ਵੱਧ ਲੋਕ ਉਥੇ ਕੋਰੋਨਾ ਦੇ ਮਰੀਜ਼ ਹਨ ਅਤੇ ਲਗਭਗ 50 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਨਿਊਯਾਰਕ ਦੁਨੀਆ ਦਾ ਸਭ ਤੋਂ ਉੱਤਮ ਮੰਨਿਆ ਜਾਂਦਾ ਸ਼ਹਿਰ ਨੁਕਸਾਨਿਆ ਗਿਆ ਹੈ। ਅਜਿਹੀ ਸਥਿਤੀ ਵਿੱਚ, ਅਮਰੀਕਾ ਦੀ ਆਰਥਿਕਤਾ ਵਿੱਚ 5.9% ਦੇ ਸੁੰਗੜੇ ਹੋਣ ਦੀ ਆਸ ਹੈ। ਅਮਰੀਕਾ ਤੋਂ ਬਾਅਦ ਇਟਲੀ, ਸਪੇਨ, ਜਰਮਨੀ ਅਤੇ ਬ੍ਰਿਟੇਨ ਦੀ ਸਥਿਤੀ ਵੀ ਬਹੁਤ ਗੰਭੀਰ ਹੈ। ਆਈ.ਐੱਮ.ਐੱਫ ਦਾ ਮੰਨਣਾ ਹੈ ਕਿ ਯੂਰਪ ਦੀ ਆਰਥਿਕਤਾ ਵਿੱਚ ਕੁੱਲ 7.5% ਦੀ ਗਿਰਾਵਟ ਆਵੇਗੀ ਅਤੇ ਇਟਲੀ ਦੀ ਆਰਥਿਕਤਾ 9.1%, ਸਪੇਨ ਦੀ 8%, ਫਰਾਂਸ ਦੀ 7.2% ਅਤੇ ਜਰਮਨੀ ਦੀ 7% ਘੱਟ ਜਾਵੇਗੀ। ਚੀਨ ਦੀ ਆਰਥਿਕਤਾ ਵਿੱਚ ਵੀ ਭਾਰੀ ਤਬਾਹੀ ਹੋਣ ਦੇ ਸੰਕੇਤ ਹਨ।

ਕੋਰੋਨਾ ਵਾਇਰਸ ਪਹਿਲਾਂ ਚੀਨ ਦੇ ਵੂਹਾਨ ਸ਼ਹਿਰ ਵਿੱਚ ਦਿਖਾਈ ਦਿੱਤਾ ਅਤੇ ਫਿਰ ਪੂਰੀ ਦੁਨੀਆਂ ਵਿੱਚ ਫੈਲ ਗਿਆ. ਇਸ ਦੇ ਕਾਰਨ, ਵੂਹਾਨ ਸ਼ਹਿਰ ਅਤੇ ਹੁਬੇਈ ਪ੍ਰਾਂਤ ਲਗਭਗ ਦੋ ਮਹੀਨਿਆਂ ਤੱਕ ਪੂਰੀ ਤਰਾਂ ਤਾਲਾਬੰਦੀ ਵਿੱਚ ਰਿਹਾ ਹੈ। ਇਸ ਦੇ ਕਾਰਨ, ਆਖਰੀ ਤਿਮਾਹੀ ਵਿੱਚ ਚੀਨ ਦੀ ਆਰਥਿਕਤਾ 6.8% ਤੱਕ ਸੁੰਗੜ ਗਈ, ਜਿਸਦਾ ਅਰਥ ਹੈ ਕਿ ਵਿਕਾਸ ਦੀ ਚਾਲ ਨਕਾਰਾਤਮਕ ਹੋ ਗਈ। ਹੁਣ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਜਿਵੇਂ ਕਿ ਚੀਨ ਵਿਚ ਕੋਰੋਨਾ ਸੰਕਟ ਕਾਫ਼ੀ ਘੱਟ ਹੋਇਆ ਹੈ, ਅਗਲੀ ਤਿਮਾਹੀ ਵਿਚ ਵਿਕਾਸ ਦਰ 1.2% ਹੋ ਸਕਦੀ ਹੈ, ਜਿਸਦਾ ਅਰਥ ਹੈ ਕਿ ਇਹ ਦਰ ਨਕਾਰਾਤਮਕ ਤੋਂ ਸਕਾਰਾਤਮਕ ਵੱਲ ਜਾ ਸਕਦੀ ਹੈ। ਇਹ ਵੀ ਡਰ ਹੈ ਕਿ ਕੋਰੋਨਾ ਦਾ ਕਹਿਰ ਅਜੇ ਤੱਕ ਪੂਰੀ ਤਰਾਂ ਅਫਰੀਕਾ ਦੇ ਦੇਸ਼ਾਂ ਵਿੱਚ ਝਲਕਦਾ ਹੈ। ਇਸ ਸਥਿਤੀ ਵਿੱਚ, ਦਾਅਵੇ ਤੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਆਈਐਮਐਫ ਦਾ ਇਹ ਮੁਲਾਂਕਣ ਕਿੰਨਾ ਸਹੀ ਹੋ ਸਕਦਾ ਹੈ। ਇਹ ਹੋਰ ਵੀ ਹੇਠਾਂ ਜਾ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਭਾਰਤ ਨੂੰ ਇੱਕ ਲੰਬੀ ਲੜਾਈ ਲਈ ਤਿਆਰ ਰਹਿਣਾ ਪਏਗਾ ਅਤੇ ਸਖਤ ਦਿਲ ਨਾਲ ਕੁਝ ਬਹੁਤ ਸਖਤ ਫੈਸਲੇ ਲੈਣੇ ਪੈਣਗੇ। ਇਸ ਵਿਚੋਂ ਉੱਭਰਨ ਲਈ ਸੰਜਮ, ਸਹਾਇਤਾ, ਭਾਈਚਾਰਕ ਸਾਂਝ ਅਤੇ ਇਕ ਦੂਸਰੇ ਨਾਲ ਮਾਨਵੀ ਰਿਸ਼ਤਾ ਸਥਾਪਿਤ ਕਰਦੇ ਹੋਏ ਹਾਂ ਪੱਖੀ ਦ੍ਰਿਸ਼ਟੀਕੋਣ ਨੂੰ ਉਭਾਰਨ ਦੀ ਲੋੜ ਹੈ। ਇਸਦੇ ਇਲਾਜ ਲਈ ਦੁਨੀਆਂ ਭਰ ਵਿਚ ਖੋਜਾਂ ਹੋ ਰਹੀਆਂ ਹਨ। ਇਸ ਦ੍ਰਿਸ਼ਟੀਕੋਣ ਨਾਲ ਫਿਲਹਾਲ ਇਸ ਵੱਲ ਸੋਚਣ ਦੀ ਲੋੜ ਹੈ ਅਤੇ ਭਵਿੱਖ ਵਿਚ ਵਿਕਾਸ ਦਾ ਮਾਡਲ ਜੋ ਮਨੁੱਖਤਾ ਨੂੰ ਕੇਂਦਰ ਵਿਚ ਬਣਾ ਕੇ ਰੱਖਦਾ ਹੋਵੇ, ਉਸ ਉੱਪਰ ਰਾਜਨੀਤੀ, ਸਮਾਜਿਕ, ਸੱਭਿਆਚਾਰ ਅਤੇ ਆਰਥਿਕ ਦਿਸ਼ਾ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਸਮੇਂ ਮਨੁੱਖਤਾ ਦੇ ਸਾਹਮਣੇ ਖੜੀ ਵੱਡੀ ਸਮੱਸਿਆ ਲਈ ਮਦਦਗਾਰ ਤੇ ਸਹਿਯੋਗੀ ਬਣਨਾ ਸਮੇਂ ਦੀ ਮੰਗ ਅਤੇ ਲੋੜ ਹੈ।

# ਲੌਕਡਾਊਨ ਦੇ ਦੌਰ 'ਚ ਸਮਾਨਤਾ ਦੇ ਅਧਿਕਾਰ ਦੀਆਂ ਉੱਡ ਰਹੀਆਂ ਹਨ ਧੱਜੀਆਂ

**- ਗੁਰਮੀਤ ਸਿੰਘ ਪਲਾਹੀ**

ਦੇਸ ਵਿੱਚ ਸਿਹਤ ਸਹੂਲਤਾਂ ਦੀ ਘਾਟ ਕਾਰਨ ਕੈਂਸਰ, ਗੁਰਦਿਆਂ , ਟੀ. ਬੀ. ਜਿਹੀਆਂ ਬਿਮਾਰੀਆਂ ਨਾਲ ਬੁਰੀ ਤਰਾਂ ਲੜ ਰਹੇ ਲੱਖਾਂ ਗੈਰ- ਕੋਰੋਨਾ ਮਰੀਜਾਂ ਉੱਤੇ ਮੌਤ ਦਾ ਸੰਕਟ ਮੰਡਰਾਉਣ ਲੱਗਾ ਹੈ। ਸਿਹਤ ਸਹੂਲਤਾਂ ਦੀ ਘਾਟ ਦਾ ਇਥੋਂ ਹੀ ਪਤਾ ਲਗ ਸਕਦਾ ਹੈ ਕਿ ਕੋਰੋਨਾ ਦੇ ਗੰਭੀਰ ਮਰੀਜਾਂ ਦੇ ਇਲਾਜ ਲਈ ਦੇਸ ਕੋਲ ਹਸਪਤਾਲਾਂ ਵਿੱਚ ਸਿਰਫ 40,195 ਬੈਡ ਹਨ। ਮਹਾਂਮਾਰੀ ਦੀ ਜੰਗ ਲੜ ਰਹੇ ਭਾਰਤ, ਜਿਸਦੀ ਆਬਾਦੀ 130 ਕਰੋੜ ਗਿਣੀ ਜਾ ਰਹੀ ਹੈ, ਇਤਨੇ ਹੀ ਬੈਡ ਹੋਣਾ, ਕੀ ਦੇਸ ਵਿੱਚ ਪ੍ਰਾਪਤ ਸਹੂਲਤਾਂ ਦੀ ਪੋਲ ਨਹੀਂ ਖੋਲਦਾ ?

ਮਹਾਂਮਾਰੀ ਦੇ ਪ੍ਰਕੋਪ ਤੋਂ ਦੇਸ ਇਸ ਵੇਲੇ ਜੇਕਰ ਕੁਝ ਬਚਿਆ ਹੈ ਤਾਂ ਉਹ ਸਿਰਫ ਸਮਾਜਿਕ, ਸਰੀਰਕ ਦੂਰੀ ਦਾ ਨਿਯਮ ਲਾਗੂ ਕਰਨ ਤੇ ਲੌਕ ਡਾਊਨ ਕਾਰਨ ਸੰਭਵ ਹੋ ਸਕਿਆ ਹੈ ਨਹੀਂ ਤਾਂ ਇਹੋ ਜਿਹੀ ਮਹਾਂਮਾਰੀ ਨਾਲ ਲੜਨ ਦੀ ਸਮਰੱਥਾ ਭਾਰਤ ਵਰਗੇ ਦੇਸ ਕੋਲ ਅਜ਼ਾਦੀ ਦੇ 70 ਵਰਿਆਂ ਬਾਅਦ ਵੀ ਪੈਦਾ ਨਹੀਂ ਕੀਤੀ ਜਾ ਸਕੀ । ਸਮਰੱਥਾਵਾਨ ਲੋਕਾਂ ਕੋਲ ਸਹੂਲਤਾਂ ਹਨ , ਪਰ ਗਰੀਬ ਇਹਨਾਂ ਤੋਂ ਵਿਰਵੇ ਹਨ। ਭੇਦਭਾਵ ਅਤੇ ਵਰਗੀਕਰਨ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਪੇਂਡੂ ਇਲਾਕਿਆਂ 'ਚ ਲੰਮੇ ਸਮੇਂ ਦਾ ਲੌਕ ਡਾਊਨ ਕਰੋੜਾਂ ਲੋਕਾਂ ਦੀ ਭੁੱਖਮਰੀ ਦਾ ਕਾਰਨ ਬਣੇਗਾ। ਇਹ ਅਸਲ ਅਰਥਾਂ ਵਿੱਚ ਦੇਸ ਦੇ ਗਰੀਬਾਂ ਕੋਲ ਸਾਧਨਾਂ ਦੀ ਘਾਟ ਦੀ ਮੂੰਹ ਬੋਲਦੀ ਤਸਵੀਰ ਹੈ, ਜੋ ਦੇਸ ਦੇ ਸੰਵਿਧਾਨ ਵਿੱਚ ਦਰਜ ਧਾਰਾਵਾਂ, ਜਿਸ ਤਹਿਤ ਹਰ ਇੱਕ ਨੂੰ ਸਮਾਨਤਾ ਦੇ ਹੱਕ ਹਨ, ਉਸਦੀ ਉਲੰਘਣਾ ਹੈ। ਕੁਝ ਨਾਗਰਿਕ ਤਾਂ ਰੋਟੀ ਰੱਜ ਕੇ ਖਾਂਦੇ ਹਨ, ਸਮਰੱਥਾਵਾਨ ਅਤੇ ਸੰਪਨ ਹਨ, ਪਰ ਕੁਝ ਮੁੱਢਲੀਆਂ ਸਹੂਲਤਾਂ ਦੀ ਘਾਟ ਕਾਰਨ ਸ਼ਰੇਆਮ ਰੁਲਦੇ ਹਨ।

ਦੇਸ਼ ਵਿੱਚ ਸਰਕਾਰ ਵਲੋਂ ਅਚਾਨਕ ਲੌਕਡਾਊਨ ਦੀ ਘੋਸ਼ਣਾ ਕਰ ਦਿੱਤੀ ਗਈ। ਲੌਕਡਾਊਨ ਬਾਅਦ ਗੱਡੀਆਂ-ਬੱਸਾਂ ਅਤੇ ਆਉਣ-ਜਾਣ ਦੇ ਸਾਰੇ ਸਾਧਨ ਬੰਦ ਕਰ ਦਿੱਤੇ ਗਏ। ਕਰੋੜਾਂ ਲੋਕ ਆਪਣੇ ਘਰਾਂ ਤੋਂ ਦੂਰ ਫਸ ਗਏ। ਨਾ ਘਰ ਆਉਣ ਜੋਗੇ ਹਨ, ਨਾ ਜੇਬ ਵਿੱਚ ਪੈਸੇ ਹਨ, ਨਾ ਖਾਣ ਦਾ ਕੋਈ ਪ੍ਰਬੰਧ ਹੈ। ਦਿੱਲੀ ਵਿਚ ਕੰਮ ਕਰਨ ਵਾਲੇ ਉਤਰਪ੍ਰਦੇਸ਼, ਬਿਹਾਰ ਦੇ ਹਜ਼ਾਰਾਂ ਲੋਕ ਦਿੱਲੀ ਤੋਂ ਪੈਦਲ ਘਰਾਂ ਵੱਲ ਤੁਰ ਪਏ।



ਕੁਝ ਸਰਕਾਰਾਂ ਨੇ ਤਾਂ ਆਪਣੀਆਂ ਸਰਹੱਦਾਂ ਆਪਣੇ ਹੀ ਲੋਕਾਂ ਲਈ ਬੰਦ ਕਰ ਦਿੱਤੀਆਂ। ਜਿਹੜੇ ਲੋਕ ਦਿੱਲੀ-ਗਾਜੀਆਬਾਦ ਤੋਂ ਆਪਣੇ ਸੂਬਿਆਂ ਵਿਚ ਕਿਸੇ ਤਰਾਂ ਪਹੁੰਚ ਗਏ, ਉਹਨਾ ਪ੍ਰਵਾਸੀ ਮਜ਼ਦੂਰਾਂ ਨੂੰ ਘਰਾਂ ਵਿਚ ਇਕਾਂਤਵਾਸ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਤਾਂ ਉਦੋਂ ਵੇਖਣ ਨੂੰ ਮਿਲੀ ਜਦੋਂ ਸ਼ਹਿਰਾਂ ਵਿਚ ਬਜ਼ੁਰਗਾਂ ਅਤੇ ਨਾਗਰਿਕਾਂ ਲਈ ਕਰਫਿਊ ਵਿਚ ਵੀ ਦੁੱਧ, ਫਲ, ਕੇਕਾਂ ਦੀ ਵਿਵਸਥਾ ਕੀਤੀ ਗਈ, ਜਦ ਕਿ ਪਿੰਡਾਂ ਵਿਚ ਮਜ਼ਦੂਰਾਂ ਨੂੰ ਛੋਟੇ-ਮੋਟੇ ਕੰਮ ਕਰਨ ਲਈ ਵੀ ਘਰਾਂ ਵਿਚੋਂ ਬਾਹਰ ਜਾਣ ਦੀ ਆਗਿਆ ਨਾ ਮਿਲੀ।

ਸਰੀਰਕ, ਸਮਾਜਿਕ ਦੂਰੀ ਦੀਆਂ ਉਸ ਵੇਲੇ ਧੱਜੀਆਂ ਉਡਦੀਆਂ ਵੇਖੀਆਂ ਗਈਆਂ, ਜਦੋਂ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਜੋ ਕਰਨਾਟਕ ਸੂਬੇ ਨਾਲ ਸਬੰਧਤ ਹਨ, ਦੇ ਪੋਤੇ ਦੇ ਵਿਆਹ ਦੇ ਸਮਾਗਮ ਕਰਨ ਦੀ ਖੁਲ ਦੇ ਦਿੱਤੀ ਗਈ, ਨਿਯਮਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ। ਜਦਕਿ ਲੌਕਡਾਊਨ ਨਿਯਮਾਂ ਦੀ ਉਲੰਘਣਾ ਕਰਨ ਤੇ ਹਜ਼ਾਰਾਂ ਲੋਕਾਂ ਦੇ ਵਿਰੁੱਧ ਐਫ.ਆਈ.ਆਰ. ਦਰਜ਼ ਕੀਤੀ ਜਾ ਰਹੀ ਹੈ।

ਇਹ ਮੰਨਿਆ ਜਾਣ ਲੱਗਾ ਹੈ ਕਿ ਜਨਵਰੀ 2020 ਤੋਂ ਮਾਰਚ 2020 ਦੇ ਦਰਮਿਆਨ ਲਗਭਗ 15 ਲੱਖ ਪਾਸਪੋਰਟ ਧਾਰਕ ਦੇਸ਼ ਵਿੱਚ ਹਵਾਈ ਜਹਾਜ਼ਾਂ ਰਾਹੀਂ ਪੁੱਜੇ, ਜਿਹੜੇ ਕਰੋੜਾਂ ਭਾਰਤੀਆਂ ਲਈ ਕਰੋਨਾ ਦੀ ਸੌਗਾਤ ਲਾਗ ਰਾਹੀਂ ਭਾਰਤ ਵਿੱਚ ਲੈ ਕੇ ਆਏ। ਸਰਕਾਰ ਦੇ ਉੱਤੇ ਲੋਕ ਇਹ ਵੀ ਸਵਾਲ ਖੜੇ ਕਰ ਰਹੇ ਹਨ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਫਰਵਰੀ ਮਹੀਨੇ ਲਾਮ-ਲਸ਼ਕਰ ਨਾਲ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿੱਚ ਆਪਣੀ ਆਓ-ਭਗਤ ਕਰਵਾਉਂਦਾ ਰਿਹਾ, ਜਿਸ ਦੇ ਸਵਾਗਤ ਲਈ ਲੱਖਾਂ ਲੋਕਾਂ ਦਾ ਇੱਕਠ ਕੀਤਾ ਗਿਆ। ਕੀ ਦੇਸ਼ ਦੀ ਸਰਕਾਰ ਉਸ ਵੇਲੇ ਕੋਰੋਨਾ ਵਾਇਰਸ ਦੀ ਚੀਨ ਵਿਚ ਫੈਲ ਰਹੀ ਮਹਾਂਮਾਰੀ ਤੋਂ ਜਾਣੂ ਨਹੀਂ ਸੀ? ਉਸ ਵੇਲੇ ਸਾਮਾਜਿਕ ਜਾਂ ਸਰੀਰਕ ਦੂਰੀ ਦੇ ਹੁਕਮ ਲਾਗੂ ਕਰਨੋਂ ਸਰਕਾਰ ਕਿਉਂ ਭੁੱਲ ਗਈ? ਵੱਡੇ ਸ਼ਾਸਕ ਤੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਆਉਣ ਵਾਲੀ ਚੋਣ ਲਈ ਸਹਾਇਤਾ ਜਾਂ ਚੋਣ ਮੁਹਿੰਮ ਵਿਚ ਸਹਾਇਤਾ ਲਈ ਵੱਡੇ ਇਕੱਠ ਕਰਕੇ ਆਮ ਲੋਕਾਂ ਨੂੰ ਖ਼ਤਰੇ ਵਿਚ ਪਾਉਣ ਦਾ ਅਧਿਕਾਰ ਸਰਕਾਰ ਨੂੰ ਕਿਸ ਨੇ ਦਿੱਤਾ? ਉਂਜ ਵੀ ਵੱਡਿਆਂ ਲਈ ਸਤਿਕਾਰ ਅਤੇ ਆਮ ਲੋਕਾਂ ਨਾਲ ਤ੍ਰਿਸਕਾਰ ਕੀ ਸੰਵਿਧਾਨ 'ਚ ਦੇਸ਼ ਦੇ ਹਰ ਨਾਗਰਿਕ ਨੂੰ ਮਿਲੇ ਸਮਾਨਤਾ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ?

ਸਮਾਜਿਕ ਜਾਂ ਸਰੀਰਕ ਦੂਰੀ ਕੋਰੋਨਾ ਮਹਾਂਮਾਰੀ ਦੇ ਇਸ ਸਮੇਂ ਸਰਕਾਰਾਂ ਕੋਲ ਵੱਡਾ ਹਥਿਆਰ ਹੈ। ਕਿਉਂਕਿ ਇਸ ਬੀਮਾਰੀ ਦੀ ਕੋਈ ਦਵਾਈ ਹਾਲੇ ਤੱਕ ਨਹੀਂ ਬਣੀ, ਨਾ ਹੀ ਕੋਰੋਨਾ ਵਾਇਰਸ ਲਈ ਕੋਈ ਟੀਕਾ ਈਜਾਦ ਹੋਇਆ ਹੈ। ਮੁੰਬਈ ਜਿਥੇ ਕੋਰੋਨਾ ਵਾਇਰਸ ਨੇ ਜਿਆਦਾ ਪੈਰ ਪਸਾਰੇ ਹੋਏ ਹਨ, ਉਥੇ ਸਮਾਜਿਕ ਜਾਂ ਸਰੀਰਕ ਦੂਰੀ ਰੱਖਣਾ ਵੀ ਔਖਾ ਹੋ ਰਿਹਾ ਹੈ। ਮੁੰਬਈ ਦੇ ਪੀੜ੍ਹਤ ਦੋ ਵਰਗ ਕਿਲੋਮੀਟਰ ਇਲਾਕੇ ਵਿੱਚ ਅੱਠ ਲੱਖ ਲੋਕ ਰਹਿੰਦੇ ਹਨ। ਕਈ ਰਾਜਾਂ ਵਿੱਚ ਲੌਕਡਾਊਨ ਦੇ ਬਾਵਜੂਦ ਬਜ਼ਾਰਾਂ ਵਿਚ ਭੀੜਾਂ ਜੁੜ ਜਾਂਦੀਆਂ ਹਨ, ਸਹੂਲਤਾਂ ਦੀ ਘਾਟ ਕਾਰਨ ਭਗਦੜ ਮਚ ਜਾਂਦੀ ਹੈ ਅਤੇ ਅਰਾਜਕਤਾ ਵਧਣ ਨਾਲ ਸਮਾਜਿਕ ਦੂਰੀ ਦੇ ਨਿਯਮ ਬੇਮਾਨੀ ਹੋ ਰਹੇ ਹਨ।

ਮਹਾਂਮਾਰੀ ਦੇ ਇਸ ਦੌਰ ਵਿੱਚ ਭਾਵੇਂ ਸੂਬੇ, ਕੇਂਦਰ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ, ਪਰ ਕਿਉਂਕਿ ਕੇਂਦਰ ਵਲੋਂ ਜਾਰੀ ਦਿਸ਼ਾ-ਨਿਰਦੇਸ਼ ਰਾਜਾਂ ਲਈ ਮੰਨਣ ਦੀ ਪਾਬੰਦੀ ਨਹੀਂ ਹੈ, ਇਸ ਲਈ ਰਾਜ ਸਰਕਾਰਾਂ ਇਹਨਾ ਨਿਰਦੇਸ਼ਾਂ ਦੀ ਆਪਣੇ ਮਨ ਮਾਫਕ ਵਿਆਖਿਆ ਕਰ ਰਹੇ ਹਨ ਤੇ ਪੁਲਿਸ ਆਪਣੇ ਢੰਗ ਨਾਲ ਕੰਮ ਕਰ ਰਹੀ ਹੈ। ਇਸ ਨਾਲ ਲੋਕਾਂ ਵਿੱਚ ਗੁੱਸਾ ਵੱਧ ਰਿਹਾ ਹੈ। ਜੇਕਰ ਰਾਜਾਂ ਨੇ ਆਪਣੀ ਮਰਜ਼ੀ ਨਾਲ ਫੈਸਲੇ ਲੈਣੇ ਸ਼ੁਰੂ ਕਰ ਦਿਤੇ ਅਤੇ ਇਕਾਂਤਵਾਸ ਵਿੱਚ ਸ਼ੱਕੀ ਕੋਰੋਨਾ ਪੀੜਤਾਂ ਨੂੰ ਰੱਖਣ ਦੀ ਸਮਾਨ ਨੀਤੀ ਨਾ ਬਣੀ ਤਾਂ ਕੇਂਦਰ ਵਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਉੱਤੇ ਵੀ ਸਵਾਲ ਖੜੇ ਹੋ ਜਾਣਗੇ। ਕਾਨੂੰਨ ਦੀ ਮਨ ਮਾਫਿਕ ਵਿਆਖਿਆ ਦੇਸ਼ ਵਿਚ ਲੌਕਡਾਊਨ ਦੇ ਬਾਅਦ ਸੰਵਿਧਾਨ ਸੰਕਟ ਦਾ ਕਾਰਨ ਬਣ ਸਕਦੀ ਹੈ।

# ਅੰਮ੍ਰਿਤਸਰ ਦੀ ਇਤਿਹਾਸਕ ਦੀਵਾਰ ਅਤੇ ਦਰਵਾਜ਼ੇ

**- ਸੁਰਿੰਦਰ ਕੋਛੜ**

ਅੰਮ੍ਰਿਤਸਰ ਸ਼ਹਿਰ ਦੀ ਸੁਰੱਖਿਆ ਅਤੇ ਮੁਗ਼ਲ ਸੈਨਾ ਦੇ ਮੁਕਾਬਲੇ ਲਈ ਫ਼ੌਜੀ ਤਿਆਰੀਆਂ ਨੂੰ ਧਿਆਨ ਵਿੱਚ ਰੱਖਦਿਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ 1671 (1614 ਈਸਵੀ) ਵਿੱਚ ਲੋਹਗੜ ਕਿਲੇ ਦਾ ਨਿਰਮਾਣ ਕਰਵਾਇਆ ਅਤੇ ਸੰਮਤ 1676 (ਸੰਨ 1619) ਵਿੱਚ ਪੁਰਾਣੇ ਅੰਮ੍ਰਿਤਸਰ (ਰਾਮਦਾਸਪੁਰਾ) ਦੇ ਕੁਝ ਹਿੱਸੇ ਵਿੱਚ ਪੱਕੀ ਦੀਵਾਰ ਬਣਵਾਈ। ਅਣਗਹਿਲੀ ਕਾਰਨ ਅੱਜ ਇਹ ਗੁਰੂ-ਨਿਸ਼ਾਨੀ ਲੋਪ ਹੋ ਚੁੱਕੀ ਹੈ। ਗੁਰੂ ਜੀ ਤੋਂ ਬਾਅਦ ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਕਟੜਾ ਰਾਮਗੜੀਆ ਸਹਿਤ ਸ਼ਹਿਰ ਦੇ ਕੁਝ ਹਿੱਸੇ ਵਿੱਚ ਦੀਵਾਰ ਬਣਵਾਈ। ਇਸੇ ਤਰਾਂ ਭੰਗੀ ਮਿਸਲ ਦੇ ਮੁਖੀ ਗੁੱਜਰ ਸਿੰਘ ਭੰਗੀ ਵੱਲੋਂ ਵੀ ਸ਼ਹਿਰ ਦੇ ਕੁਝ ਹਿੱਸੇ ਵਿੱਚ ਦੀਵਾਰ ਅਤੇ ਦਰਵਾਜ਼ੇ ਬਣਾਉਣ ਦਾ ਜ਼ਿਕਰ ਇਤਿਹਾਸ ਵਿੱਚ ਆਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸਨ ਕਾਲ ਦੌਰਾਨ ਅੰਮ੍ਰਿਤਸਰ ਨੂੰ ਕਬਜ਼ੇ ਵਿੱਚ ਲੈਣ ਮਗਰੋਂ ਸ਼ਹਿਰ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ 1823 (ਕਈ ਇਤਿਹਾਸਕਾਰਾਂ ਨੇ ਸੰਨ 1821 ਵੀ ਲਿਖਿਆ ਹੈ) ਵਿੱਚ ਕਟੜਾ ਮਹਾਂ ਸਿੰਘ ਤੋਂ ਮਿਸਤਰੀ ਮੁਹੰਮਦ ਯਾਰ ਖ਼ਾਂ ਦੀ ਸਲਾਹ ਨਾਲ ਅਫ਼ਸਰ-ਏ-ਇਮਾਰਤ ਗਣੇਸ਼ ਦਾਸ ਦੀ ਮਾਰਫ਼ਤ ਦੀਵਾਰ ਬਣਵਾਉਣੀ ਸ਼ੁਰੂ ਕੀਤੀ। ਸ਼ਹਿਰ ਦੀ ਸੁਰੱਖਿਆ ਹਿੱਤ ਸ਼ਹਿਰ ਦੇ ਚੌਗਿਰਦੇ, ਜੋ 25 ਫੁੱਟ ਚੌੜੀ ਦੀਵਾਰ ਬਣਾਈ ਗਈ, ਉਸ ਦੇ ਅੰਦਰ 10 ਗਜ਼ ਚੌੜੀ ਤੇ 8724 ਗਜ਼ ਲੰਮੀ ਧੂੜ ਕੋਟ (ਕੱਚੀ ਕੰਧ, ਜਿਸ ਵਿੱਚ ਰੇਤ ਭਰੀ ਜਾਂਦੀ ਹੈ, ਇਸ ਨੂੰ ਫ਼ਸੀਲ ਜਾਂ ਪਨਾਹਗਾਹ ਵੀ ਕਿਹਾ ਜਾਂਦਾ ਹੈ) ਬਣਾਈ ਗਈ। ਬਾਹਰਲੀ ਪੱਕੀ ਦੀਵਾਰ ਬਾਹਰਵਾਰ ਡੂੰਘੀ ਖਾਈ ਪੁੱਟ ਕੇ ਪਾਣੀ ਨਾਲ ਭਰ ਦਿੱਤੀ ਗਈ।

ਬਾਅਦ ਵਿੱਚ ਦੀਵਾਰ ਦੇ ਨਿਰਮਾਣ ਦਾ ਕੰਮ ਦੇਸਾ ਸਿੰਘ ਮਜੀਠੀਆ ਅਤੇ ਉਨਾਂ ਮਗਰੋਂ ਉਨਾਂ ਦੇ ਪੁੱਤਰ ਲਹਿਣਾ ਸਿੰਘ ਮਜੀਠੀਆ ਨੂੰ ਸੌਂਪਿਆ ਗਿਆ। ਬਾਅਦ ਵਿੱਚ ਦੀਵਾਰ ਦਾ ਕੰਮ ਸ਼ਾਹੂਕਾਰ ਰਾਮਾਨੰਦ ਦੀ ਦੇਖ-ਰੇਖ ਵਿੱਚ ਚੱਲਦਾ ਰਿਹਾ। ਸ਼ਾਹੂਕਾਰ ਰਾਮਾਨੰਦ ਦੇ ਦੇਹਾਂਤ ਮਗਰੋਂ ਉਸ ਦੇ ਖ਼ਜ਼ਾਨੇ ਵਿੱਚੋਂ ਜੋ 8 ਲੱਖ ਰੁਪਏ ਮਿਲੇ, ਉਨਾਂ ਨੂੰ ਵੀ ਸਰਕਾਰੀ ਖ਼ਜ਼ਾਨੇ ਵਿੱਚ ਜਮਾ ਕਰ ਕੇ ਦੀਵਾਰ 'ਤੇ ਖ਼ਰਚ ਕੀਤਾ ਗਿਆ। ਇਸ ਧੂੜਕੋਟ ਦੀ ਦੀਵਾਰ ਵਿੱਚ 12 ਦਰਵਾਜ਼ੇ ਵੀ ਬਣਾਏ ਗਏ। ਰਾਤ ਨੂੰ ਇਹ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਸਨ। ਇੱਕ ਤੋਂ ਦੂਜੇ ਦਰਵਾਜ਼ੇ ਵਿਚਕਾਰ 20-20 ਬੁਰਜੀਆਂ ਬਣਾਈਆਂ ਗਈਆਂ। ਇਨਾਂ ਬੁਰਜੀਆਂ ਦੀ ਕੁੱਲ ਗਿਣਤੀ 240 ਸੀ। ਹਰ ਦਰਵਾਜ਼ੇ 'ਤੇ ਦੋ-ਤਿੰਨ ਤੋਪਾਂ ਰੱਖੀਆਂ ਹੁੰਦੀਆਂ ਸਨ। ਪੰਜਾਬ 'ਤੇ ਬ੍ਰਿਟਿਸ਼ ਸਰਕਾਰ ਦਾ ਕਬਜ਼ਾ ਹੋਣ ਮਗਰੋਂ 1855 ਵਿੱਚ ਇਤਿਹਾਸਕ ਦੀਵਾਰ ਅਤੇ ਦਰਵਾਜ਼ਿਆਂ ਵਿਚਕਾਰ ਬਣੀਆਂ ਬੁਰਜੀਆਂ ਤੋੜ ਦਿੱਤੀਆਂ ਗਈਆਂ। ਦੀਵਾਰ ਦੇ ਨਾਲ ਲੱਗਦੀ ਪਾਣੀ ਦੀ ਖਾਈ ਵਿੱਚ ਧੂੜਕੋਟ ਦੀ ਦੀਵਾਰ ਨੂੰ ਢਾਹ ਕੇ ਮਿੱਟੀ ਭਰ ਦਿੱਤੀ ਗਈ ਅਤੇ ਦੀਵਾਰ ਦੀ ਥਾਂ ਬਗ਼ੀਚੀਆਂ ਬਣਾਈਆਂ ਗਈਆਂ। 1869 ਵਿੱਚ ਸ਼ਹਿਰ ਦੀ ਬਾਹਰ ਵਾਲੀ ਖਾਈ ਭਰਨ ਲਈ 3000 ਮਜ਼ਦੂਰ ਲਾਏ ਗਏ ਅਤੇ ਇਸ ਕੰਮ 'ਤੇ 2,56,568 ਰੁਪਏ ਖ਼ਰਚ ਆਇਆ। 1863 ਵਿੱਚ ਦੀਵਾਰ ਦੀ ਥਾਂ ਅੰਦਰੂਨੀ ਸਰਕੂਲਰ ਰੋਡ ਬਣਾ ਦਿੱਤੀ ਗਈ। 19ਵੀਂ ਸਦੀ ਵਿੱਚ ਮੁੜ 12 ਗਜ਼ ਉੱਚੀ ਨਵੀਂ ਦੀਵਾਰ ਬਣਾਉਣੀ ਸ਼ੁਰੂ ਕੀਤੀ ਗਈ। ਨਵੀਂ ਦੀਵਾਰ ਅਤੇ ਦਰਵਾਜ਼ੇ 1866-68 ਦੇ ਵਿਚਕਾਰ ਪਬਲਿਕ ਵਰਕਸ ਡਿਪਾਰਟਮੈਂਟ ਵੱਲੋਂ ਬਣਾਏ ਗਏ। ਨਵੀਂ ਦੀਵਾਰ ਲਾਹੌਰੀ ਗੇਟ ਤੋਂ ਰਾਮਬਾਗ਼ ਤੱਕ ਬਣਾਈ ਗਈ। 1892 ਤੱਕ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਣਾਈ ਇਤਿਹਾਸਕ ਦੀਵਾਰ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਗਿਆ ਪਰ ਹਾਲ ਗੇਟ ਤੋਂ ਲੈ ਕੇ ਰਾਮ ਬਾਗ਼ ਤੱਕ ਪੁਰਾਣੀ ਦੀਵਾਰ ਦਾ ਕੁਝ ਬਾਹਰੀ ਹਿੱਸਾ ਅਜੇ ਵੀ ਮੌਜੂਦ ਹੈ।

1876 ਵਿੱਚ ਅੰਗਰੇਜ਼ੀ ਸਰਕਾਰ ਦੁਆਰਾ ਹਾਲ ਗੇਟ (ਨਵਾਂ ਨਾਂ ਗਾਂਧੀ ਦਰਵਾਜ਼ਾ) ਬਣਾਉਣ ਮਗਰੋਂ ਦਰਵਾਜ਼ਾ ਰਾਮਬਾਗ਼ (ਆਬਾਦੀ) ਦੀ ਬਾਹਰੀ ਡਿਉਢੀ ਨੂੰ ਛੱਡ ਕੇ ਬਾਕੀ ਸਾਰੇ ਇਤਿਹਾਸਕ ਦਰਵਾਜ਼ਿਆਂ ਨੂੰ ਡੇਗ ਦਿੱਤਾ ਗਿਆ। ਮਹਾਂ ਸਿੰਘ ਗੇਟ ਨੂੰ ਅਖ਼ੀਰ ਵਿੱਚ 1892 ਵਿੱਚ ਢਾਹਿਆ ਗਿਆ। ਇਨਾਂ ਦਰਵਾਜ਼ਿਆਂ ਤੋਂ ਉਤਰਿਆ ਕੀਮਤੀ ਸਾਮਾਨ ਲਾਹੌਰ ਸੈਂਟਰਲ ਮਿਊਜ਼ੀਅਮ ਵਿੱਚ ਭੇਜ ਦਿੱਤਾ ਗਿਆ। ਨਵੀਂ ਦੀਵਾਰ ਦੇ ਬਾਹਰਵਾਰ ਹਾਥੀ ਗੇਟ ਤੋਂ ਖ਼ਜ਼ਾਨਾ ਗੇਟ ਤੱਕ ਸਿੰਗਲ ਰੇਲਵੇ ਲਾਈਨ ਵਿਛਾਈ ਗਈ, ਜਿਸ 'ਤੇ ਇੱਕ ਕੂੜਾ ਗੱਡੀ (ਕਚਰਾ ਚੁੱਕਣ ਵਾਲੀ ਗੱਡੀ) ਚੱਲਦੀ ਸੀ। ਪੁਰਾਣੇ ਦਰਵਾਜ਼ੇ ਢਾਹੁਣ ਮਗਰੋਂ ਬ੍ਰਿਟਿਸ਼ ਸਰਕਾਰ ਨੇ ਨਵੇਂ ਦਰਵਾਜ਼ੇ ਬਣਾਏ, ਜਿਨਾਂ ਵਿੱਚੋਂ ਬਹੁਤੇ ਲੋਪ ਹੋ ਚੁੱਕੇ ਹਨ। ਮੌਜੂਦਾ ਬਚੇ ਹੋਏ ਦਰਵਾਜ਼ਿਆਂ ਸਬੰਧੀ ਕਿਸੇ ਵੀ ਸਬੰਧਿਤ ਵਿਭਾਗ ਜਾਂ ਪ੍ਰਸ਼ਾਸਨ ਕੋਲ ਇਤਿਹਾਸਕ ਜਾਣਕਾਰੀ ਨਾ ਹੋਣ ਕਾਰਨੇ ਉਹ ਇਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਏ ਦੱਸਦੇ ਹਨ।

ਦਰਵਾਜ਼ਾ ਰਾਮਬਾਗ਼: ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਰਾਮਬਾਗ਼ ਦਰਵਾਜ਼ਾ ਤਾਂ ਨਹੀਂ ਬਚਿਆ ਪਰ ਇਸ ਦੀ ਬਾਹਰੀ ਡਿਉਢੀ ਅੱਜ ਵੀ ਮੌਜੂਦ ਹੈ, ਜਿਸ ਦਾ ਨਵ-ਨਿਰਮਾਣ ਚੱਲ ਰਿਹਾ ਹੈ। ਇਸ ਡਿਉਢੀ ਨੂੰ ਅੰਗਰੇਜ਼ ਰਾਮਬਾਗ਼ ਦਾ ਪੁਰਾਣਾ ਕਿਲਾ ਵੀ ਲਿਖਦੇ ਸਨ। ਇਸ ਡਿਉਢੀ 'ਤੇ ਕੀਤੇ ਗਏ ਕਬਜ਼ਿਆਂ ਵਿੱਚੋਂ ਬਹੁਤਿਆਂ ਨੂੰ ਕੋਈ ਦੋ ਕੁ ਸਾਲ ਪਹਿਲਾਂ ਹੀ ਹਟਾਇਆ ਗਿਆ ਹੈ ਪਰ ਅਜੇ ਵੀ ਡਿਉਢੀ ਦੇ ਬਾਹਰਵਾਰ ਦਾ ਕਰੀਬ ਸਾਰਾ ਹਿੱਸਾ ਲੋਕਾਂ ਦੇ ਕਬਜ਼ੇ ਅਧੀਨ ਹੈ।

ਹਾਲ ਗੇਟ: ਹਾਲ ਗੇਟ ਸੰਨ 1876 ਵਿੱਚ ਕਰਨਲ ਸੀ.ਐਚ. ਹਾਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਨਾਂ 'ਤੇ ਤਿਆਰ ਕਰਵਾਇਆ ਸੀ। ਇਸ ਉੱਤੇ ਲੱਗੀ ਘੜੀ ਅਤੇ ਇਮਾਰਤ ਦਾ ਡਿਜ਼ਾਈਨ ਇੰਜਨੀਅਰ ਜਾਨ ਗਾਰਡਨ ਨੇ 1873-74 ਵਿੱਚ ਤਿਆਰ ਕੀਤਾ। ਦਰਵਾਜ਼ਾ ਬਣਨ ਤੋਂ ਪਹਿਲਾਂ ਇੱਥੇ ਪੁਰਾਣੀ ਦੀਵਾਰ ਦਾ ਬੁਰਜ ਹੁੰਦਾ ਸੀ। ਦਰਵਾਜ਼ੇ ਉੱਤੇ ਇਸ ਦਾ ਨਵਾਂ ਨਾਂ 'ਗਾਂਧੀ ਦਰਵਾਜ਼ਾ' ਉੱਕਰਿਆ ਹੋਇਆ ਹੈ।

ਸਿਕੰਦਰੀ ਦਰਵਾਜ਼ਾ: ਇਹ ਦਰਵਾਜ਼ਾ ਹਾਲ ਗੇਟ ਅਤੇ ਹਾਥੀ ਗੇਟ ਦੇ ਵਿਚਕਾਰ ਨਵਾਂ ਰਸਤਾ ਕੱਢਣ ਲਈ 1940 ਵਿੱਚ ਸਰ ਸਿਕੰਦਰ ਹਯਾਤ ਖ਼ਾਂ ਦੇ ਨਾਂ 'ਤੇ ਬਣਾਇਆ ਗਿਆ, ਜੋ ਬਣਨ ਤੋਂ ਜਲਦ ਮਗਰੋਂ ਢਹਿ ਗਿਆ।

ਹਾਥੀ ਗੇਟ: ਅੰਮ੍ਰਿਤਸਰ ਦੇ ਪੁਰਾਣੇ ਨਕਸ਼ਿਆਂ ਵਿੱਚ ਇਸ ਦਰਵਾਜ਼ੇ ਦਾ ਨਾਂ ਦਰਵਾਜ਼ਾ-ਏ-ਡਿਉਢੀ ਸ਼ਹਿਜ਼ਾਦਾ ਲਿਖਿਆ ਪੜਨ ਵਿੱਚ ਆਉਂਦਾ ਹੈ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਦਰਵਾਜ਼ੇ ਦੇ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਹਾਥੀ ਬੰਨੇ ਜਾਂਦੇ ਸਨ, ਜਿਸ ਕਰਕੇ ਇਸ ਦਰਵਾਜ਼ੇ ਦਾ ਨਾਂ 'ਹਾਥੀ ਦਰਵਾਜ਼ਾ' ਪਿਆ।

ਲੋਹਗੜ ਦਰਵਾਜ਼ਾ: ਇਸ ਦਰਵਾਜ਼ੇ ਅੰਦਰ ਗੁਰੂ ਹਰਿਗੋਬਿੰਦ ਜੀ ਦੀ ਯਾਦਗਾਰ ਕਿਲਾ ਲੋਹਗੜ ਦੇ ਰੂਪ ਵਿੱਚ ਮੌਜੂਦ ਸੀ। ਮਹਾਰਾਜਾ ਰਣਜੀਤ ਸਿੰਘ ਸਮੇਂ ਬਣਿਆ ਇਹ ਦਰਵਾਜ਼ਾ ਹੁਣ ਲੋਪ ਹੋ ਚੁੱਕਾ ਹੈ।




ਬੇਰੀ ਗੇਟ: 1876 ਵਿੱਚ ਦਰਵਾਜ਼ਾ ਲੋਹਗੜ ਅਤੇ ਦਰਵਾਜ਼ਾ ਲਾਹੌਰੀ ਦੇ ਵਿਚਕਾਰ ਰਸਤਾ ਦੇਣ ਲਈ ਬੇਰੀ ਗੇਟ ਬਣਾਇਆ ਗਿਆ। ਅੱਜ ਇਸ ਦਰਵਾਜ਼ੇ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ।

ਲਾਹੌਰੀ ਦਰਵਾਜ਼ਾ: ਉਮਦੱਤ-ਉਤ-ਤਵਾਰੀਖ਼, ਸੋਹਨ ਲਾਲ ਸੂਰੀ, ਸਫ਼ਾ 330, ਅਨੁਸਾਰ ਇੱਥੋਂ ਸਿੱਧਾ ਰਸਤਾ ਸਿੱਖ ਰਾਜ ਸਮੇਂ ਲਾਹੌਰ ਨੂੰ ਜਾਂਦਾ ਸੀ। ਬ੍ਰਿਟਿਸ਼ ਸ਼ਾਸਨ ਸਮੇਂ ਮਹਾਰਾਜੇ ਦਾ ਬਣਵਾਇਆ ਇਹ ਇਤਿਹਾਸਕ ਦਰਵਾਜ਼ਾ ਡੇਗ ਕੇ ਉਸੇ ਸਥਾਨ 'ਤੇ ਨਵਾਂ ਦਰਵਾਜ਼ਾ ਬਣਾਇਆ ਗਿਆ, ਜੋ ਅੱਜ ਵੀ ਮੌਜੂਦ ਹੈ।

ਖ਼ਜ਼ਾਨਾ ਗੇਟ: ਖ਼ਜ਼ਾਨਾ ਨਾਮੀ ਮੁਸਲਮਾਨ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਨੌਕਰ ਸੀ, ਦਾ ਘਰ ਦਰਵਾਜ਼ੇ ਦੇ ਬਿਲਕੁਲ ਕੋਲ ਹੋਣ ਕਰਕੇ ਦਰਵਾਜ਼ੇ ਦਾ ਨਾਂ ਉਸ ਦੇ ਨਾਂ ਤੋਂ ਹੀ ਪ੍ਰਸਿੱਧ ਹੋ ਗਿਆ।

ਗੇਟ ਹਕੀਮਾਂ: ਗੇਟ ਹਕੀਮਾਂ ਮਹਾਰਾਜਾ ਦੇ ਸ਼ਾਹੀ ਹਕੀਮ ਨੂਰੁੱਦੀਨ ਅਤੇ ਚਰਾਗ਼ਦੀਨ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਦੋਵੇਂ ਮਹਾਰਾਜਾ ਦੇ ਵਿਦੇਸ਼ ਮੰਤਰੀ ਫ਼ਕੀਰ ਅਜੀਜ਼ੁੱਦੀਨ ਦੇ ਪੁੱਤਰ ਸਨ। ਇਸ ਨੂੰ ਮਾਝੇ ਵਾਲਾ ਦਰਵਾਜ਼ਾ ਵੀ ਕਿਹਾ ਜਾਂਦਾ ਸੀ।

ਗੇਟ ਭਗਤਾਂ ਵਾਲਾ: ਖ਼ਾਲਸਾ ਰਾਜ ਦੇ ਸਮੇਂ ਇਸ ਦਰਵਾਜ਼ੇ ਦਾ ਨਾਂ ਦਰਵਾਜ਼ਾ-ਏ-ਡਿਉਢੀ ਰੰਗੜ ਨੰਗਲੀਆਂ ਸੀ।

ਦਰਵਾਜ਼ਾ ਗਿਲਵਾਲੀ: ਇਸ ਦਰਵਾਜ਼ੇਂ ਤੋਂ ਸਿੱਧਾ ਰਸਤਾ ਪਿੰਡ ਗਿਲਵਾਲੀ ਤਕ ਜਾਂਦਾ ਹੋਣ ਕਰਕੇ ਇਸ ਦਾ ਨਾਂ ਦਰਵਾਜ਼ਾ ਗਿਲਵਾਲੀ ਪਿਆ। ਮਹਾਰਾਜਾ ਦੁਆਰਾ ਬਣਾਇਆ ਇਹ ਇਤਿਹਾਸਕ ਦਰਵਾਜ਼ਾ ਲੋਪ ਹੋ ਚੁੱਕਾ ਹੈ।

ਦਰਵਾਜ਼ਾ ਚਾਟੀਵਿੰਡ: ਪੁਰਾਤਨ ਰਿਕਾਰਡ ਵਿੱਚ ਇਸ ਦਰਵਾਜ਼ੇ ਦਾ ਨਾਂ ਰਾਮਗੜੀਆ ਦਰਵਾਜ਼ਾ ਹੈ। ਇੱਥੋਂ ਸਿੱਧੀ ਸੜਕ ਤਰਨਤਾਰਨ ਨੂੰ ਜਾਂਦੀ ਹੈ। ਮਹਾਰਾਜਾ ਸਮੇਂ ਬਣਿਆ ਇਹ ਦਰਵਾਜ਼ਾ ਵੀ ਹੁਣ ਮੌਜੂਦ ਨਹੀਂ ਹੈ ਪਰ ਰਾਮਗੜੀਆ ਬਿਰਾਦਰੀ ਵੱਲੋਂ ਇਸ ਨੂੰ ਮੁੜ ਬਣਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਦਰਵਾਜ਼ਾ ਸੁਲਤਾਨਵਿੰਡ: ਆਰ.ਐਚ. ਡੇਵਿਸ ਅਤੇ ਅਲਾਉਦੀਨ 'ਇਬਾਰਤਨਾਮਾ' ਦੇ ਸਫ਼ਾ 86 'ਤੇ ਲਿਖਦੇ ਹਨ ਕਿ ਇਹ ਦਰਵਾਜ਼ਾ ਤੋਪਾਂ ਵਾਲਾ ਦਰਵਾਜ਼ਾ, ਦਰਵਾਜ਼ਾ-ਏ-ਦੋਬੁਰਜੀ ਅਤੇ ਦਰਵਾਜ਼ਾ-ਏ-ਦਿੱਲੀ ਨਾਵਾਂ ਨਾਲ ਵੀ ਪ੍ਰਸਿੱਧ ਸੀ। ਇੱਥੋਂ ਸਿੱਧਾ ਰਸਤਾ ਦੋਬੁਰਜੀ ਨੂੰ ਜਾਣ ਕਰਕੇ ਇਸ ਦਾ ਨਾਂ 'ਦਰਵਾਜ਼ਾ-ਏ-ਦੋਬੁਰਜੀ' ਪਿਆ। ਇਸ ਦਰਵਾਜ਼ੇ 'ਤੇ ਦੋ-ਤਿੰਨ ਵੱਡੀਆਂ ਤੋਪਾਂ ਰੱਖੀਆਂ ਹੋਣ ਕਰਕੇ ਇਸ ਨੂੰ ਦਰਵਾਜ਼ਾ-ਏ-ਤੋਪ ਵਾਲਾ ਕਿਹਾ ਜਾਂਦਾ ਸੀ। ਬ੍ਰਿਟਿਸ਼ਰਜ਼ ਦੁਆਰਾ ਪੁਰਾਣੇ ਦਰਵਾਜ਼ੇ ਨੂੰ ਢਾਹ ਕੇ ਬਣਾਏ ਗਏ ਨਵੇਂ ਦਰਵਾਜ਼ੇ ਦੀਆਂ ਬੁਰਜੀਆਂ ਅੱਜ ਵੀ ਮੌਜੂਦ ਹਨ।

ਦਰਵਾਜ਼ਾ ਘਿਉ ਮੰਡੀ: ਇਸ ਦਰਵਾਜ਼ੇ ਦਾ ਪੁਰਾਣਾ ਨਾਂ ਦਰਵਾਜ਼ਾ-ਏ-ਆਹਲੂਵਾਲੀਆ ਸੀ ਕਿਉਂਕਿ ਇੱਥੋਂ ਸਿੱਧਾ ਰਸਤਾ ਕਟੜਾ ਆਹਲੂਵਾਲੀਆ ਨੂੰ ਜਾਂਦਾ ਸੀ। ਇਸ ਦਰਵਾਜ਼ੇ ਵਿੱਚ ਬਣੇ ਬਾਜ਼ਾਰ ਵਿੱਚ ਬ੍ਰਿਟਿਸ਼ ਸ਼ਾਸਨ ਸਮੇਂ ਘਿਉ-ਤੇਲ ਦੀ ਮੰਡੀ ਹੋਣ ਕਰਕੇ ਇਸ ਦਾ ਨਾਂ ਦਰਵਾਜ਼ਾ ਘਿਉ ਮੰਡੀ ਪ੍ਰਸਿੱਧ ਹੋ ਗਿਆ। ਇਹ ਦਰਵਾਜ਼ਾ ਵੀ ਲੋਪ ਹੋ ਚੁੱਕਾ ਹੈ।

ਮਹਾਂ ਸਿੰਘ ਗੇਟ: ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਦੇ ਨਾਂ 'ਤੇ ਬਣਾਏ ਇਸ ਦਰਵਾਜ਼ੇ ਦਾ ਨਾਂ ਦਰਵਾਜ਼ਾ-ਏ-ਡਿਉਢੀ ਕਲਾਂ ਵੀ ਪੜਨ ਨੂੰ ਮਿਲਦਾ ਹੈ। ਬ੍ਰਿਟਿਸ਼ ਸ਼ਾਸਨ ਦੁਆਰਾ ਇਹ ਦਰਵਾਜ਼ਾ ਬਾਕੀ ਸਭ ਇਤਿਹਾਸਕ ਦਰਵਾਜ਼ਿਆਂ ਤੋਂ ਬਾਅਦ 1892 ਵਿੱਚ ਡੇਗਿਆ ਗਿਆ।


**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



**SKYWAY TRAVEL**

Serving Around the World Community since 1994
We specialize to Asia, Europe, Middle East. Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345

# ਆਓ ਪਾਣੀ ਦੀ ਸੰਭਾਲ ਕਰੀਏ

- ਨਰਿੰਦਰ ਕੌਰ ਸੋਹਲ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਗੁਰਬਾਣੀ ਵਿੱਚ ਦਰਜ ਉਪਰੋਕਤ ਸਤਰ ਦੀ ਮਹਾਨਤਾ ਅਤੇ ਮਹੱਤਤਾ ਨੂੰ ਜਾਣਨਾ ਅੱਜ ਬਹੁਤ ਜ਼ਰੂਰੀ ਹੈ। ਇਸ ਵਿੱਚ ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ, ਜਿਸਦੇ ਕਰਕੇ ਹੀ ਧਰਤੀ 'ਤੇ ਜੀਵਨ ਪਾਇਆ ਜਾਂਦਾ ਹੈ। ਪਾਣੀ ਦੀ ਅਣਹੋਂਦ ਕਰਕੇ ਹੋਰ ਗ੍ਰਹਿਆਂ ਉੱਤੇ ਜੀਵਨ ਨਹੀਂ ਲੱਭਿਆ ਜਾ ਸਕਿਆ। ਪਾਣੀ ਸਾਡੇ ਜੀਵਨ ਦੀਆਂ ਮੁਢਲੀਆਂ ਜ਼ਰੂਰਤਾਂ ਵਿੱਚੋਂ ਇੱਕ ਅਤਿ ਜ਼ਰੂਰੀ ਤਰਲ ਪਦਾਰਥ ਹੈ, ਜਿਸ ਤੋਂ ਬਿਨਾਂ ਕੋਈ ਵੀ ਪ੍ਰਾਣੀ ਜੀਵਿਤ ਨਹੀਂ ਰਹਿ ਸਕਦਾ। ਪਾਣੀ ਪੀਣ ਤੋਂ ਬਿਨਾ ਹੋਰ ਅਨੇਕਾਂ ਹੀ ਰੋਜ਼-ਮਰਾ ਦੇ ਕੰਮਾਂ ਲਈ ਵਰਤਿਆ ਜਾਂਦਾ ਹੈ। ਹੁਣ ਦੇਸ਼ ਭਰ ਵਿੱਚ ਜਿਉਂ-ਜਿਉਂ ਪਾਣੀ ਦੀ ਕਮੀ ਜ਼ੋਰ ਫੜਦੀ ਜਾ ਰਹੀ ਹੈ, ਤਿਉਂ-ਤਿਉਂ ਪਾਣੀ ਦੇ ਸੰਕਟ ਉੱਪਰ ਵੀ ਵਿਚਾਰਾ ਹੋਣ ਲੱਗ ਪਈਆਂ ਹਨ। ਖ਼ਾਸ ਕਰਕੇ ਵੱਡੇ-ਵੱਡੇ ਸ਼ਹਿਰਾਂ ਵਿੱਚ ਪਾਣੀ ਦੀ ਸਮੱਸਿਆ ਪੈਦਾ ਹੋਣ ਲੱਗੀ ਹੈ, ਜਿਸ ਸਬੰਧੀ ਆਏ ਦਿਨ ਅਖਬਾਰਾਂ ਵਿੱਚ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਰਹਿੰਦੀਆਂ ਹਨ। ਜੇਕਰ ਅਸੀਂ ਪਾਣੀ ਦੀ ਇਵੇਂ ਹੀ ਦੁਰਵਰਤੋਂ ਕਰਦੇ ਰਹੇ ਅਤੇ ਸਹੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦਾ ਗਭੀਰ ਸੰਕਟ ਪੈਦਾ ਹੋ ਸਕਦਾ ਹੈ। ਸਾਡਾ ਦੇਸ਼ ਤੇਜ਼ੀ ਨਾਲ ਪਾਣੀ ਦੇ ਇੱਕ ਵੱਡੇ ਸੰਕਟ ਵਲ ਵਧ ਰਿਹਾ ਹੈ। ਵਿਗਿਆਨੀਆਂ ਵਲੋਂ ਰਿਪੋਰਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਜ਼ਮੀਨ ਹੇਠਾਂ ਪਾਣੀ ਬੇਹੱਦ ਘਟ ਚੁੱਕਾ ਹੈ। ਬੇਸ਼ਕ ਮਨੁੱਖ ਬਾਕੀ ਪ੍ਰਾਣੀਆਂ ਦੇ ਮੁਕਾਬਲੇ ਬਿਹਤਰ ਦਿਮਾਗ ਰੱਖਦਾ ਹੈ ਅਤੇ ਆਪਣੇ ਭਵਿੱਖ ਬਾਰੇ ਸੋਚ ਸਕਦਾ ਹੈ ਪਰ ਜਾਪਦਾ ਹੈ ਕਿ ਭ੍ਰਿਸ਼ਟ ਪੂੰਜੀਵਾਦੀ ਮਾਡਲ ਨੇ ਸਾਡੀ ਸੋਚ ਹੀ ਮਾਰ ਦਿੱਤੀ ਹੈ। ਅਸੀਂ ਆਪਣੇ ਆਲੇ-ਦੁਆਲੇ ਵੱਜਦੀਆਂ ਖ਼ਤਰੇ ਦੀਆਂ ਘੰਟੀਆਂ ਹਾਲੇ ਵੀ ਨਹੀਂ ਸੁਣ ਰਹੇ।

ਪੰਜਾਂ ਪਾਣੀਆਂ ਦੀ ਧਰਤੀ ਵਜੋਂ ਜਾਣੇ ਜਾਂਦੇ ਸੂਬੇ ਪੰਜਾਬ ਵਿੱਚ ਕੁਦਰਤੀ ਪਾਣੀ ਦੇ ਡਿਗਦੇ ਪੱਧਰ ਨੂੰ ਵੇਖਦਿਆਂ ਕੇਂਦਰੀ ਭੂ-ਜਲ ਬੋਰਡ ਵੱਲੋਂ ਸੂਬੇ ਦੇ 146 ਬਲਾਕਾਂ ਵਿੱਚੋਂ 115 ਨੂੰ ਕਾਲੇ ਖੇਤਰ ਵਾਲੇ ਜ਼ੋਨ ਐਲਾਨਿਆ ਗਿਆ ਹੈ। ਮੋਗੇ ਜ਼ਿਲੇ ਦਾ ਬਲਾਕ 'ਨਿਹਾਲ ਸਿੰਘ ਵਾਲਾ', ਡਾਰਕ ਜੋਨ ਵਾਲੇ ਬਲਾਕਾਂ ਵਿੱਚੋਂ ਪਹਿਲਾ ਬਲਾਕ ਹੈ। ਧਰਤੀ ਹੇਠਲੇ ਜਲ-ਭੰਡਾਰਾਂ ਵਿੱਚ ਪਾਣੀ ਲਗਾਤਾਰ ਘਟ ਰਿਹਾ ਹੈ ਕਿਉਂਕਿ ਇੱਕ ਪਾਸੇ ਧਰਤੀ ਵਿੱਚੋਂ ਬੇਹਤਾਸ਼ਾ ਪਾਣੀ ਕੱਢਿਆ ਜਾ ਰਿਹਾ ਹੈ। ਦੂਜੇ ਪਾਸੇ ਦਰਖਤਾਂ ਦੀ ਅੰਨੇਵਾਹ ਕਟਾਈ ਅਤੇ ਜੰਗਲਾਂ ਹੇਠ ਰਕਬਾ ਦਿਨੋ-ਦਿਨ ਘਟ ਰਿਹਾ ਹੈ, ਜਿਸ ਕਾਰਨ ਮੀਂਹ ਪੈਣੇ ਬਹੁਤ ਘਟ ਗਏ ਹਨ। ਮੀਂਹ ਘਟਣ ਕਰਕੇ ਖੇਤੀ ਵੀ ਜ਼ਿਆਦਾਤਰ ਧਰਤੀ ਹੇਠਲੇ ਪਾਣੀ ਨਾਲ ਹੀ ਕੀਤੀ ਜਾਣ ਲੱਗੀ ਹੈ। ਪੰਜਾਬ ਵਿੱਚ ਇਸ ਸਮੇਂ ਪਾਣੀ ਦੀ ਪ੍ਰਾਪਤੀ ਲਈ ਬੋਰ ਕਿਤੇ 400 ਫੁੱਟ ਤੇ ਕਿਤੇ 600 ਫੁੱਟ ਤੱਕ ਵੀ ਹੋ ਰਹੇ ਹਨ, ਜਦਕਿ ਪਾਣੀ ਦਿਨੋ-ਦਿਨ ਥੱਲੇ ਹੀ ਜਾ ਰਿਹਾ ਹੈ।ਪੰਜਾਬ ਦੀ ਖੁਸ਼ਹਾਲੀ ਸਿਰਫ ਤੇ ਸਿਰਫ ਪਾਣੀ ਅੱਤੇ ਹੀ ਨਿਰਭਰ ਕਰਦੀ ਹੈ, ਜੇਕਰ ਇਹ ਦਾਤ ਵੀ ਪੰਜਾਬ ਤੋਂ ਖੋਹ ਲਈ ਜਾਵੇ ਤਾਂ ਪੰਜਾਬ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਬਚਾ ਪਾਏਗਾ।

ਕਈ ਥਾਵਾਂ ਉੱਤੇ ਕਾਰਖਾਨਿਆਂ ਵਾਲੇ ਜ਼ਮੀਨ ਵਿੱਚ ਟੋਏ ਪੁੱਟ ਕੇ ਗੰਦੇ ਪਾਣੀ ਨੂੰ ਜਮੀਨੀ ਪਾਣੀ ਵਿੱਚ ਮਿਲਾ ਰਹੇ ਹਨ, ਜਿਸ ਨਾਲ ਜਮੀਨ ਹੇਠਲਾ ਪਾਣੀ ਵੀ ਤੇਜ਼ੀ ਨਾਲ ਜ਼ਹਿਰੀਲਾ ਹੋ ਰਿਹਾ ਹੈ। ਨਹਿਰਾਂ, ਸੂਇਆਂ ਵਿੱਚ ਵੀ ਤੇਜ਼ਾਬੀ ਪਾਣੀ ਵਗਦਾ ਰਹਿੰਦਾ ਹੈ। ਇਸ ਤੋਂ ਇਲਾਵਾ ਖੇਤੀ ਲਈ ਵਰਤੇ ਜਾ ਰਹੇ ਜ਼ਹਿਰ ਵੀ ਪਾਣੀ ਦੇ ਸੋਮਿਆਂ ਨੂੰ ਜ਼ਹਿਰੀਲਾ ਕਰ ਰਹੇ ਹਨ। ਇੱਕ ਅੰਦਾਜ਼ੇ ਮੁਤਾਬਕ ਵਧੇਰੇ ਲੋਕ ਪੀਣ ਲਈ ਸੀਵਰੇਜ ਨਾਲ ਪ੍ਰਦੂਸ਼ਿਤ ਪਾਣੀ ਦੀ ਵਰਤੋਂ ਕਰ ਰਹੇ ਹਨ, ਜਿਸ ਨਾਲ ਹੈਜ਼ਾ, ਟਾਈਫਡ, ਪੇਚਸ ਆਦਿ ਬਿਮਾਰੀਆਂ ਕਾਰਨ ਹਰ ਸਾਲ ਮੌਤਾਂ ਦੀ ਗਿਣਤੀ ਵਧ ਰਹੀ ਹੈ। ਵਿਸ਼ਵ ਪੱਧਰ 'ਤੇ ਤਕਰੀਬਨ 40 ਹਜ਼ਾਰ ਤੋਂ 60 ਹਜ਼ਾਰ ਵਰਗ ਕਿੱਲੋਮੀਟਰ ਰਕਬੇ ਵਿੱਚ ਪ੍ਰਦੂਸ਼ਤ ਪਾਣੀ ਸਿੰਚਾਈ ਲਈ ਵਰਤਿਆ ਜਾਂਦਾ ਹੈ, ਜੋ ਕਿਸਾਨਾਂਅ ਤੇ ਖਪਤਕਾਰਾਂ ਦੀ ਸਿਹਤ ਲਈ ਖਤਰਨਾਕ ਹੈ। ਜਦਕਿ ਦੂਜੇ ਪਾਸੇ ਅੱਜ ਅਜਿਹੀ ਤਕਨੀਕ ਵੀ ਮੌਜੂਦ ਹੈ ਕਿ ਪ੍ਰਦੂਸ਼ਿਤ-ਵਿਅਰਥ ਪਾਣੀ ਨੂੰ ਸੋਧ ਕੇ ਖੇਤੀ ਲਈ



ਵਰਤਿਆ ਜਾ ਸਕਦਾ ਹੈ।

ਵਿਸ਼ਵ ਵਿੱਚ ਪਾਣੀ ਦੀ ਕੀ ਮਹੱਤਤਾ ਹੈ, ਇਸਦਾ ਅੰਦਾਜ਼ਾ ਅੰਤਰਰਾਸ਼ਟਰੀ ਪਾਣੀ ਪ੍ਰਬੰਧ ਸੰਸਥਾ ਦੀ ਰਿਪੋਰਟ ਤੋਂ ਲਾਇਆ ਜਾ ਸਕਦਾ ਹੈ ਕਿ 'ਅਗਲੇ 25 ਸਾਲਾਂ ਵਿੱਚ ਇਹ ਸਥਿਤੀ ਇੰਨੀ ਗੰਭੀਰ ਹੋ ਜਾਵੇਗੀ ਕਿ ਵਿਸ਼ਵ ਦੀ 1/3 ਜਨਸੰਖਿਆ ਨੂੰ ਪੀਣ ਲਈ ਪਾਣੀ ਹੀ ਨਹੀਂ ਮਿਲ ਸਕੇਗਾ।ਜ਼ਮੀਨੀ ਪਾਣੀ ਧਰਤੀ ਹੇਠਲੀਆਂ ਤਿੰਨ ਪਰਤਾਂ ਵਿੱਚ ਹੈ। ਪਹਿਲੀ ਪਰਤ 10 ਤੋਂ 20 ਫੁੱਟ ਤੱਕ ਹੈ। ਇਸ ਵਿਚਲਾ ਪਾਣੀ ਕਈ ਦਹਾਕੇ ਪਹਿਲਾਂ ਖਤਮ ਹੋ ਚੁੱਕਾ ਹੈ। ਦੂਜੀ ਪਰਤ ਲਗਭਗ 100 ਤੋਂ 200 ਫੁੱਟ ਉੱਤੇ ਹੈ, ਇਹ ਵੀ ਕੁਝ ਸਾਲ ਪਹਿਲਾਂ ਸੁੱਕ ਗਈ ਸੀ। ਹੁਣ ਪੰਜਾਬ ਤੀਜੀ ਪਰਤ, ਜੋ ਕਿ 350 ਫੁੱਟ ਤੋਂ ਵੱਧ ਡੂੰਘੀ ਹੈ, ਨੂੰ ਵਰਤ ਰਿਹਾ ਹੈ ਜੋ ਕਿ ਅਗਲੇ ਦਹਾਕੇ ਤੱਕ ਖਾਲੀ ਹੋ ਜਾਵੇਗੀ। ਇਸ ਪਰਤ ਵਿਚਲੇ ਪਾਣੀ ਦੇ ਖਤਮ ਹੋਣ ਨਾਲ ਪੰਜਾਬ ਦੇ ਪਾਣੀ ਦੀਆਂ ਆਖਰੀ ਘੁੱਟਾਂ ਵੀ ਖਤਮ ਹੋ ਜਾਣਗੀਆਂ। ਕਰੋੜਾਂ ਤੋਂ ਲੱਖਾਂ ਦੀ ਹੋਈ ਜ਼ਮੀਨ ਆਉਣ ਵਾਲੇ ਸਮੇਂ ਵਿੱਚ ਹਜ਼ਾਰਾਂ ਦੀ ਵੀ ਨਹੀਂ ਰਹੇਗੀ। ਸਾਇੰਸ ਅਨੁਸਾਰ ਤਿੰਨਾਂ ਪਰਤਾਂ ਵਿੱਚੋਂ ਕੇਵਲ ਉੱਪਰਲੀ ਪਰਤ ਹੀ ਮੀਂਹ ਅਤੇ ਦਰਿਆਈ ਪਾਣੀ ਨਾਲ ਕੁਝ ਕੁਝ ਭਰ ਸਕਦੀ ਹੈ। ਜੇ ਪਾਣੀ ਭਰ ਵੀ ਜਾਵੇ ਤਾਂ ਵੀ ਇਹ ਪਾਣੀ ਕਈ ਦਹਾਕਿਆਂ ਤੱਕ ਪੀਣ ਯੋਗ ਨਹੀਂ ਹੋਵੇਗਾ।

ਪਾਣੀ ਦੇ ਸੰਕਟ ਨੂੰ ਲੈਕੇ ਦੁਨੀਆਂ ਭਰ ਦੇ ਵਿਗਿਆਨੀ ਕਈ ਦਹਾਕਿਆਂ ਤੋਂ ਚਿਤਾਵਣੀਆਂ ਦੇ ਰਹੇ ਹਨ ਕਿ ਖੇਤੀ ਅਤੇ ਉਦਯੋਗ ਦਰਿਆਈ ਪਾਣੀਆਂ ਨਾਲ ਕੀਤਾ ਜਾਵੇ ਕਿਉਂਕਿ ਧਰਤੀ ਹੇਠਲਾ ਪਾਣੀ ਮਨੁੱਖੀ ਜੀਵਨ ਲਈ ਅਤਿ ਜ਼ਰੂਰੀ ਹੈ। ਦਰਿਆਈ ਪਾਣੀ ਵਿੱਚ ਸੌ ਤੋਂ ਵੱਧ ਤਰਾਂ ਦੇ ਵੱਖ ਵੱਖ mineral ਅਤੇ sediment ਹੁੰਦੇ ਹਨ, ਜੋ ਕਿ ਕੁਦਰਤੀ ਤੌਰ ਉੱਤੇ ਵਧੀਆ ਫਸਲਾਂ ਲਈ ਧਰਤੀ ਨੂੰ ਉਪਜਾਊ ਬਣਾ ਕੇ ਰੱਖਦੇ ਹਨ। ਪਰ ਪੰਜਾਬ ਦੇ ਦਰਿਆਵਾਂ ਦਾ ਕੀਮਤੀ ਪਾਣੀ ਹਰ ਸਾਲ ਅਜਾਈਂ ਵਹਿ ਜਾਂਦਾ ਹੈ, ਜਿਸ ਕਾਰਨ ਕਿਸਾਨ ਧਰਤੀ ਹੇਠਲਾ ਪਾਣੀ ਵਰਤਣ ਲਈ ਮਜਬੂਰ ਹਨ। ਪੰਜਾਬ ਦੇ 13 ਲੱਖ ਟਿਊਬਵੈੱਲ ਪੰਜਾਬ ਨੂੰ ਲਗਾਤਾਰ ਖ਼ਾਤਮੇ ਵੱਲ ਲਿਜਾ ਰਹੇ ਹਨ। ਪੰਜਾਬ ਕੇਵਲ ਰੇਗਿਸਤਾਨ ਹੀ ਨਹੀਂ ਬਲਕੇ ਜ਼ਹਿਰੀਲਾ ਰੇਗਿਸਤਾਨ ਬਣਨ ਵੱਲ ਵਧ ਰਿਹਾ। ਅਜਿਹੇ ਹਾਲਾਤ ਵਿੱਚ ਕਿਸਾਨਾਂ ਨੂੰ 'ਝੋਨਾ ਲਾਉਣ' ਵਰਗੇ ਦੋਸ਼ ਲਾ ਕੇ ਅਸਲੀ ਦੋਸ਼ੀਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ।

ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਆਦਿ ਭਾਰਤ ਦੇ ਰਾਜਾ ਵਿੱਚ ਪਾਣੀ ਨੂੰ ਲੈ ਕੇ ਅਕਸਰ ਰਾਜਨੀਤਕ ਜੰਗ ਚਲਦੀ ਰਹਿੰਦੀ ਹੈ, ਜੋ ਆਉਣ ਵਾਲੇ ਸਮੇਂ ਵਿੱਚ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਯੂ. ਐੱਨ. ਓ. ਦੀ ਇੱਕ ਰਿਪੋਰਟ ਵਿੱਚ ਇਹ ਪ੍ਰਗਟਾਵਾ ਹੋਇਆ ਹੈ ਕਿ ਜੇ ਸੰਸਾਰ ਦੀ 'ਤੀਜੀ ਵਿਸ਼ਵ ਜੰਗ' ਹੋਈ ਤਾਂ ਉਹ 'ਪਾਣੀਆਂ' ਦੇ ਮਸਲੇ 'ਤੇ ਹੀ ਹੋਵੇਗੀ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਪਾਣੀ ਕੁਦਰਤ ਦੀ ਅਨਮੋਲ ਦੇਣ ਹੈ ਅਤੇ ਇਸਦੀ ਸੰਭਾਲ ਆਪਣੀ ਅਣਸਰਦੀ ਲੋੜ ਹੈ। ਲੋਕਾਂ 'ਤੇ ਰਾਜ ਕਰਦੀਆਂ ਸਰਕਾਰਾਂ ਆਪਣੇ ਰਾਜਸੀ ਫਾਇਦਿਆਂ ਖ਼ਾਤਰ ਪਾਣੀ ਦੀ ਸੰਭਾਲ ਪ੍ਰਤੀ ਕੋਈ ਠੋਸ ਉਪਰਾਲੇ ਨਹੀਂ ਕਰ ਰਹੀਆਂ। ਸਿੱਟੇ ਵਜੋਂ ਵੱਡੇ-ਵੱਡੇ ਕਾਰਖਾਨਿਆਂ ਵਿੱਚੋਂ ਨਿਕਲਦਾ ਅੱਤ ਦਰਜੇ ਦਾ ਦੂਸ਼ਿਤ ਪਾਣੀ ਸ਼ਰੇਆਮ ਸਾਡੇ ਦਰਿਆਵਾਂ ਵਿੱਚ ਸੁੱਟ ਕੇ ਜੀਵਨ ਨੂੰ ਮੌਤ ਦੇ ਰਾਹ ਤੋਰਿਆ ਜਾ ਰਿਹਾ ਹੈ।

ਕੁਦਰਤ ਨਾਲ ਕੀਤੀ ਜਾਂਦੀ ਛੇੜਛਾੜ ਬਹੁਤ ਹਾਨੀਕਾਰਕ ਹੁੰਦੀ ਹੈ। ਮਨੁੱਖ ਦੁਆਰਾ ਕੁਦਰਤੀ ਸੰਤੁਲਨ ਵਿੱਚ ਵਿਗਾੜ, ਪਾਣੀ ਕੱਢਣ 'ਤੇ ਜ਼ੋਰ, ਧਰਤੀ ਨੂੰ ਮੁੜ ਸਿੰਜਣ (Recharge) ਵੱਲ ਬੇਧਿਆਨੀ, ਕੁਦਰਤ ਉੱਤੇ ਹਮਲਾ ਹੈ। ਜਦੋਂ ਮਨੁੱਖ ਕੁਦਰਤ ਉੱਤੇ ਹਮਲਾ ਕਰਦਾ ਹੈ, ਕੁਦਰਤ ਮੋੜਵਾਂ ਹਮਲਾ ਕਰਦੀ ਹੈ। ਮਨੁੱਖ ਤੋਂ ਬਦਲਾ ਲੈਂਦੀ ਹੈ ਅਤੇ ਮੁੜ ਆਪਣਾ ਸੰਤੁਲਨ ਸਥਾਪਤ ਕਰਦੀ ਹੈ। ਹੁਣ ਸੰਸਾਰ ਪੱਧਰ 'ਤੇ ਫੈਲੀ ਮਹਾਂਮਾਰੀ 'ਕੋਰੋਨਾ ਵਾਇਰਸ' (3✿✂⇦➢19) ਇਸੇ ਦਾ ਸਿੱਟਾ ਹੈ। ਮਨੁੱਖ ਬੇਸ਼ਕ ਚੰਦ ਤੱਕ ਪਹੁੰਚ ਗਿਆ ਹੈ ਪਰ ਫਿਰ ਵੀ ਕੁਦਰਤ ਤੋਂ ਬਲਵਾਨ ਨਹੀਂ ਹੋ ਸਕਦਾ। ਇਸ ਮਹਾਂਮਾਰੀ ਦੌਰਾਨ ਜਦੋਂ ਸਭ ਕੁਝ ਥੰਮ ਗਿਆ ਹੈ ਤੇ ਮਨੁੱਖ ਘਰਾਂ ਵਿੱਚ ਕੈਦ ਹੋ ਕੇ ਰਹਿ ਗਿਆ ਹੈ ਤਾਂ ਕੁਦਰਤ ਆਪਣੇ ਅਸਲ ਰੰਗ ਵਿੱਚ ਰੰਗੀ ਦਿਖਾਈ ਦੇਣ ਲੱਗੀ ਹੈ। ਵਾਤਾਵਰਨ ਸਾਫ ਹੋਣ ਦੇ ਨਾਲ-ਨਾਲ, ਨਦੀਆਂ, ਨਾਲਿਆਂ ਦੇ ਪਾਣੀ ਦਾ ਰੰਗ ਵੀ ਬਦਲ ਗਿਆ ਹੈ। ਇਹ ਸੱਚ ਹੈ ਕਿ ਕੁਦਰਤ, ਸੰਤੁਲਨ ਦਾ ਨਾਮ ਹੈ। ਜੇ ਇਸ ਭੇਦ ਨੂੰ ਮਨੁੱਖ ਨਹੀਂ ਸਮਝਦਾ ਤਾਂ ਕੁਦਰਤ ਆਪ ਸੰਤੁਲਨ ਬਣਾਉਣ ਲਈ ਹਿਲਜੁਲ ਕਰਦੀ ਹੈ, ਜਿਸਦਾ ਹਰਜਾਨਾ ਅਖੀਰ ਮਨੁੱਖ ਨੂੰ ਹੀ ਭਰਨਾ ਪੈਂਦਾ ਹੈ। ਡਾਕਟਰਾਂ ਨੇ ਇਸ ਮਹਾਂਮਾਰੀ ਤੋਂ ਬਚਣ ਲਈ ਹੋਰ ਸਾਵਧਾਨੀਆਂ ਦੇ ਨਾਲ-ਨਾਲ ਹੱਥ ਵੀ ਵਾਰ ਵਾਰ ਧੋਣ ਨੂੰ ਕਿਹਾ ਹੈ। ਜਿਨਾਂ ਕੋਲ ਪੀਣ ਲਈ ਪਾਣੀ ਨਹੀਂ, ਉਹ ਹੱਥ ਕਿੱਥੋਂ ਧੋ ਸਕਦੇ ਹਨ। ਜਿਨਾਂ ਕੋਲ ਹੈ, ਉੱਥੇ ਪਾਣੀ ਦੀ ਖਪਤ ਵਧੀ ਹੈ। ਇਸ ਮਹਾਂਮਾਰੀ ਰਾਹੀਂ ਸ਼ਾਇਦ ਕੁਦਰਤ ਮਨੁੱਖ ਨੂੰ ਉਸਦੀਆਂ ਗਲਤੀਆਂ ਦਾ ਅਹਿਸਾਸ ਕਰਾਉਣ ਦੇ ਨਾਲ-ਨਾਲ, ਉਸ ਨੂੰ ਜੀਵਨ ਲਈ ਪਾਣੀ ਦੀ ਕੀਮਤ ਦੱਸ ਰਹੀ ਹੈ।

ਆਪਾਂ ਜਾਣਦੇ ਹਾਂ ਕਿ ਦੁਨੀਆਂ ਵਿੱਚ ਕਈ ਸਭਿਅਤਾਵਾਂ ਦਾ ਖਾਤਮਾ ਪਾਣੀ ਦੇ ਸੰਕਟ ਕਾਰਨ ਹੀ ਹੋਇਆ ਹੈ। ਅੱਜ ਵੀ ਸਾਡੇ ਸਾਹਮਣੇ 'ਅਰਾਲ ਸਾਗਰ' ਦੇ ਸੁੱਕਣ ਦੀ ਉਦਾਹਰਣ ਮੌਜੂਦ ਹੈ। ਅਰਾਲ ਸਾਗਰ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਸਾਗਰ ਹੈ, ਜੋ 68000 ਵਰਗ ਕਿਲੋਮੀਟਰ (ਅਜੋਕੇ ਪੰਜਾਬ ਤੋਂ 18, 000 ਵਰਗ ਕਿਲੋਮੀਟਰ ਜ਼ਿਆਦਾ) ਏਰੀਏ ਵਿੱਚ ਉਜ਼ਬੇਕਿਸਤਾਨ-ਕਜ਼ਾਕਿਸਤਾਨ ਦੇ ਵਿਚਕਾਰ ਫੈਲਿਆ ਹੋਇਆ ਸੀ, ਅੱਜ ਬਿਲਕੁਲ ਸੁੱਕ ਚੱਲਿਆ ਹੈ।

ਇਸ ਸਾਗਰ ਦੇ ਸੁੰਗੜਨ ਦੀ ਦਾਸਤਨ 1960 ਦੇ ਦਹਾਕੇ ਵਿੱਚ ਸ਼ੁਰੂ ਹੋਈ। ਜਦੋਂ ਸੋਵੀਅਤ ਸੰਘ ਵਲੋਂ ਖੇਤੀ ਤੇ ਸਿੰਜਾਈ ਲਈ ਜਲ ਯੋਜਨਾ ਤਹਿਤ ਅਮੂ ਦਰਿਆ ਦਾ ਪਾਣੀ ਕੈਸਪੀਅਨ ਸਾਗਰ ਵੱਲ ਮੋੜ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ ਝੋਨੇ, ਕਪਾਹ ਦੀ ਪੈਦਾਵਾਰ ਹੋਰ ਵਧਾਉਣ ਲਈ ਅਰਾਲ ਸਾਗਰ ਦਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਸਿੱਟੇ ਵਜੋਂ ਇਹ ਸਾਗਰ ਸੁੰਗੜਦਾ ਚਲਾ ਗਿਆ। ਜਦੋਂ ਸਥਾਨਕ ਸਰਕਾਰਾਂ ਨੂੰ ਆਪਣੀ ਗਲਤੀ ਦਾ ਇਹਸਾਸ ਹੋਇਆ ਤਾਂ ਉਨਾਂ ਇਸ ਸਾਗਰ ਨੂੰ ਬਚਾਉਣ ਲਈ ਕਈ ਯੋਜਨਾਵਾਂ ਬਣਾਈਆਂ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਥਿਤੀ ਉੱਤੇ ਕਾਬੂ ਨਹੀਂ ਪਾਇਆ ਜਾ ਸਕਿਆ। ਸਦੀਆਂ ਤੋਂ ਆਪਣੀ ਹੋਂਦ ਕਾਇਮ ਰੱਖਣ ਵਾਲਾ ਇੱਕ ਸਾਗਰ ਕੁਝ ਦਹਾਕਿਆ ਵਿੱਚ ਹੀ ਦਮ ਤੋੜ ਗਿਆ। 60, 000 ਤੋਂ ਵੱਧ ਅਰਾਲ ਸਾਗਰ ਦੇ ਕੰਢਿਆਂ 'ਤੇ ਵਸੇ ਵਸ਼ਿੰਦੇ ਇੱਥੋਂ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ। ਕੁਝ ਇਸ ਤਰਾਂ ਦੀ ਹੀ ਤਰਾਸਦੀ ਵਿੱਚੋਂ ਗੁਜਰ ਰਿਹਾ ਹੈ ਪੰਜਾਬ। ਇਸ ਲਈ ਧਰਤੀ ਵਿਚਲੇ ਪਾਣੀ ਦਾ ਤੁਬਕਾ ਤੁਬਕਾ ਮਨੁੱਖੀ ਜੀਵਨ ਲਈ ਬੇਹੱਦ ਕੀਮਤੀ ਅਤੇ ਕੁਦਰਤ ਦਾ ਅਨਮੋਲ ਤੋਹਫ਼ਾ ਹੈ।

ਪੰਜਾਬ ਦਰਿਆਵਾਂ ਦੀ ਧਰਤੀ ਹੈ। ਇੱਥੇ ਕਦੇ ਸੇਮ ਸੀ, ਜਿਸ ਕਾਰਨ ਉਦੋਂ ਸੇਮ ਨਾਲੇ ਕੱਢੇ ਗਏ। ਹੁਣ ਦਰਿਆਵਾਂ ਵਿੱਚ ਵੀ ਪਾਣੀ ਘੱਟ ਹੈ ਅਤੇ ਸੇਮ ਨਾਲੇ ਵੀ ਸੁੱਕੇ ਪਏ ਹਨ। 240 ਕਿਲੋਮੀਟਰ ਲੰਬਾ ਸਤਿਲੁਜ ਪੰਜਾਬ ਦੇ ਵਿਚਕਾਰੋਂ ਲੰਘਦਾ ਹੈ, ਜੋ ਕੇਵਲ ਬਾਰਸ਼ਾਂ ਵੇਲੇ ਹੀ ਪੰਦਰਾਂ ਦਿਨ ਤੇਜ਼ ਵਗਦਾ ਹੈ, ਮੁੜ ਸਾਰਾ ਸਾਲ ਸੁੱਕਾ ਰਹਿੰਦਾ ਹੈ। ਪਰ ਬਾਰਸ਼ਾਂ ਦੌਰਾਨ ਇਹ ਹੜਾਂ ਦਾ ਕਾਰਨ ਵੀ ਬਣ ਜਾਂਦਾ ਹੈ ਤੇ ਆਲੇ-ਦੁਆਲੇ ਵੱਡਾ ਨੁਕਸਾਨ ਕਰਦਾ ਹੈ।ਜੇ ਸਰਕਾਰ ਪਾਣੀ ਸੰਕਟ ਨੂੰ ਵੇਖਦਿਆਂ ਯਤਨ ਕਰੇ ਤਾਂ ਇਸ ਨੂੰ ਚੌੜਾ ਕਰਕੇ 'ਪਾਣੀ ਭੰਡਾਰ' (Water bank) ਬਣਾਇਆ ਜਾ ਸਕਦਾ ਹੈ। ਇਸਦੀ 15-20 ਫੁੱਟ ਪੁਟਾਈ ਕੀਤੀ ਜਾਵੇ ਅਤੇ ਹਰ ਕਿੱਲੋਮੀਟਰ 'ਤੇ ਪਾਣੀ ਰੋਕਣ ਲਈ ਗੇਟ ਬਣਾਏ ਜਾਣ। ਇਸ ਤਰਾਂ ਕਰਨ ਨਾਲ ਬਾਰਸ਼ਾਂ ਦਾ ਪਾਣੀ ਸੰਭਾਲਿਆ ਜਾ ਸਕਦਾ ਹੈ। ਇਹ ਪਾਣੀ ਭੰਡਾਰ ਧਰਤੀ ਨੂੰ ਮੁੜ ਸਿੰਜਣ ਦਾ ਕੰਮ ਵੀ ਕਰੇਗਾ ਅਤੇ ਸਿੰਜਾਈ ਲਈ ਵੀ ਵਰਤਿਆ ਜਾ ਸਕਦਾ ਹੈ। ਇਸ ਨੂੰ ਆਧੁਨਿਕ ਮੱਛੀ ਪੈਦਾ ਕਰਨ ਦੇ ਸਥਾਨ ਵਜੋਂ ਵੀ ਵਿਕਸਿਤ ਕੀਤਾ ਜਾ ਸਕਦਾ ਹੈ, ਜਿਸ ਰਾਹੀਂ ਪੰਜਾਬ ਵਿੱਚ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾ ਸਕਦੇ ਹਨ।

ਇਸੇ ਤਰਾਂ ਸੇਮ ਨਾਲੇ ਜੋ ਕਦੇ ਵਾਧੂ ਪਾਣੀ ਸਮੇਂ ਨਿਕਾਸ ਦੇ ਕੰਮ ਆਏ ਸਨ, ਹੁਣ ਬਦਲੇ ਹਾਲਾਤ ਵਿੱਚ, ਸੋਕੇ ਵੇਲੇ ਡੂੰਘੇ ਕਰਕੇ ਧਰਤੀ ਨੂੰ ਮੁੜ ਸਿੰਜਣ ਦੇ ਕੰਮ ਆ ਸਕਦੇ ਹਨ। ਇਹਨਾਂ ਵਿੱਚ ਪਾਣੀ ਖੜਾ ਕਰਨ ਦੀ ਵਿਉਂਤਬੰਦੀ ਕਰਨ ਦੇ ਨਾਲ, ਛੋਟੇ ਮੱਛੀ ਘਰ ਬਣਾਏ ਜਾਣ ਦੀ ਵਿਉਂਤਬੰਦੀ ਵੀ ਕੀਤੀ ਜਾ ਸਕਦੀ ਹੈ।

ਇਸੇ ਤਰਾਂ ਪੰਜਾਬ ਵਿੱਚ ਛੱਪੜਾਂ ਦੀ ਵੀ ਨਿਵੇਕਲੀ ਥਾਂ ਹੈ। ਇਨਾਂ ਨੂੰ ਸਵਾਰਨ, ਸੰਭਾਲਣ ਲਈ ਪੰਚਾਇਤਾਂ ਨਾਲ ਮਿਲ ਕੇ ਕੰਮ ਕੀਤਾ ਜਾਣਾ ਚਾਹੀਦਾ ਹੈ। ਇਹ ਪਾਣੀ ਮੁੜ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ। ਛੱਪੜ, ਸੇਮ ਨਾਲੇ ਅਤੇ ਦਰਿਆਵਾਂ ਵਿੱਚ ਸ਼ਹਿਰਾਂ, ਕਾਰਖਾਨਿਆਂ, ਫੈਕਟਰੀਆਂ ਆਦਿ ਦਾ ਗੰਦਾ ਪਾਣੀ ਪੈਣ ਤੋਂ ਫ਼ੌਰੀ ਰੋਕਿਆ ਜਾਵੇ ਅਤੇ ਇਸ ਨੂੰ ਸਖ਼ਤ ਸਜ਼ਾ ਵਾਲਾ ਅਪਰਾਧ ਬਣਾਇਆ ਜਾਵੇ। ਦਰਿਆਵਾਂ, ਨਦੀਆਂ, ਝਰਨਿਆਂ ਅਤੇ ਪਾਣੀ ਦੇ ਹੋਰ ਸਰੋਤਾਂ ਨੂੰ ਕਿਸੇ ਵੀ ਕੀਮਤ ਉੱਤੇ, ਨਿੱਜੀ ਮੁਨਾਫ਼ੇਖੋਰਾਂ ਹਵਾਲੇ ਨਾ ਕੀਤਾ ਜਾਵੇ। ਪਾਣੀ ਜੀਵਨ ਹੈ, ਪਾਣੀ ਦੀ ਸੰਭਾਲ ਸੱਭਿਆ ਮਨੁੱਖ ਦੀ ਜ਼ਿੰਮੇਵਾਰੀ ਹੈ। ਆਓ ਸੱਭਿਆ ਮਨੁੱਖ ਬਣੀਏ, ਪਾਣੀ ਦੀ ਸੰਭਾਲ ਕਰੀਏ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਕੋਰੋਨਾ ਸੰਕਟ ਪੰਜਾਬ ਵਿਚ ਨਸ਼ੇ ਦੇ ਖਿਲਾਫ਼ ਚੜ੍ਹ ਰਿਹਾ ਏ ਨਵਾਂ ਸੂਰਜ

**- ਰਜਿੰਦਰ ਸਿੰਘ**

ਲਾਕਡਾਊਨ ਤੇ ਕਰਫਿਊ ਕੋਰੋਨਾ ਵਾਇਰਸ ਦੀ ਚੇਨ ਭਾਵੇਂ ਹੀ ਪੂਰੀ ਤਰਾਂ ਨਾ ਤੋੜ ਸਕੇ ਹੋਣ, ਪਰ ਡਰੱਗ ਸਪਲਾਈ ਦੀ ਚੇਨ ਪੰਜਾਬ ਵਿਚ ਜ਼ਰੂਰ ਟੁੱਟ ਰਹੀ ਹੈ। ਪੰਜਾਬ ਵਿਚ 22 ਮਾਰਚ ਨੂੰ ਹੋਏ ਲਾਕਡਾਊਨ ਦੇ ਬਾਅਦ ਨਸ਼ਾ ਤਸਕਰੀ ਦਾ ਗ੍ਰਾਫ਼ ਬੁਰੀ ਤਰਾਂ ਡਿਗਿਆ ਹੈ। ਫਰਵਰੀ ਵਿਚ ਜਿੱਥੇ ਨਸ਼ਾ ਤਸਕਰੀ ਦੇ 815 ਕੇਸ ਦਰਜ ਹੋਏ, ਉੱਥੇ ਮਾਰਚ ਵਿਚ 762 ਕੇਸ ਸਾਹਮਣੇ ਆਏ।

ਅਪ੍ਰੈਲ ਮਹੀਨੇ ਹੁਣ ਤੱਕ 154 ਕੇਸ ਦਰਜ ਕੀਤੇ ਗਏ। ਅਰਥਾਤ ਕੇਸਾਂ ਵਿਚ 40% ਦੇ ਕਰੀਬ ਘਾਟ ਆਈ ਹੈ। ਨਸ਼ੇ ਦੀ ਬਰਾਮਦਗੀ ਵਿਚ ਵੀ 50% ਦੀ ਕਮੀ ਆਈ ਹੈ। ਵੱਡੀ ਗੱਲ ਇਹ ਹੈ ਕਿ ਪਿਛਲੇ 25 ਦਿਨਾਂ ਵਿਚ ਨਸ਼ਿਆਂ ਨਾਲ ਇਕ ਵੀ ਮੌਤ ਦਾ ਮਾਮਲਾ ਨਹੀਂ ਆਇਆ। ਕੋਰੋਨਾ ਵਾਇਰਸ ਕਾਰਨ ਸਰਹੱਦ 'ਤੇ ਵੀ ਡਰੱਗ ਨਹੀਂ ਆ ਰਹੀ। ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਲਾਕਡਾਊਨ ਕਾਰਨ ਨਸ਼ਾ ਸਮੱਗਲਿੰਗ ਦੀ ਚੇਨ ਟੁੱਟ ਰਹੀ ਹੈ। ਲਾਕਡਾਊਨ ਤੇ ਕਰਫਿਊ ਦੇ ਕਾਰਨ ਟਰਾਂਸਪੋਰਟ ਬੰਦ ਹੋਣ ਦੇ ਕਾਰਨ ਹਿਮਾਚਲ, ਹਰਿਆਣਾ, ਰਾਜਸਥਾਨ, ਜੰਮੂ, ਮੱਧ ਪ੍ਰਦੇਸ਼ ਤੋਂ ਚਿੱਟਾ, ਭੁੱਕੀ, ਅਫੀਮ ਦੀ ਸਪਲਾਈ ਲੈ ਕੇ ਆਉਣ ਵਾਲੇ ਸਮੱਗਲਰ ਕਿਤੇ ਵੀ ਦਿਖਾਈ ਨਹੀਂ ਦਿੰਦੇ। ਇਸ ਦਾ ਕਾਰਨ ਹੈ ਕਿ ਰਾਜ ਦੀਆਂ ਹੱਦਾਂ ਸੀਲ ਹਨ। ਪੰਜਾਬੀਆਂ ਦੀ ਇਹ ਕੋਸ਼ਿਸ ਰਹੇਗੀ ਕਿ ਨਸ਼ਿਆਂ ਨੂੰ ਲੈ ਕੇ ਇਹ ਨਾਕਾਬੰਦੀ ਜਾਰੀ ਰਹੇ। ਪੰਜਾਬੀਆਂ ਨੇ ਪਿੰਡਾਂ ਪਿੰਡਾਂ ਵਿਚ ਨਾਕਾਬੰਦੀ ਕੀਤੀ ਹੋਈ ਹੈ ਤੇ ਕੋਈ ਵੀ ਬਾਹਰਲਾ ਵਿਅਕਤੀ ਪਿੰਡ ਵਿਚ ਨਹੀਂ ਵੜਨ ਦਿੱਤਾ ਜਾ ਰਿਹਾ। ਪਿੰਡਾਂ ਵਿਚ ਕੋਰੋਨਾ ਨੂੰ ਰੋਕਣ ਦੇ ਲਈ ਪਿੰਡਾਂ ਦੇ ਲੋਕਾਂ ਨੇ ਹਰੇਕ ਪਿੰਡ ਵਿਚ ਨਾਕੇ ਲਗਾਏ ਹੋਏ ਹਨ। ਇੱਥੇ 24 ਘੰਟੇ ਹਥਿਆਰਬੰਦ ਪਹਿਰਾ ਦਿੱਤਾ ਜਾ ਰਿਹਾ ਹੈ। ਕਿਸੇ ਨੂੰ ਵੀ ਪੂਰੀ ਜਾਂਚ ਪੜਤਾਲ ਦੇ ਬਾਅਦ ਪਿੰਡ ਵੜਨ ਦਿੱਤਾ ਜਾ ਰਿਹਾ ਹੈ। ਕਈ ਥਾਂਵਾਂ 'ਤੇ ਤਾਂ ਨਸ਼ਾ ਪੀਣ ਵਾਲੇ ਤੇ ਨਸ਼ਾ ਵੇਚਣ ਵਾਲੇ ਪੰਜਾਬੀਆਂ ਦੀ ਕੁੱਟਮਾਰ ਦਾ ਵੀ ਸ਼ਿਕਾਰ ਹੋਏ ਹਨ। ਖ਼ਬਰਾਂ ਅਨੁਸਾਰ ਕਈ ਸਮੱਗਲਰਾਂ ਦੇ ਹਮਾਇਤੀ ਪੁਲੀਸ ਵਾਲੇ ਲੋਕਾਂ ਨੇ ਨਾਕਾਬੰਦੀ ਤੋਂ ਰੰਗੇ ਹੱਥੀ ਫੜੇ ਹਨ ਤੇ ਪੁਲੀਸ ਹਵਾਲੇ ਕੀਤੇ ਹਨ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਡਰੱਗ ਭ੍ਰਿਸ਼ਟ ਸਿਆਸਤਦਾਨਾਂ, ਭ੍ਰਿਸ਼ਟ ਪੁਲੀਸ ਕਰਮਚਾਰੀਆਂ ਅਤੇ ਸਮੱਗਲਰਾਂ ਦਾ ਗੱਠਜੋੜ ਹੈ।





ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਮੁਤਾਬਕ ਪੰਜਾਬ ਵਿਚ ਨਸ਼ੇ ਦਾ ਸਾਲਾਨਾ ਕਾਰੋਬਾਰ 7,500 ਕਰੋੜ ਰੁਪਏ ਦਾ ਹੈ। ਨਸ਼ੇ ਦੀ ਰੋਕਥਾਮ ਲਈ ਪੰਜਾਬ ਵਿਚ ਗਠਿਤ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਅਨੁਸਾਰ ਸੂਬੇ ਵਿਚ ਮੁੱਖ ਤੌਰ 'ਤੇ ਭੁੱਕੀ, ਅਫ਼ੀਮ, ਹੈਰੋਇਨ, ਮੈਡੀਕਲ ਨਸ਼ਾ ਅਤੇ ਸਿੰਥੈਟਿਕ ਨਸ਼ੇ ਚੱਲਦੇ ਹਨ ਪਰ ਇਨਾਂ ਵਿਚੋਂ ਚਿੱਟਾ ਜ਼ਿਆਦਾ ਪ੍ਰਚਲਿਤ ਤੇ ਖ਼ਤਰਨਾਕ ਦੱਸਿਆ ਜਾ ਰਿਹਾ ਹੈ। ਚਿੱਟਾ ਅਸਲ ਵਿਚ ਸਿੰਥੈਟਿਕ ਨਸ਼ਾ ਹੈ ਜੋ ਹੈਰੋਇਨ ਦਾ ਇੱਕ ਰੂਪ ਹੈ। ਇਸ ਦਾ ਰੰਗ ਸਫ਼ੈਦ ਹੋਣ ਕਾਰਨ ਸਥਾਨਕ ਭਾਸ਼ਾ ਵਿਚ ਇਸ ਨੂੰ ਚਿੱਟਾ ਆਖਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਚਿੱਟਾ ਹੀ ਨਸ਼ੇੜੀਆਂ ਦੀ ਪਸੰਦ ਬਣਦਾ ਜਾ ਰਿਹਾ ਹੈ।

ਇਕ ਸਰਵੇਖਣ ਅਨੁਸਾਰ ਇਹ ਗੱਲ ਸਪਸ਼ਟ ਹੋਈ ਹੈ ਕਿ ਨਸ਼ੇ ਦੇ ਤਸਕਰ ਨਸ਼ੇ ਦੀ ਵਿਕਰੀ ਵਿਚ ਵਾਧਾ ਕਰਨ ਲਈ ਚਿੱਟੇ ਵਿਚ ਖ਼ਤਰਨਾਕ ਰਸਾਇਣ ਦੀ ਵਰਤੋਂ ਕਰ ਰਹੇ ਹਨ। ਇਸ ਵਿਚ ਬੈਟਰੀਆਂ ਵਿਚੋਂ ਨਿਕਲਣ ਵਾਲਾ ਚਿੱਟਾ ਪਾਊਡਰ, ਬਰਾਊਨ ਸ਼ੂਗਰ ਅਤੇ ਹਾਥੀ ਨੂੰ ਬੇਹੋਸ਼ ਕਰਨ ਵਾਲੇ ਇਕ ਫੈਨਾਈਟ ਇੰਜੈਕਸ਼ਨ ਦੀ ਵਰਤੋਂ ਕੀਤੀ ਜਾ ਰਹੀ ਹੈ ਜੋ ਸਰੀਰ ਲਈ ਬਹੁਤ ਜਾਨਲੇਵਾ ਹੈ। ਗੁਰਦਾਸਪੁਰ ਵਿਚ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਨੇ ਇਕ ਅਧਿਐਨ ਦੌਰਾਨ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਫੈਨਾਈਟ ਸਿਟਰੇਟ ਇਕ ਅਜਿਹਾ ਇੰਜੈਕਸ਼ਨ ਹੈ ਜਿਸ ਦੀ ਵਰਤੋਂ ਡਾਕਟਰਾਂ ਦੁਆਰਾ ਕੈਂਸਰ ਜਾ ਲੰਮੀ ਸਰਜਰੀ ਦੌਰਾਨ ਮਰੀਜ਼ ਦੇ ਦਰਦ ਨੂੰ ਘੱਟ ਕਰਨ ਲਈ ਕੀਤੀ ਜਾਂਦੀ ਹੈ।

ਪ੍ਰਾਬਲਮ ਇਜ ਇੰਟੈਨਸ ਇਨ ਪੰਜਾਬ ਐਂਡ ਚੰਡੀਗੜ ਪੀਜੀਆਈ ਐਂਡ ਐਮਜ਼ ਦੀ ਸਾਂਝੀ ਰਿਪੋਰਟ ਦੇ ਅਨੁਸਾਰ ਪੰਜਾਬ ਵਿਚ ਨਸ਼ੇ ਨਾਲ ਹਰ ਮਹੀਨੇ 112 ਲੋਕਾਂ ਦੀ ਮੌਤ ਹੋ ਜਾਂਦੀ ਹੈ। ਜਦ ਕਿ ਸੈਂਕੜੇ ਕੇਸਾਂ ਦਾ ਪਤਾ ਨਹੀਂ ਚੱਲਦਾ। ਥਾਣਿਆਂ ਤੇ ਐਨਸੀਬੀ ਦੀ ਰਿਪੋਰਟ ਅਨੁਸਾਰ ਪੰਜਾਬ ਪ੍ਰਾਂਤ ਵਿਚ ਦਸ ਸਾਲਾਂ ਦੌਰਾਨ 27 ਹਜ਼ਾਰ ਲੋਕਾਂ ਦੀ ਜਾਨ ਗਈ। ਜ਼ਿਆਦਾਤਰ ਲੋਕ ਚਿੱਟੇ ਕਾਰਨ ਮਰੇ। ਅੰਕੜਿਆਂ ਅਨੁਸਾਰ ਪੰਜਾਬ ਵਿਚ 9 ਲੱਖ ਲੋਕ ਨਸ਼ੇ ਲੈਂਦੇ ਹਨ। ਇਨਾਂ ਵਿਚ ਸਾਢੇ ਤਿੰਨ ਲੋਕ ਅਡਿਕਟਡ ਹਨ। ਹੁਣ 20 ਤੋਂ 25 ਸਾਲ ਦੀਆਂ 1500 ਤੋਂ ਜ਼ਿਆਦਾ ਲੜਕੀਆਂ ਡਰੱਗ ਦੇ ਮਾਮਲੇ ਵਿਚ ਆ ਚੁੱਕੀਆਂ ਹਨ। ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਇਸ ਡਰੱਗ ਦੀ ਲਪੇਟ ਵਿਚ ਹਨ। ਜਦੋਂ ਉਨਾਂ ਕੋਲ ਪੈਸਾ ਨਹੀਂ ਹੁੰਦਾ ਤਾਂ ਉਹ ਡਰੱਗ ਲੈਣ ਲਈ ਅਪਰਾਧ ਨਾਲ ਜੁੜ ਜਾਂਦੇ ਹਨ। ਪੰਜਾਬ ਵਿਚ ਵੱਡੀ ਪੱਧਰ 'ਤੇ ਗੈਂਗਸਟਰ ਨਸ਼ਿਆਂ ਕਾਰਨ ਹੋਂਦ ਵਿਚ ਆਏ। ਲਾਕਡਾਊਨ ਦੇ ਬਾਅਦ 22 ਤੋਂ 31 ਮਾਰਚ ਤੱਕ ਪੰਜਾਬ ਵਿਚ ਸਮੱਗਲਿੰਗ ਦੇ 161 ਕੇਸ ਆਏ ਤੇ 237 ਲੋਕ ਗ੍ਰਿਫ਼ਤਾਰ ਹੋਏ। ਨਸ਼ੇ ਵਿਚ ਆਤਮ-ਹੱਤਿਆਵਾਂ ਦੀ ਗੱਲ ਕਰੀਏ ਤਾਂ 2012 ਵਿਚ ਚਾਰ ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਕੀਤੇ ਗਏ। 2013 ਵਿਚ 4500 ਹੋ ਗਏ। ਐਨਸੀਬੀ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿਚ 2007 ਤੋਂ ਲੈ ਕੇ 2017 ਤੱਕ ਦਸ ਸਾਲਾਂ ਵਿਚ ਡਰੱਗ ਨਾਲ ਸੰਬੰਧਿਤ 25 ਹਜ਼ਾਰ ਤੋਂ ਜ਼ਿਆਦਾ ਆਤਮ-ਹੱਤਿਆਵਾਂ ਹੋਈਆਂ ਹਨ। ਇਸ ਵਿਚ 74% ਮਾਮਲੇ ਪੰਜਾਬ ਤੋਂ ਆਏ ਹਨ। ਯੂਐਨਓ ਦੇ ਮੁਤਾਬਕ 2017 ਦੇ ਦੌਰਾਨ ਪੂਰੇ ਵਿਸ਼ਵ ਵਿਚ ਨਸ਼ਿਆਂ ਦੇ ਕਾਰਨ 2.6 ਲੱਖ ਲੋਕਾਂ ਦੀ ਮੌਤ ਹੋਈ ਸੀ। ਪੁਲੀਸ ਅਫ਼ਸਰਾਂ ਦਾ ਕਹਿਣਾ ਹੈ ਕਿ ਭਵਿੱਖ ਵਿਚ ਸਖਤੀ ਵਰਤੀ ਜਾਵੇਗੀ। ਸਰਹੱਦਾਂ 'ਤੇ ਸਾਵਧਾਨੀ ਵਰਤੀ ਜਾਵੇਗੀ। ਮੈਂ ਸਮਝਦਾ ਹਾਂ ਕਿ ਪੰਜਾਬੀਆਂ ਦੇ ਸਾਹਮਣੇ ਕੋਰੋਨਾ ਵਾਇਰਸ ਦਾ ਸੰਕਟ ਨਸ਼ਾ ਮਿਟਾਉਣ ਦਾ ਮੌਕਾ ਹੈ। ਇਸ ਮਹਾਂਮਾਰੀ ਦੇ ਦੌਰਾਨ ਨਸ਼ੇ ਦੀ ਚੇਨ ਟੁੱਟ ਚੁੱਕੀ ਹੈ। ਡਰੱਗ ਦੇ ਸ਼ਿਕਾਰ ਲੋਕ ਨਸ਼ਾ ਨਾ ਮਿਲਣ ਕਾਰਨ ਨਸ਼ਿਆਂ ਤੋਂ ਪਾਰ ਹੋ ਚੁੱਕੇ ਹਨ। ਜ਼ਰੂਰਤ ਹੈ ਕਿ ਪੰਜਾਬੀਆਂ ਨੂੰ ਦ੍ਰਿੜ ਨਿਸ਼ਚਾ ਧਾਰਨ ਦੀ ਤਾਂ ਜੋ ਕੋਰੋਨਾ ਵਾਇਰਸ ਦੇ ਸਾਂਝੇ ਸੰਕਟ ਵਾਂਗ ਨਸ਼ਿਆਂ ਦੇ ਖਿਲਾਫ਼ ਵੀ ਲੜਾਈ ਸਾਂਝੇ ਪੱਧਰ 'ਤੇ ਲੜੀ ਜਾ ਸਕੇ। ਜੇਕਰ ਸਾਡੀ ਮੁਹਿੰਮ ਲੋਕ ਪੱਖੀ ਲਹਿਰ ਬਣ ਗਈ ਤਾਂ ਕੈਪਟਨ ਸਰਕਾਰ ਦੀ ਮਜ਼ਬੂਰੀ ਬਣ ਜਾਵੇਗੀ ਕਿ ਉਸ ਨੂੰ ਨਸ਼ਾ ਰੋਕਣਾ ਪਵੇਗਾ। ਹੁਣ ਸਥਿਤੀ ਕਰੋ ਜਾਂ ਮਰੋ ਦੀ ਹੈ। ਅਸੀਂ ਇਹ ਮੁਹਿੰਮ ਲਗਾਤਾਰ ਚਲਾਈਏ, ਲੋਕਾਂ ਨੂੰ ਨਾਲ ਲਈਏ ਤਾਂ ਹੀ ਛੇਤੀ ਹੀ ਇਸ ਬਹੁਤ ਵੱਡੀ ਪਰ ਠੀਕ ਹੋਣ ਯੋਗ ਬਿਮਾਰੀ ਨੂੰ ਦੂਰ ਕਰਾਂਗੇ।

# ਤੇਰਾ ਅੱਲਾ ਬੇਲੀ...

**- ਅੰਮ੍ਰਿਤਪਾਲ ਸਿੰਘ**

9592174901

ਸੰਸਾਰ ਦੇ ਵੱਡੇ ਵੱਡੇ ਵਿਕਾਸਸ਼ੀਲ ਦੇ ਮੁਲਕ ਜਿਵੇਂ ਕਿ ਚੰਦ, ਪੁਲਾੜ ਬਾਰੇ ਅਤੇ ਹੋਰ ਖੋਜਾਂ ਕਰਨ ਵਿਚ ਪਾਣੀ ਵਾਂਗ ਪੈਸਾ ਵਹਾਅ ਰਹੇ ਹਨ। ਦਿਨ ਪ੍ਰਤੀ ਦਿਨ ਨਵੇਂ ਨਵੇਂ ਮਾਅਰਕੇ ਮਾਰਨ ਦੇ ਦਾਅਵੇ ਕਰ ਰਹੇ ਹਨ। ਕੁੱਲ ਲੋਕਾਈ ਨੂੰ ਮਿਟਾਉਣ ਦੇ ਮਾਰੂ ਰਸਾਇਣਕ, ਜੈਵਿਕ ਹਥਿਆਰਾਂ ਇਜਾਦ ਕਰ ਰੱਖੇ ਹਨ। ਇਸੇ ਤਰਾਂ ਅੱਜ ਕੱਲ ਦੁਨੀਆ ਤੇ ਫੈਲੀ ਕਰੋਨਾਵਾਇਰਸ ਨਾਂ ਦੀ ਮਹਾਂਮਾਰੀ ਨੇ ਇਹੋ ਜਿਹੇ ਵਿਕਾਸਸ਼ੀਲ ਦੇਸ਼ਾਂ ਨੂੰ ਪੜਨੇ ਪਾਇਆ ਹੋਇਆ ਹੈ। ਉਨਾਂ ਮੁਲਕਾਂ ਵਿਚ ਜਿੱਥੇ ਹਰ ਬੀਮਾਰੀ ਦਾ ਤੋੜ ਕੱਢਣ ਲਈ ਇਕ ਤੋਂ ਇਕ ਨਾਸੂਖਾਂ ਮੌਜੂਦ ਹੈ ਉਥੇ ਇਨਾਂ ਦੇਸ਼ਾਂ ਦਾ ਹੀ ਅੱਜ ਵੱਧ ਨੁਕਸਾਨ ਹੋ ਰਿਹਾ ਹੈ। ਅਮਰੀਕਾ, ਇਟਲੀ, ਫਰਾਂਸ, ਸਪੇਨ, ਚੀਨ ਸਮੇਤ ਪੂਰੇ ਵਰਡਲ ਦੇ ਲਗਭਗ 95 ਪ੍ਰਤੀਸ਼ਤ ਦੇਸ਼ ਕਰੋਨਾ ਵਾਇਰਸ ਦੀ ਮਾਰ ਝੱਲ ਰਹੇ ਹਨ। ਇਨਾਂ ਦੇਸ਼ਾਂ ਕੋਲ ਸਿਖਰਲੇ ਦਰਜੇ ਦੀਆਂ ਸਿਹਤ ਸਹੂਲਤਾਂ ਹੋਣ ਕਾਰਨ ਵੀ ਇਹ ਆਪਣੇ ਲੋਕਾਂ ਨੂੰ ਬਚਾਉਣ ਵਿਚ ਅਸਫਲ ਰਹੇ ਹਨ। ਤੀਜੀ ਸੁਪਰ ਪਾਵਰ ਵਜੋਂ ਉਭਰੇ ਚੀਨ ਤੋਂ ਉਠੇ ਇਸ ਮਾਰੂ ਵਾਇਰਸ ਨਾਲ ਸਾਰੇ ਦੇਸ਼ ਆਪਣੇ ਆਪਣੇ ਵਸਨੀਕਾਂ ਨੂੰ ਬਚਾਉਣ ਲਈ ਹਰ ਹੀਲਾ ਵਰਤ ਰਹੇ ਹਨ। ਸਿਹਤ ਸਹੂਲਤਾਂ ਲਈ ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸਿਹਤ ਸੰਸਥਾਵਾਂ, ਹਸਪਤਾਲਾਂ ਵਿਚ ਕੰਮ ਕਰਦੇ ਡਾਕਟਰਾਂ, ਨਰਸਾਂ ਅਤੇ ਹੋਰ ਵਰਕਰ ਦੂਸਰਿਆਂ ਨੂੰ ਬਚਾਉਣ ਦੇ ਨਾਲ ਨਾਲ ਆਪਣੇ ਆਪ ਨੂੰ ਬਚਾਉਣ ਲਈ ਵੀ ਜੱਦੋ ਜਹਿਦ ਕਰ ਰਹੇ ਹਨ।

ਸਰਕਾਰਾਂ ਵਲੋਂ ਇਸ ਮਹਾਂਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਵੱਖ ਵੱਖ ਤਰਾਂ ਦੇ ਢੰਗ ਤਰੀਕੇ ਅਪਣਾਏ ਹੋਏ ਹਨ। ਸ਼ੁਰੂਆਤ ਲਾਕਡਾਊਨ ਤੋਂ ਕਰਦਿਆਂ ਸੋਸ਼ਲ ਡਿਸਟੈਂਸ ਦੇ ਨਾਲ ਨਾਲ ਸੁਰੱਖਿਅਤ ਰਹਿਣ ਲਈ ਹੋਰ ਜ਼ਰੂਰੀ ਨੇਮ ਸੁਝਾਏ ਜਾ ਰਹੇ ਹਨ। ਲੋਕ ਆਪਣੇ ਆਪ ਨੂੰ ਇਸ ਤੋਂ ਬਚਾਉਣ ਲਈ ਸੁਝਾਏ ਨੇਮਾਂ ਦੀ ਪਾਲਣਾ ਕਰ ਰਹੇ ਹਨ। ਇਸ ਮਹਾਂਮਾਰੀ ਦਾ ਲੋਕਾਂ ਦੀ ਸਿਹਤ ਤੇ ਮਾਰੂ ਅਸਰ ਦੇ ਨਾਲ ਨਾਲ ਅਰਥਵਿਵਸਥਾ 'ਤੇ ਵੀ ਬਹੁਤ ਵੱਡਾ ਅਸਰ ਪੈ ਰਿਹਾ ਹੈ। ਸੰਸਾਰ ਭਰ ਵਿਚ ਆਪਣੀ ਕਰੰਸੀ ਦਾ ਲੋਹਾ ਮਨਵਾਉਣ ਵਾਲੇ ਦੇਸ਼ਾਂ ਨੂੰ ਵੀ ਅਰਥਵਿਵਸਥਾ ਬਚਾਉਣ ਲਈ ਦੋ-ਚਾਰ ਹੋਣਾ ਪੈ ਰਿਹਾ ਹੈ।

ਇਨਾਂ ਸਾਰੇ ਹਾਲਾਤਾਂ ਨਾਲ ਘੁਲਦਿਆਂ ਸਰਕਾਰ ਨੇ ਵੀ ਲਾਕਡਾਊਨ ਦੀ ਨੀਤੀ ਅਪਣਾਈ ਜਿਸ ਦਾ ਬਹੁਤ ਵੱਡਾ ਸਾਰਥਕ ਅਸਰ ਦੇਖਣ ਨੂੰ ਮਿਲਿਆ। ਕਈ ਸੂਬਿਆਂ ਵਿਚ ਕਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ ਵੱਧ ਹੋਣ ਕਾਰਨ ਕਰਫਿਊ ਵੀ ਲਗਾਇਆ ਗਿਆ। ਜਿਸ ਨਾਲ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਇੱਥੇ ਕਰੋਨਾਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਅਤੇ ਮੌਤ ਦਰ ਵੀ ਕਾਫ਼ੀ ਘੱਟ ਹੈ। ਪ੍ਰੰਤੂ ਦੁਨੀਆ ਭਰ ਦੇ ਹਾਲਾਤਾਂ ਨੂੰ ਜੇ ਧਿਆਨ ਨਾਲ ਵਾਚਿਆ ਜਾਵੇ ਤਾਂ ਕਾਫ਼ੀ ਕੁਝ ਸੋਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸਰਕਾਰ ਵਲੋਂ ਲਾਕਡਾਊਨ ਸਮੇਂ ਕੀਤੇ ਲੋਕਾਂ ਨਾਲ ਵਾਅਦਿਆਂ ਦੀ ਅਸਲ ਜਮੀਨੀ ਸਚਾਈ ਕੁਝ ਹੋਰ ਹੈ। ਸਰਕਾਰ ਵਲੋਂ ਭਾਰਤ ਦੀ 80 ਕਰੋੜ ਜਨਤਾ ਨੂੰ ਰਾਸ਼ਨ ਮੁਹੱਈਆ ਕਰਾਉਣ ਦਾ ਵੀ ਐਲਾਨ ਕੀਤਾ ਗਿਆ। ਕੇਂਦਰ ਸਰਕਾਰ ਵਲੋਂ ਕੀਤੇ ਇਨਾਂ ਵੱਡੇ ਐਲਾਨਾਂ ਤੋਂ ਬਾਅਦ ਲੋਕਾਂ ਨੂੰ ਇਨਾਂ ਦੀ ਅਸਲ ਵੰਡ ਦੀ ਜਿੰਮੇਵਾਰੀ ਸੂਬਾ ਸਰਕਾਰਾਂ ਦੀ ਆਉਂਦੀ ਹੈ। ਸੂਬਾ ਸਰਕਾਰ ਵੀ ਆਪਣੇ ਆਪਣੇ ਪੱਧਰ 'ਤੇ ਲੋਕਾਂ ਨੂੰ ਹਰ ਸਹੂਲਤ ਮੁਹੱਈਆ ਕਰਾਉਣ ਲਈ ਜ਼ੋਰ ਲਾ ਰਹੀ ਹੈ। ਇਸ ਦੀ ਅਸਲ ਜਮੀਨੀ ਹਕੀਕਤ ਵੀ ਕੁਝ ਹੋਰ ਹੈ। ਸਰਕਾਰ ਵਲੋਂ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਦੂਸਰੇ ਦੇਸ਼ਾਂ ਤੋਂ ਟੈਸਟਿੰਗ ਕਿੱਟਾਂ ਅਤੇ ਸਮੱਗਰੀ ਮੰਗਵਾਈ ਜਾ ਰਹੀ ਹੈ। ਪਿਛਲੇ ਦਿਨੀਂ ਸਰਕਾਰ ਨੇ ਚੀਨ ਤੋਂ ਟੈਸਟਿੰਗ ਕਿੱਟਾਂ ਮੰਗਵਾਈਆਂ। ਇਨਾਂ ਬਾਰੇ ਵੀ ਅਦਾਲਤ ਵਿਚ ਕੇਸ ਚੱਲਿਆ ਜਿਸ 'ਤੇ ਅਦਾਲਤ ਨੇ ਇਸ ਦਾ ਮੁੱਲ ਨਿਰਯਾਤ ਮੁੱਲ ਦੇ ਅਨੁਸਾਰ ਮੁੱਲਾਂਕਣ ਕਰਕੇ ਤੈਅ ਕੀਤਾ। ਇਸ ਤੋਂ ਬਾਅਦ ਇਸ ਤੋਂ ਪਰਦਾ ਉਠਿਆ ਜਿਸ ਦੀ ਅਸਲ ਜ਼ਮੀਨੀ ਹਕੀਕਤ ਕੁਝ ਹੋਰ ਹੈ। ਸਰਕਾਰਾਂ ਵਲੋਂ ਕੀਤੇ ਜਾਂਦੇ ਆਪਣੇ ਆਪਣੇ ਪੱਧਰ 'ਤੇ ਯਤਨਾਂ ਵਿਚ ਕਿਤੇ ਨਾ ਕਿਤੇ ਇਸ ਕਾਰੋਬਾਰ ਨਾਲ ਜੁੜੇ ਲੋਕ ਵੀ ਆਪਣਾ ਹਿੱਸਾ ਕਾਇਮ ਰੱਖਣ ਵਿਚ ਲੱਗੇ ਹੋਏ ਹਨ। ਆਮ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਸਚਾਈ ਜਦੋਂ ਇਹੋ ਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਖੋਖਲੀ ਲਗਦੀ ਹੈ। ਇਸ ਮਹਾਂਮਾਰੀ ਕਾਰਨ ਜਿੱਥੇ ਬਿਜਨਸਮੈਨ, ਦੁਕਾਨਦਾਰ ਦਾ ਵੱਡਾ ਨੁਕਸਾਨ ਹੋਇਆ ਹੈ ਉਥੇ ਦਿਹਾੜੀਦਾਰ, ਮਜਦੂਰ ਵਰਗ ਸਭ ਤੋਂ ਪ੍ਰਭਾਵਿਤ ਹੋਇਆ ਹੈ। ਰੋਜ਼ਾਨਾ ਰੋਜ਼ੀ ਰੋਟੀ ਕਮਾ ਕੇ ਖਾਣ ਵਾਲੇ ਇਸ ਵਰਗ ਨੂੰ ਸਰਕਾਰ ਵਲੋਂ ਕੀਤੇ ਐਲਾਨ ਨਾਲ ਕੁਝ ਆਸ ਬੱਝੀ ਸੀ, ਪ੍ਰੰਤੂ ਜਿਸ ਤਰਾਂ ਇਹ ਵਰਗ ਆਪਣੀ ਦੋ ਡੰਗ ਦੀ ਰੋਟੀ ਨੂੰ ਤਰਲੇ ਮਾਰ ਰਿਹਾ ਹੈ ਤਾਂ ਕਿਹਾ ਜਾ ਸਕਦਾ ਹੈ ਤੇਰਾ ਅੱਲਾ ਬੇਲੀ..।

ਦੁਨੀਆ ਦੇ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਇਸ ਮਹਾਂਮਾਰੀ ਦੇ ਦੌਰ ਵਿਚ ਕੀਤੇ ਉਪਰਾਲੇ ਜੱਗ ਜ਼ਾਹਰ ਹਨ। ਸਾਡੀ ਸਰਕਾਰ ਵਲੋਂ ਕੀਤੇ ਡਾਕਡਾਊਨ ਤੋਂ ਬਾਅਦ ਲੀਹੋਂ ਲੱਥੀ ਆਮ ਆਦਮੀ ਦੀ ਜ਼ਿੰਦਗੀ ਦੀ ਮੂੰਹੋਂ ਬੋਲਦੀ ਤਸਵੀਰ ਜੱਗ ਜ਼ਾਹਰ ਹੈ। ਸਰਕਾਰ ਵਲੋਂ ਇਸ ਮਹਾਂਮਾਰੀ ਦੇ ਦੌਰ ਵਿਚ ਆਮ ਲੋਕਾਂ ਲਈ ਰਾਹਤ ਦੇ ਐਲਾਨ 'ਤੇ ਜਨਤਾ ਦਾ ਕਿੰਨਾ ਕੁ ਵਿਸ਼ਵਾਸ ਬੱਝਿਆ ਹੈ ਇਸ ਦੀ ਜ਼ਮੀਨੀ ਹਕੀਕਤ ਦਾ ਅਸਲੀ ਚਿਹਰਾ ਇਸ ਮਹਾਂਮਾਰੀ ਨਾਲ ਨਿਪਟਣ ਲਈ ਬਾਹਰਲੇ ਦੇਸ਼ਾਂ ਤੋਂ ਮੰਗਵਾਈਆਂ ਕੋਵਿਡ-19 ਟੈਸਟ ਕਿੱਟਾਂ ਦਾ ਭੇਦ ਖੁੱਲਣ ਤੋਂ ਬਾਅਦ ਸਾਹਮਣੇ ਆਇਆ ਹੈ। ਜਿੱਥੇ ਅੱਜ ਦੇ ਦੌਰ ਵਿਚ ਆਮ ਆਦਮੀ ਇਸ ਲਾਗ ਦੀ ਬੀਮਾਰ ਤੋਂ ਬਚਣ ਲਈ ਹਰ ਹੀਲਾ ਵਰਤ ਰਿਹਾ ਹੈ, ਉਥੇ ਇਸ ਤੋਂ ਪੀੜਤ ਲੋਕਾਂ ਲਈ ਮੁਹੱਈਆ ਸਿਹਤ ਸਹੂਲਤਾਂ ਦੇ ਪੁਖਤਾ ਪ੍ਰਬੰਧਾਂ ਨਾਲ ਸਰਕਾਰਾਂ ਦੀ ਸੰਜੀਦਗੀ ਦਾ ਪਤਾ ਲਗਦਾ ਹੈ।

ਦੁਨੀਆ ਦੇ ਵੱਡੇ ਵੱਡੇ ਦੇਸ਼ਾਂ ਦੇ ਮੁਕਾਬਲੇ ਸਾਡੇ ਦੇਸ਼ ਵਿਚ ਇਸ ਮਹਾਂਮਾਰੀ ਨਾਲ ਨਿਪਟਣ ਲਈ ਕੀਤੇ ਲਾਕਡਾਊਨ ਅਤੇ ਕਰਫਿਊ ਵਰਗੇ ਪ੍ਰਬੰਧ ਆਮ ਜਨਤਾ ਨੂੰ ਕਿੰਨਾ ਕੁ ਇਸ ਤੋਂ ਬਚਾ ਕੇ ਰੱਖਦੇ ਹਨ, ਇੱਥੇ ਤਾਂ ਇਹੋ ਕਿਹਾ ਜਾ ਸਕਦਾ ਹੈ, ਤੇਰਾ ਅੱਲਾ ਬੇਲੀ।

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS
CENSUS 2020

Message sponsored by the Kern Complete Count Committee.

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਣਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: KernCounts.org

#KernCounts

# ਆਗਰੇ ਦਾ ਇਤਿਹਾਸਕ ਗੁਰਦੁਆਰਾ ਗੁਰੂ ਕਾ ਤਾਲ

-ਨਿਰਮੈਲ ਸਿੰਘ ਰਾਮਪੁਰ

ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਕੌਮ, ਇਨਸਾਨੀਅਤ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਕੌਮ ਵੱਲੋਂ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰ ਕੇ ਸੰਭਾਲਿਆ ਗਿਆ ਹੈ। ਇਨਾਂ ਵਿੱਚੋਂ ਹੀ ਇੱਕ ਇਤਿਹਾਸਕ ਸਥਾਨ ਹੈ ਗੁਰਦੁਆਰਾ ਗੁਰੂ ਕਾ ਤਾਲ, ਆਗਰਾ (ਉੱਤਰ ਪ੍ਰਦੇਸ਼)। ਇਹ ਅਸਥਾਨ ਨੌਵੇਂ ਗੁਰੂ ਸਾਹਿਬਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਤ ਹੈ।

ਇਤਿਹਾਸਕ ਪੱਖ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਨੰਦਪੁਰ ਸਾਹਿਬ ਤੋਂ ਆਪਣੇ ਨੇੜਲੇ ਪਿਆਰਿਆਂ ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਊਦੋ ਜੀ, ਭਾਈ ਜੈਤਾ ਜੀ ਨੂੰ ਨਾਲ ਲੈ ਕੇ ਘੋੜਿਆਂ ਉਤੇ ਸਵਾਰ ਹੋ ਕੇ ਰੋਪੜ, ਪਟਿਆਲਾ, ਸੈਫ਼ਾਬਾਦ, ਜੀਂਦ, ਰੋਹਤਕ ਅਤੇ ਜਾਨੀਪੁਰ ਹੁੰਦੇ ਹੋਏ ਹਾੜ ਸੰਮਤ 1731 ਨੂੰ ਆਗਰਾ ਪਹੁੰਚੇ। ਇਥੇ ਗੁਰੂ ਸਾਹਿਬ ਨੇ ਸ਼ਹਿਰ ਤੋਂ ਬਾਹਰ ਆ ਕੇ ਤਲਾਅ ਦੇ ਕਿਨਾਰੇ ਡੇਰਾ ਲਗਾਇਆ। ਇਸ ਥਾਂ ਉੱਤੇ ਹੁਣ ਗੁਰਦੁਆਰਾ ਮੰਜੀ ਸਾਹਿਬ ਸ਼ੋਭਾ-ਏ-ਮਾਨ ਹੈ। ਇਥੇ ਆਗਰੇ ਵਿੱਚ ਇੱਕ ਇਆਲੀ, ਜਿਸ ਦਾ ਨਾਂ ਇਤਿਹਾਸ ਵਿੱਚ ਹਸਨ-ਅਲੀ ਦੱਸਿਆ ਹੈ, ਭੇਡਾਂ ਚਾਰ ਰਿਹਾ ਸੀ।

ਇਹ ਸਾਰਾ ਪਰਿਵਾਰ ਅੱਲਾ ਤਾਲਾ ਅੱਗੇ ਅਰਦਾਸ ਕਰਦਾ ਸੀ ਕਿ ਜੇ ਹਿੰਦੂਆਂ ਦੇ ਪੀਰ ਨੇ ਗ੍ਰਿਫ਼ਤਾਰ ਹੋਣਾ ਹੀ ਹੈ ਤਾਂ ਸਾਡੇ ਉੱਤੇ ਕਿਉਂ ਨਾ ਕਿਰਪਾ ਕਰੀ ਜਾਵਣ। ਗੁਰੂ ਸਾਹਿਬ ਹਸਨ ਨੂੰ ਕੋਲ ਬੁਲਾ ਕੇ ਕਹਿਣ ਲੱਗੇ ਕਿ ਸਾਨੂੰ ਭੁੱਖ ਲੱਗੀ ਹੋਈ ਹੈ। ਸ਼ਹਿਰ ਵਿੱਚ ਜਾ ਕੇ ਸਾਡੇ ਲਈ ਮਠਿਆਈ ਲੈ ਆ, ਇਨੀ ਗੱਲ ਕਹਿ ਗੁਰੂ ਸਾਹਿਬ ਆਪਣੇ ਮੁਬਾਰਕ ਹੱਥ ਵਿੱਚੋਂ ਕੀਮਤੀ ਅੰਗੂਠੀ (ਜਿਸ ਵਿੱਚ ਅੱਠ ਕਰੋੜ ਵਾਲਾ ਹੀਰਾ ਜੜਤ ਸੀ) ਉਤਾਰ ਕੇ ਦਿੱਤੀ ਅਤੇ ਨਾਲ ਹੀ ਕੀਮਤੀ ਦੁਸ਼ਾਲਾ ਮਠਿਆਈ ਪਵਾਉਣ ਲਈ ਦਿੱਤਾ। ਇਹ ਦੋਵੇਂ ਚੀਜ਼ਾਂ ਲੈ ਕੇ ਹਸਨ ਅਲੀ ਮਠਿਆਈ ਦੀ ਦੁਕਾਨ 'ਤੇ ਪੁੱਜਾ। ਅੰਗੂਠੀ ਹਲਵਾਈ ਨੂੰ ਦਿੱਤੀ ਤੇ ਦੁਸ਼ਾਲਾ ਮਠਿਆਈ ਪਵਾਉਣ ਲਈ ਅੱਗੇ ਵਿਛਾਇਆ, ਜਿਸ ਨੂੰ ਵੇਖ ਕੇ ਹਲਵਾਈ ਨੂੰ ਸ਼ੱਕ ਹੋ ਗਿਆ। ਇਨੀਆਂ ਕੀਮਤੀ ਵਸਤੂਆਂ ਕਿੱਥੋਂ ਲਿਆਇਆ ਹੈ? ਹੋ ਸਕਦਾ ਹੈ ਇਹ ਵਸਤੂਆਂ ਚੋਰੀ ਦੀਆਂ ਹੋਣ। ਇਸ ਖਿਆਲ ਵਿੱਚ ਆ



ਕੇ ਹਲਵਾਈ ਨੇ ਨੇੜੇ ਦੀ ਕੋਤਵਾਲੀ ਵਿੱਚ ਜਾ ਦੱਸਿਆ। ਕੋਤਵਾਲ ਨੇ ਹਸਨ-ਅਲੀ ਨੂੰ ਡਰਾ ਕੇ ਪੁੱਛਿਆ ਇਨਾਂ ਚੀਜ਼ਾਂ ਦਾ ਮਾਲਕ ਕੌਣ ਹੈ? ਵਿਚਾਰੇ ਨੇ ਡਰਦੇ ਮਾਰੇ ਦੱਸ ਦਿੱਤਾ ਇਨਾਂ ਵਸਤੂਆਂ ਦੇ ਮਾਲਕ ਆਪਣੇ ਘੋੜ-ਸਵਾਰ ਸਾਥੀਆਂ ਸਮੇਤ ਤਲਾਅ ਦੇ ਕਿਨਾਰੇ ਬਾਗ ਵਿੱਚ ਬੈਠੇ ਹਨ। ਤੁਸੀਂ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਮਿਲਾ ਦਿੰਦਾ ਹਾਂ। ਕੋਤਵਾਲ ਸਾਹਿਬ ਬਹੁਤ ਸਾਰੇ ਸਿਪਾਹੀ, ਹਸਨ ਅਲੀ ਨੂੰ ਨਾਲ ਲੈ ਕੇ ਇਸ ਜਗਾ 'ਤੇ ਆਏ ਤੇ ਗੁਰੂ ਜੀ ਨੂੰ ਪੁੱਛਣ ਲੱਗੇ ਤੁਸੀਂ ਕੌਣ ਹੋ? ਗੁਰੂ ਜੀ ਨੇ ਕਿਹਾ ਹਿੰਦੂਆਂ ਦੇ ਪੀਰ ਤੇਗ ਬਹਾਦਰ ਸਾਡਾ ਨਾਂ ਹੈ। ਇਨੀ ਕਹਿਣ ਦੀ ਦੇਰ ਸੀ, ਗੁਰੂ ਜੀ ਨੂੰ ਸਾਥੀਆਂ ਸਮੇਤ ਇਥੇ ਹੀ ਬਣੇ ਭੋਰਾ ਸਾਹਿਬ ਵਿੱਚ ਨੌਂ ਦਿਨ ਨਜ਼ਰਬੰਦ ਕਰ ਦਿੱਤਾ ਗਿਆ, ਜੋ ਵੱਡੇ ਦਰਬਾਰ ਸਾਹਿਬ ਦੇ ਥੱਲੇ ਸੁਸ਼ੋਭਿਤ ਹੈ। ਗੁਰੂ ਜੀ ਨੇ ਆਪਣੀ ਗ੍ਰਿਫ਼ਤਾਰੀ ਦਾ ਇਨਾਮ 500 ਸੌ ਮੋਹਰਾਂ ਹਸਨ ਅਲੀ ਨੂੰ ਦਿਵਾ ਕੇ ਉਸ ਦੀ ਮਨੋ-ਕਾਮਨਾ ਪੂਰੀ ਕੀਤੀ। ਇੱਥੋਂ ਗੁਰੂ ਸਾਹਿਬ ਨੂੰ ਪਾਲਕੀ ਵਿੱਚ ਬਿਠਾ ਕੇ ਭਾਰੀ ਫ਼ੌਜ ਦੀ ਨਿਗਰਾਨੀ ਵਿੱਚ ਦਿੱਲੀ ਲਿਜਾਇਆ ਗਿਆ। ਦਿੱਲੀ ਪਹੁੰਚ ਕੇ ਚਾਂਦਨੀ ਚੌਕ ਵਿਖੇ ਹਿੰਦੂ ਧਰਮ ਲਈ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ। ਗੁਰੂ ਕਾ ਤਾਲ ਗੁਰਦੁਆਰਾ ਸਾਹਿਬ ਵਿਖੇ ਸ਼ਾਨਦਾਰ ਦਰਬਾਰ ਸਾਹਿਬ ਉਸਾਰਿਆ ਗਿਆ ਹੈ, ਜੋ ਕਿ ਪਹਿਲੀ ਮੰਜ਼ਲ ਉੱਤੇ ਸਥਿਤ ਹੈ। ਦਰਬਾਰ ਸਾਹਿਬ ਦੇ ਹੇਠਾਂ ਇਤਿਹਾਸਕ ਭੋਰਾ ਸਾਹਿਬ ਹੈ। ਸਾਹਮਣੇ ਮਾਰਬਲ ਨਾਲ ਢੱਕਿਆ ਖੁੱਲਾ ਵਿਹੜਾ ਹੈ। ਇਸ ਦੇ ਸਾਹਮਣੇ ਸੱਜੇ ਤੇ ਖੱਬੇ ਦੋਵੇਂ ਪਾਸੇ ਸ਼ਾਨਦਾਰ ਪਾਰਕ ਬਣੇ ਹੋਏ ਹਨ। ਪਾਰਕਾਂ ਦੀ ਸਫ਼ਾਈ ਤੇ ਰੱਖ-ਰਖਾਅ ਵੇਖਿਆਂ ਹੀ ਬਣਦੀ ਹੈ। ਘਾਹ, ਹੈਜ ਦੀ ਕਟਿੰਗ ਕਰਕੇ ਕਈ ਤਰਾਂ ਦੀਆਂ ਹਾਥੀ, ਘੋੜੇ ਸਮੇਤ ਹੋਰ ਜਾਨਵਰਾਂ ਦੀਆਂ ਆਕਰਸ਼ਕ ਆਕ੍ਰਿਤੀਆਂ ਬਣਾਈਆਂ ਗਈਆਂ ਹਨ। ਵਿਚਕਾਰ ਪੱਥਰ ਦੀਆਂ ਪਗਡੰਡੀਆਂ ਹਨ ਤਾਂ ਜੋ ਪਾਰਕ ਸਾਫ਼-ਸੁਥਰੇ ਰਹਿ ਸਕਣ, ਵਿਚਕਾਰ ਮੱਛੀਆਂ ਦੇ ਛੋਟੇ ਤਲਾਅ ਹਨ। ਦਰਬਾਰ ਸਾਹਿਬ ਦੇ ਸੱਜੇ ਹੱਥ ਭਾਈ ਗੁਰਦਾਸ ਜੀ ਨਿਵਾਸ ਸਥਾਨ ਹੈ। ਇਥੇ ਹਰ ਤਰਾਂ ਦੇ ਆਧੁਨਿਕ ਸਹੂਲਤ ਵਾਲੇ ਬਹੁਗਿਣਤੀ ਖੁੱਲੇ-ਡੁੱਲੇ ਕਮਰੇ ਹਨ। ਨਿਵਾਸ-ਸਥਾਨ ਦੀਆਂ ਦੋ ਮੰਜ਼ਿਲਾਂ ਹਨ। ਉਪਰ ਦਰਬਾਰ ਸਾਹਿਬ ਦੇ ਖੱਬੇ ਹੱਥ ਖੁੱਲਾ ਤੇ ਸਫ਼ਾਈ ਭਰਪੂਰ ਲੰਗਰ ਹਾਲ ਹੈ ਜਿੱਥੇ 24 ਘੰਟੇ ਲੰਗਰ ਚਲਦਾ ਹੈ। ਦਰਬਾਰ ਸਾਹਿਬ ਦੇ ਖੱਬੇ ਪਾਸੇ ਗੁਰਦੁਆਰਾ ਮੰਜੀ ਸਾਹਿਬ ਸੁਸ਼ੋਭਿਤ ਹੈ। ਮੰਜੀ ਸਾਹਿਬ ਨੂੰ ਜਾਂਦੇ ਰਸਤੇ ਦੀ ਹੈਜ ਚਾਰਦੀਵਾਰੀ 'ਤੇ ਫੁੱਲਾਂ ਦੀਆਂ ਕਿਆਰੀਆਂ ਵੇਖਣਯੋਗ ਹਨ। ਮੰਜੀ ਸਾਹਿਬ ਵਿਖੇ ਸੁਸ਼ੋਭਿਤ ਗੁਰੂ ਸਾਹਿਬਾਨ ਦੇ ਹਥਿਆਰ ਤੇ ਪਾਲਕੀ ਸਾਹਿਬ ਸਮੇਤ ਸਮੁੱਚਾ ਮਾਰਬਲ ਦਾ ਕੰਮ ਭਵਨ-ਨਿਰਮਾਣ ਕਲਾ ਦਾ ਅਦਭੁੱਤ ਨਮੂਨਾ ਹਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਪਾਰਕਿੰਗ ਲਈ ਖੁੱਲੀ-ਡੁੱਲੀ ਜਗਾ ਹੈ।

## ਜਨਮ ਦਿਵਸ 3 ਮਈ ਨੂੰ

# ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ

- ਨਰਿੰਦਰ ਸਿੰਘ

ਇਤਿਹਾਸ ਮੁਤਾਬਕ ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਦੀ ਦੇਸ਼, ਕੌਮ/ਸਿੱਖ ਇਤਿਹਾਸ ਭਾਰਤ-ਪੰਜਾਬ ਦੀ 18ਵੀਂ ਸਦੀ 'ਚ ਖਾਸ ਥਾਂ ਹੈ। ਉਨਾਂ ਦੀ ਅਗਵਾਈ ਹੇਠ ਸਿੱਖ ਪੰਥ ਨੇ ਲਾਹੌਰ ਤੇ ਦਿੱਲੀ ਫ਼ਤਹਿ ਕੀਤੀ। ਉਸ ਸਮੇਂ ਭਾਰਤ-ਪੰਜਾਬ ਮੁਗਲਾਂ/ਅਫਗਾਨਾਂ ਦੀ ਗੁਲਾਮੀ ਹੇਠ ਸੀ। ਪੁਰਾਤਨ ਇਤਿਹਾਸ ਮੁਤਾਬਕ ਅੰਗਰੇਜ਼ ਹਕੂਮਤ ਤੋਂ ਪਹਿਲਾਂ ਸ. ਆਹਲੂਵਾਲੀਆ ਨੇ ਭਾਰੀ ਜੱਦੋਜਹਿਦ ਤੋਂ ਬਾਅਦ ਆਪਣੇ ਸਿੰਘਾਂ ਨਾਲ ਜਬਰੋ-ਜ਼ੁਲਮ ਦਾ ਟਾਕਰਾ ਕਰਕੇ ਭਾਰਤ-ਪੰਜਾਬ ਨੂੰ ਮੁਗਲ ਹਕੂਮਤ ਪਾਸੋਂ ਆਜ਼ਾਦ ਕਰਵਾਉਣ ਦਾ ਮੁੱਢ ਬੰਨਿਆ। ਇੱਥੋਂ ਦੇ ਸਿੱਖਾਂ ਦੀ ਸੁਤੰਤਰਤਾ ਘੋਸ਼ਿਤ ਕੀਤੀ ਗਈ। ਇਸ ਨਾਲ ਉਨਾਂ ਭਾਰਤ-ਪੰਜਾਬ ਦੀ ਆਜ਼ਾਦੀ ਦੀ ਪਹਿਲੀ ਲੜਾਈ ਵਿੱਚ ਜਿੱਤ ਹਾਸਲ ਕੀਤੀ ਤੇ ਉਹ ਭਾਰਤ-ਪੰਜਾਬ ਸਿੱਖ ਰਾਜ ਦੇ ਪਹਿਲੇ ਬਾਦਸ਼ਾਹ ਬਣੇ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹੀ ਸਿੱਖ ਯੋਧਿਆਂ ਨੇ ਉਸ ਸਮੇਂ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੀ ਭਾਰੀ ਫੌਜ ਪਾਸੋਂ ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਭਾਰਤ ਦਾ ਕੀਮਤੀ ਸਾਮਾਨ ਲੁੱਟ ਕੇ ਲੈ ਜਾ ਰਹੇ ਅਤੇ ਤਕਰੀਬਨ 2200 ਕੈਦੀ ਨੌਜਵਾਨ ਹਿੰਦੂ ਲੜਕੀਆਂ ਨੂੰ ਯੁੱਧ ਕਰਕੇ ਰਸਤੇ ਵਿੱਚੋਂ ਹੀ ਉਨਾਂ ਸਭ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾਇਆ। ਉਨਾਂ ਨੇ ਲਾਹੌਰ ਫ਼ਤਹਿ ਕਰਨ ਉਪਰੰਤ ਗੁਰੂ ਨਾਨਕ ਦੇਵ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਚਲਾਇਆ। ਉਨਾਂ ਨੇ ਅਪਰੈਲ 1764 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੌਜੂਦਾ ਇਮਾਰਤ ਦੀ ਦੁਬਾਰਾ ਉਸਾਰੀ ਕਰਵਾਈ। ਇਸ ਮਹਾਨ ਤੇ ਪਵਿੱਤਰ ਅਸਥਾਨ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਆਪਣੀਆਂ ਫੌਜਾਂ ਨਾਲ ਢਹਿ-ਢੇਰੀ ਕਰ ਦਿੱਤਾ ਸੀ। ਉਸ ਸਮੇਂ ਉਹ ਸਿੱਖ ਮਿਸਲਾਂ ਦੇ ਪ੍ਰਮੁੱਖ ਜਥੇਦਾਰ ਸਨ ਅਤੇ ਉਸ ਸਮੇਂ ਉਨਾਂ ਦਾ ਦੇਸ਼ ਕੌਮ, ਸਿੱਖ ਪੰਥ ਵਿੱਚ ਵਿਸ਼ੇਸ਼ ਸਥਾਨ ਤੇ ਆਦਰ-ਮਾਣ ਸੀ। ਉਨਾਂ ਨੇ ਆਪਣੀ ਸਾਰੀ ਜ਼ਿੰਦਗੀ ਇਸ ਦੇਸ਼ ਤੇ ਕੌਮ ਦੇ ਲੇਖੇ ਲਾ ਦਿੱਤੀ।

ਇਸ ਮਹਾਨ ਸੂਰਬੀਰ, ਮਾਝੇ ਦੇ ਜਰਨੈਲ, ਸੰਘਰਸ਼ੀ ਯੋਧੇ ਅਤੇ ਕੌਮੀ ਦੇਸ਼ ਭਗਤ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ ਨਾਲ ਮਿਤੀ 3 ਮਈ 1718 ਨੂੰ ਮਾਤਾ ਜੀਵਨ ਕੌਰ ਦੀ ਕੁੱਖੋਂ ਤੇ ਪਿਤਾ ਸ੍ਰੀ ਬਦਰ ਸਿੰਘ ਦੇ ਗ੍ਰਹਿ ਵਿਖੇ ਪਿੰਡ ਅਹਿਲੂ ਨਜ਼ਦੀਕ ਲਾਹੌਰ ਜੋ ਕਿ ਹੁਣ ਪਾਕਿਸਤਾਨ ਵਿੱਚ ਹੈ, ਹੋਇਆ। ਜਦੋਂ ਸ. ਆਹਲੂਵਾਲੀਆ ਸਿੱਖ ਮਿਸਲਾਂ ਦੇ ਪ੍ਰਮੁੱਖ ਜਥੇਦਾਰ ਤੇ ਲਾਹੌਰ ਦੇ ਬਾਦਸ਼ਾਹ, ਸੁਲਤਾਨ-ਉਲ-ਕੌਮ ਬਣੇ ਉਸ ਸਮੇਂ ਉਨਾਂ ਨੇ ਆਪਣੀ ਰਿਆਸਤ ਦੀ ਰਾਜਧਾਨੀ ਫਤਿਆਬਾਦ (ਸ੍ਰੀ ਤਰਨ ਤਾਰਨ) ਵਿਖੇ ਬਣਾਈ ਤੇ ਰਿਹਾਇਸ਼ ਵੀ ਏਥੇ ਹੀ ਰੱਖੀ ਬਾਅਦ ਵਿੱਚ ਉਨਾਂ ਨੇ ਆਪਣੀ ਆਖਰੀ ਸਮੇਂ ਰਾਜਧਾਨੀ ਕਪੂਰਥਲਾ ਵਿਖੇ ਬਣਾਈ। ਬਚਪਨ ਵਿੱਚ ਹੀ ਇਨਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਇਨਾਂ ਦੇ ਵੱਡੇਰਿਆਂ ਦੇ ਸਬੰਧ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੋਂ ਗੁਰੂਘਰ ਨਾਲ ਜੁੜਿਆ ਹੋਇਆ ਸੀ। ਸੰਨ 1723 ਵਿੱਚ ਇਨਾਂ ਦੇ ਮਾਤਾ ਜੀ ਤੇ ਮਾਮਾ ਬਾਘ ਸਿੰਘ ਬਾਲਕ ਜੱਸਾ ਸਿੰਘ ਸਮੇਤ ਸਿੱਖ ਸੰਗਤਾਂ ਨਾਲ ਦਿੱਲੀ ਵਿਖੇ ਜਗਤ ਮਾਤਾ ਸੁੰਦਰ ਕੌਰ



ਜੀ ਸੁਪਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਉਨਾਂ ਦੇ ਗ੍ਰਹਿ ਦਿੱਲੀ ਪਹੁੰਚੇ। ਜਗਤ ਮਾਤਾ ਸੁੰਦਰ ਕੌਰ ਜੀ ਦੇ ਲਾਡ-ਪਿਆਰ ਵਿੱਚ ਕਈ ਸਾਲ ਬਾਲਕ ਜੱਸਾ ਸਿੰਘ ਆਹਲੂਵਾਲੀਆ ਉਨਾਂ ਪਾਸ ਰਹਿ ਕੇ ਪਲੇ। ਸੰਨ 1728 ਨੂੰ ਬਾਘ ਸਿੰਘ ਦਿੱਲੀ ਤੋਂ ਜਗਤ ਮਾਤਾ ਸੁੰਦਰ ਕੌਰ ਜੀ ਪਾਸੋਂ ਸ. ਆਹਲੂਵਾਲੀਆ ਨੂੰ ਵਾਪਸ ਲੈ ਕੇ ਆਏ, ਉਸ ਸਮੇਂ ਮਾਤਾ ਸੁੰਦਰ ਕੌਰ ਜੀ ਨੇ ਇਸ ਬਾਲਕ ਨੂੰ ਬਹੁਤ ਸਾਰੇ ਤੋਹਫੇ, ਦਸਤਾਰ, ਕਿਰਪਾਨ, ਤੀਰ-ਕਮਾਨ, ਗੁਰਜ ਆਦਿ ਆਪਣੇ ਪੁੱਤਰ ਦੀ ਤਰਾਂ ਦਿੱਤੇ ਤੇ ਅਸੀਸ ਦਿੱਤੀ "ਤੇਰੇ ਔਰ ਤੇਰੀ ਸੰਤਾਨ ਅੱਗੇ ਚੋਬਦਾਰ ਚਲਿਆ ਕਰਨਗੇ।" ਜਗਤ ਮਾਤਾ ਜੀ ਨੇ ਉਸ ਸਮੇਂ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਜੋ ਉਸ ਸਮੇਂ ਪੰਜਾਬ 'ਚ ਕਰਤਾਰਪੁਰ ਵਿਖੇ ਆਪਣੇ ਡੇਰੇ ਵਿਖੇ ਰਹਿੰਦੇ ਸਨ, ਵੱਲ ਇਕ ਪੱਤਰ ਲਿਖ ਕੇ ਜੱਸਾ ਸਿੰਘ ਆਹਲੂਵਾਲੀਆ ਨੂੰ ਆਪਣੇ ਪਾਸ ਰੱਖਣ ਦੀ ਹਦਾਇਤ ਕੀਤੀ। ਸੰਨ 1729 ਪਿੱਛੋਂ ਸ. ਆਹਲੂਵਾਲੀਆ ਲਗਪਗ ਨਵਾਬ ਕਪੂਰ ਸਿੰਘ ਦੀਆਂ ਸਾਰੀਆਂ ਮੁਹਿੰਮਾਂ, ਯੁੱਧਾਂ ਵਿੱਚ ਨਾਲ ਰਹੇ। ਸੰਨ 1738 ਤੱਕ ਸ੍ਰੀ ਜੱਸਾ ਸਿੰਘ ਆਹਲੂਵਾਲੀਆ ਦੀ ਗਿਣਤੀ ਸੂਰਬੀਰ ਸਿੱਖ ਯੋਧਿਆਂ ਦੀ ਪਹਿਲੀ ਕਤਾਰ ਵਿੱਚ ਹੋਣ ਲੱਗ ਪਈ। ਇਸ ਮਹਾਨ ਕੌਮੀ ਜਰਨੈਲ, ਸਿੱਖ ਯੋਧਾ, ਜਿੰਦਾ ਸ਼ਹੀਦ ਨੇ ਆਪਣੇ ਸਮੇਂ ਵਿੱਚ ਬਗ਼ੈਰ ਕਿਸੇ ਈਰਖਾ, ਭਿਨ-ਭੇਦ, ਉਚ-ਨੀਚ, ਜਾਤ-ਪਾਤ ਆਦਿ ਦੇ ਸੂਰਬੀਰਤਾ ਤੇ ਅਣਖ ਨਾਲ ਹਲੀਮੀ ਰਾਜ ਕਾਇਮ ਕੀਤਾ ਅਤੇ ਭਾਰਤ-ਪੰਜਾਬ ਦੇਸ਼-ਵਾਸੀਆਂ, ਸਿੱਖ ਕੌਮ ਨੂੰ ਹਮੇਸ਼ਾ ਚੜਦੀ ਕਲਾ ਵੱਲ ਲਿਜਾਣ ਦਾ ਯਤਨ ਕੀਤਾ।

ਸੰਨ 1748 ਵਿੱਚ ਉਨਾਂ ਦੀ ਅਗਵਾਈ ਹੇਠ ਖਾਲਸੇ ਨੇ ਫੌਜਦਾਰ ਸਲਾਬਤ ਖ਼ਾਨ ਨੂੰ ਕਤਲ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਇਸ ਇਲਾਕੇ ਨੂੰ ਮੁਗਲ ਫੌਜਾਂ ਪਾਸੋਂ ਆਜ਼ਾਦ ਕਰਵਾਇਆ। ਕਾਫੀ ਸਾਲਾਂ ਤੋਂ ਬਾਅਦ ਸਿੱਖ ਸੰਗਤਾਂ ਨੇ ਏਥੋਂ ਦੇ ਮਹਾਨ ਤੇ ਧਾਰਮਿਕ ਅਸਥਾਨ ਦੇ ਦਰਸ਼ਨ ਦੀਦਾਰੇ ਕੀਤੇ ਅਤੇ ਵਿਸਾਖੀ ਮੇਲਾ ਮਨਾਇਆ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੋਂ ਏਥੇ ਰਾਮ ਰਾਉਣੀ (ਕਾਫੀ ਉੱਚੀ, ਮੋਟੀ ਦੀਵਾਰ ਆਦਿ) ਦੀ ਰਚਨਾ ਕੀਤੀ। ਬਾਬਾ ਜੱਸਾ ਸਿੰਘ ਆਹਲੂਵਾਲੀਆ ਆਪਣੇ ਸਮੇਂ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਮਹਾਨ ਯੋਧੇ ਦੇ ਨਾਲ-ਨਾਲ ਗੁਰਬਾਣੀ ਕੀਰਤਨਕਾਰ ਵੀ ਹੋਏ। ਉਨਾਂ ਦਾ ਗੁਰੂਘਰ ਨਾਲ ਅਥਾਹ ਪਿਆਰ ਤੇ ਸਤਿਕਾਰ ਹੋਣ ਕਾਰਨ ਉਹ ਯੁੱਧਾਂ ਆਦਿ ਤੋਂ ਵਿਹਲੇ ਹੁੰਦੇ ਤਾਂ ਉਹ ਆਪਣੇ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੀ ਹੁੰਦੇ। ਦੀਵਾਲੀ-ਵਿਸਾਖੀ ਆਦਿ ਵੇਲੇ ਉਹ ਆਪਣੇ ਸਿੰਘਾਂ ਨਾਲ ਸੰਗਤਾਂ ਦੇ ਇਕੱਠ ਵਿੱਚ ਏਥੇ ਜ਼ਰੂਰ ਸ਼ਾਮਲ ਹੁੰਦੇ।

ਸ੍ਰੀ ਦਰਬਾਰ ਸਾਹਿਬ ਦੀ ਪ੍ਰਮੁੱਖ ਦਰਸ਼ਨੀ ਡਿਉੜੀ ਦੇ ਨਾਲ ਉਨਾਂ ਦੇ ਨਾਂ 'ਤੇ ਇਕ ਆਹਲੂਵਾਲੀਆ ਬੁੰਗਾ ਸੀ ਤੇ ਉਨਾਂ ਨੇ ਇਕ ਆਹਲੂਵਾਲੀਆ ਕਿਲਾ ਆਦਿ ਆਪਣੇ ਸਿੰਘਾਂ ਦੇ ਠਹਿਰਨ ਵਾਸਤੇ ਤੇ ਇਸ ਇਲਾਕੇ ਦੀ ਹਿਫ਼ਾਜ਼ਤ ਵਾਸਤੇ ਬਣਵਾਇਆ, ਜੋ ਕਿ ਅੱਜ ਤੱਕ ਮੌਜੂਦ ਹੈ ਅਤੇ ਇਸ ਲਾਗੇ ਇਕ ਬਾਜ਼ਾਰ ਕੱਟੜਾ ਆਹਲੂਵਾਲੀਆ ਜੋ ਕਿ ਉਨਾਂ ਦੇ ਨਾਂ 'ਤੇ ਹੈ, ਵਪਾਰਕ ਕੇਂਦਰ ਬਣਵਾਇਆ। ਇਸ ਤੋਂ ਕੁਝ ਦੂਰੀ 'ਤੇ ਉਨਾਂ ਦੇ ਨਾਂ 'ਤੇ ਇਕ ਆਹਲੂਵਾਲੀਆ ਦਰਵਾਜ਼ਾ (ਗੇਟ), ਜਿੱਥੇ ਕਿ ਅੱਜ-ਕੱਲ ਘੀ ਮੰਡੀ ਬਾਜ਼ਾਰ ਜੋ ਕਿ ਰਸਤਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਉਸ ਸਮੇਂ ਸਿੱਧਾ ਜਾਂਦਾ ਸੀ, ਦਾ ਮੇਨ ਗੇਟ ਸੀ। ਉਸ ਸਮੇਂ ਦੀਆਂ ਉਨਾਂ ਦੀਆਂ ਉੱਥੇ ਕੁਝ ਪੁਰਾਤਨ ਯਾਦਗਾਰਾਂ ਵੀ ਹਨ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਪੰਥ ਵੱਲੋਂ 10 ਅਪਰੈਲ 1754 ਨੂੰ ਦਲ ਖਾਲਸਾ ਦਾ ਪ੍ਰਮੁੱਖ ਜਥੇਦਾਰ ਨਿਯੁਕਤ ਕੀਤਾ ਗਿਆ ਤੇ ਨਵਾਬ ਦੇ ਖਿਤਾਬ ਨਾਲ ਸਨਮਾਨਤ ਕੀਤਾ ਗਿਆ। ਸਤੰਬਰ 1761 ਵਿੱਚ ਜਦੋਂ ਉਨਾਂ ਦੀ ਅਗਵਾਈ ਹੇਠ ਲਾਹੌਰ ਫ਼ਤਹਿ ਕੀਤਾ ਤਾਂ ਖਾਲਸਾ ਪੰਥ ਵੱਲੋਂ ਉਨਾਂ ਨੂੰ ਸੁਲਤਾਨ-ਉਲ-ਕੌਮ (ਕੌਮ ਦਾ ਬਾਦਸ਼ਾਹ) ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਸੰਨ 1748 ਤੇ 1752 ਵਿੱਚ ਉਨਾਂ ਨੇ ਮੀਰ ਮਨੂੰ ਤੇ ਜ਼ਕਰੀਆ ਖ਼ਾਨ ਨਾਲ ਯੁੱਧ ਵਿੱਚ ਜਿੱਤ ਹਾਸਲ ਕੀਤੀ। ਸਾਕਾ ਵੱਡਾ ਘੱਲੂਘਾਰਾ ਕੁੱਪ ਰਹੀੜਾ ਨੇੜੇ ਮਾਲੇਰਕੋਟਲਾ (ਸੰਗਰੂਰ) ਮਿਤੀ 5 ਫਰਵਰੀ 1762 ਜੋ ਕਿ ਸਿੱਖ ਇਤਿਹਾਸ ਵਿੱਚ ਦੁਖਦਾਈ ਘਟਨਾ ਸੀ ਜਿਸ ਵਿੱਚ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨੇ ਅਚਨਚੇਤ ਸਿੱਖਾਂ 'ਤੇ ਹਮਲਾ ਕੀਤਾ ਤਾਂ ਇਸ ਸਮੇਂ ਵੀ ਸਿੱਖ ਕੌਮ ਵੱਲੋਂ ਸ. ਜੱਸਾ ਸਿੰਘ ਆਹਲੂਵਾਲੀਆ ਨੇ ਇਸ ਯੁੱਧ ਵਿੱਚ ਅਗਵਾਈ ਆਪਣੇ ਸਿੰਘਾਂ ਨਾਲ ਬੜੀ ਹੀ ਦਲੇਰੀ ਤੇ ਹਿੰਮਤ ਨਾਲ ਕੀਤੀ ਤੇ ਭਾਰੀ ਮੁਸ਼ਕਲ ਦੇ ਬਾਵਜੂਦ ਜਿੱਤ ਹਾਸਲ ਕੀਤੀ। ਸੰਨ 1746 ਵਿੱਚ ਛੋਟੇ ਘੱਲੂਘਾਰੇ ਦੌਰਾਨ ਜੋ ਕਿ ਕਾਹਨੂੰਵਾਨ ਛੰਭ (ਗੁਰਦਾਸਪੁਰ) ਵਿਖੇ ਵਾਪਰਿਆ, ਵਿੱਚ ਵੀ ਉਨਾਂ ਦੀ ਅਗਵਾਈ ਹੇਠ ਜਿੱਤ ਪ੍ਰਾਪਤ ਕੀਤੀ। ਇਸੇ ਤਰਾਂ ਸੰਨ 1764 ਵਿੱਚ ਉਨਾਂ ਦੀ ਅਗਵਾਈ ਹੇਠ ਸਿੱਖ ਕੌਮ ਨੇ ਸਰਹੰਦ ਫ਼ਤਹਿ ਕੀਤੀ ਅਤੇ ਉਥੇ ਛੋਟੇ ਸਾਹਿਬਜ਼ਾਦਿਆਂ ਅਤੇ ਜਗਤ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਮਹਾਨ ਗੁਰਦੁਆਰਾ ਫਤਹਿਗੜ ਦੀ ਉਸਾਰੀ ਕਰਵਾਈ। ਸੰਨ 1777-1779 ਨੂੰ ਉਨਾਂ ਨੇ ਨਾਦਰਸ਼ਾਹ, ਇਬਰਾਹਿਮ ਆਦਿ ਨੂੰ ਹਰਾ ਕੇ ਕਪੂਰਥਲਾ, ਜਲੰਧਰ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਨੂੰ ਆਪਣੇ ਕਬਜ਼ੇ ਹੇਠ ਕੀਤਾ। ਇਸ ਤਰਾਂ ਉਹ ਕਪੂਰਥਲਾ ਰਿਆਸਤ ਦੇ ਬਾਨੀ ਬਣੇ। ਸੰਨ 1783 ਨੂੰ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਕੌਮ/ਦਲ ਖ਼ਾਲਸੇ ਨੇ ਦਿੱਲੀ ਫ਼ਤਹਿ ਕੀਤੀ ਤੇ ਉਸ ਸਮੇਂ ਸਿੱਖ ਜਰਨੈਲ ਭਾਈ ਬਘੇਲ ਸਿੰਘ, ਸ. ਜੱਸਾ ਸਿੰਘ ਰਾਮਗੜੀਆ ਵੀ ਮੌਜੂਦ ਸਨ। ਪੁਰਾਤਨ ਇਤਿਹਾਸ ਮੁਤਾਬਕ ਭਾਈ ਬਘੇਲ ਸਿੰਘ ਨੇ ਲਾਲ ਕਿਲੇ 'ਤੇ ਖ਼ਾਲਸੇ ਦਾ ਕੇਸਰੀ ਝੰਡਾ ਲਹਿਰਾਇਆ ਅਤੇ ਉਸ ਸਮੇਂ ਸਿੱਖ ਪੰਥ ਨੇ ਜੈਕਾਰਿਆਂ ਦੀ ਗੂੰਜ ਨਾਲ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਦੇ ਲਾਲ ਕਿਲੇ ਵਿੱਚ ਸਥਿਤ ਤਖ਼ਤ ਦੀਵਾਨੇ ਆਮ ਉੱਤੇ ਬਿਠਾਇਆ ਅਤੇ ਭਾਰਤ ਦਾ ਬਾਦਸ਼ਾਹ ਐਲਾਨ ਕੀਤਾ ਗਿਆ।

ਪੁਰਾਤਨ ਇਤਿਹਾਸ ਮੁਤਾਬਕ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਬਹੁਤ ਨਿਰਲੇਪ ਅਤੇ ਸੰਤੋਖੀ ਸੁਭਾਅ ਦੇ ਮਾਲਕ ਸਨ। ਉਨਾਂ ਦੀ ਭਾਰਤ-ਪੰਜਾਬ ਨੂੰ ਸਭ ਤੋਂ ਵੱਡੀ ਦੇਣ ਵਿਦੇਸ਼ੀ ਜਾਬਰਾਂ ਤੋਂ ਆਜ਼ਾਦੀ ਦਿਵਾਉਣਾ ਸੀ। ਉਨਾਂ ਆਪਣੀ ਜ਼ਿੰਦਗੀ ਦੇ ਕਈ ਸਾਲ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸੇਵਾ ਸੰਭਾਲ ਅਤੇ ਸ਼ਹਿਰ ਨੂੰ ਹੋਰ ਆਬਾਦ ਕਰਨ 'ਤੇ ਲਗਾਏ। ਬਾਬਾ ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ 1783 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ, ਜਿਨਾਂ ਦੀ ਯਾਦਗਾਰ ਉਸ ਸਮੇਂ ਸਿੱਖ ਪੰਥ ਨੇ ਉਨਾਂ ਦੀ ਇਸ ਦੇਸ਼ ਕੌਮ/ਸਿੱਖ ਪੰਥ ਨੂੰ ਵੱਡੀ ਦੇਣ ਕਰਕੇ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਬਣਾਈ, ਜੋ ਕਿ ਅੱਜ ਵੀ ਉੱਥੇ ਮੌਜੂਦ ਹੈ। ਸ਼ਾਇਦ ਹੀ ਇਸ ਮਹਾਨ ਕੌਮੀ ਦੇਸ਼ ਭਗਤ, ਸੂਰਬੀਰ ਯੋਧੇ, ਜਰਨੈਲ, ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਯਾਦ ਵਿੱਚ ਕਿਸੇ ਸਰਕਾਰ ਨੇ ਕੋਈ ਵੱਡ ਪੱਧਰੀ ਪ੍ਰੋਗਰਾਮ/ਉਨਾਂ ਦੀ ਰਾਜ ਪੱਧਰੀ ਯਾਦਗਾਰ ਆਦਿ ਬਣਾਉਣ ਸਬੰਧੀ ਕੋਈ ਪ੍ਰੋਗਰਾਮ ਉਲੀਕਿਆ ਹੋਵੇ।

# ਪਤਝੜ ਦੇ ਫੁੱਲ

ਕਹਾਣੀ

- ਸੁਖਬੀਰ

ਆਪਣੀ ਉਮਰ ਦੇ ਚੌਦਵੇਂ ਵਰੇ ਵਿਚ ਉਸ ਨੇ ਅਜੇ ਜਵਾਨੀ ਦੀ ਦਲੀਜ਼ 'ਤੇ ਪੈਰ ਰਖਿਆ ਹੀ ਸੀ ਕਿ ਬੰਦੂਕ ਦੀ ਇਕ ਅੰਨੀ ਗੋਲੀ ਉਸ ਦੇ ਦਿਲ ਨੂੰ ਵਿੰਨ ਗਈ ਤੇ ਬਜ਼ਾਰ ਦੇ ਉਸ ਚੌਂਕ ਵਿਚ, ਜਿਥੇ ਇਕ ਬੜਾ ਵੱਡਾ ਜਲੂਸ ਪੁਲੀਸ ਦੀ ਦਹਿਸ਼ਤ ਵਿਚ ਇਧਰ-ਉਧਰ ਖਿੰਡਰ ਰਿਹਾ ਸੀ, ਉਹ ਉਸ ਸੜਕ 'ਤੇ ਢਹਿ ਪਿਆ, ਜਿਥੇ ਕੁਝ ਹੋਰ ਫੱਟੜ ਆਦਮੀਆਂ ਤੇ ਤੀਵੀਆਂ ਦੀਆਂ ਲਾਸ਼ਾਂ ਪਈਆਂ ਸਨ। ਅਜੇ ਤਾਈਂ ਜਲੂਸ ਦੇ ਖਿੰਡਰ ਰਹੇ ਆਦਮੀਆਂ ਵਿਚੋਂ ਕਿਸੇ-ਕਿਸੇ ਦਾ ਨਾਅਰਾ ਕਿਸੇ ਆਤਸ਼ਬਾਜ਼ੀ ਵਾਂਗ ਅਸਮਾਨ ਵੱਲ ਉਠ ਜਾਂਦਾ ਤੇ ਚੁਫੇਰੇ ਦੇ ਵਾਯੂ-ਮੰਡਲ ਦੀ ਭਿਆਨਕਤਾ ਕੰਬ ਉਠਦੀ।

ਕੁਝ ਚਿਰ ਪਿਛੋਂ ਉਥੇ ਸਿਰਫ ਪੁਲੀਸ ਸੀ, ਗੋਲੀਆਂ ਨਾਲ ਜ਼ਖਮੀ ਹੋਈਆਂ ਦਸ ਲਾਸ਼ਾਂ ਸਨ, ਦਹਿਸ਼ਤ-ਭਰੀਆਂ ਨਜ਼ਰਾਂ ਸਨ ਤੇ ਲਹੂ ਸੀ। ਤੇ ਉਸ ਦੀ ਲਾਸ਼ ਸੀ- ਆਪਣੀ ਉਮਰ ਦੇ ਚੌਦਵੇਂ ਵਰੇ ਵਿਚ ਉਸ ਨੇ ਅਜੇ ਜਵਾਨੀ ਦੀ ਦਲੀਜ਼ 'ਤੇ ਪੈਰ ਰੱਖਿਆ ਹੀ ਸੀ।

ਅਜੇ ਕੁਝ ਚਿਰ ਪਹਿਲਾਂ ਉਹ ਇਸ ਚੌਕ ਵਿਚ ਖੜੋਤਾ ਕੰਘੀਆਂ ਵੇਚ ਰਿਹਾ ਸੀ, ਆਪਣੀ ਤਿੱਖੀ-ਟੁਣਕਵੀਂ ਆਵਾਜ਼ ਵਿਚ ਹੋਕਾ ਦੇ ਰਿਹਾ ਸੀ। ਉਹ ਬਹੁਤ ਖ਼ੁਸ਼ ਸੀ ਕਿ ਅੱਜ ਉਸ ਦਾ ਢਾਈਆਂ ਰੁਪਿਆਂ ਦਾ ਮਾਲ ਵਿਕ ਗਿਆ ਸੀ, ਤੇ ਉਸ ਨੇ ਉਸ ਰਾਤ ਆਪਣੀ ਨਿੱਕੀ ਭੈਣ ਨਾਲ 'ਅਲਬੇਲਾ' ਫਿਲਮ ਵੇਖਣ ਜਾਣਾ ਸੀ। ਤਦੇ ਕਿਸੇ ਰੌਲਾ ਪਾਉਂਦੀ, ਬਿੱਫਰੀ ਹੋਈ ਨਦੀ ਵਾਂਗ ਸਾਹਮਣਿਉਂ ਇਕ ਜਲੂਸ ਆਇਆ, ਉਸ 'ਚੋਂ ਉਠ ਰਹੇ ਨਾਅਰਿਆਂ ਨਾਲ ਅਸਮਾਨ ਗੂੰਜਣ ਲਗਾ, ਤੇ ਵੇਖਦਿਆਂ-ਵੇਖਦਿਆਂ ਸਾਰਾ ਚੌਂਕ ਜਲੂਸ ਦੇ ਆਦਮੀਆਂ ਨਾਲ ਭਰ ਗਿਆ। ਇਕ ਹੜ ਸੀ, ਜੋ ਚੁਫੇਰੇ ਸਮਾ ਨਹੀਂ ਸੀ ਰਿਹਾ, ਤੇ ਹੱਦਾਂ ਟੁੱਟਣ 'ਤੇ ਆ ਗਈਆਂ ਸਨ। ਤਦੇ ਸਾਹਮਣਿਉਂ ਦੌੜਦੀਆਂ ਹੋਈਆਂ ਪੁਲੀਸ ਦੀਆਂ ਜੀਪਾਂ ਆਈਆਂ, ਉਨਾਂ 'ਚੋਂ ਧੜਾ-ਧੜ ਕਰਦੇ ਸਿਪਾਹੀ ਉਤਰੇ, ਤੇ ਫੇਰ, ਜਿਵੇਂ ਬੰਬ ਪਾਟਦੇ ਹਨ, ਜਲੂਸ 'ਚੋਂ ਉਠੇ ਸੈਆਂ ਨਾਅਰੇ ਅਸਮਾਨ ਨੂੰ ਵਿੰਨ ਗਏ, ਇਕ ਦਹਿਸ਼ਤ ਫੈਲੀ, ਜੋਸ਼ ਉਠਿਆ, ਲਾਠੀਆਂ ਉਭਰੀਆਂ, ਹਲਚਲ ਹੋਈ, ਸਿਰ ਪਾਟੇ, ਹੱਥਾਪਾਈ ਹੋਈ, ਲਹੂ ਡੁੱਲਿਆਤੇ ਫੇਰ, ਜਦ ਗੋਲੀ ਚਲੀ ਤਾਂ ਉਸ ਵੇਲੇ ਉਹ ਆਪਣੀਆਂ ਕੰਘੀਆਂ ਸੰਭਾਲੀ ਇਕ ਦੁਕਾਨ ਦੇ ਪਾਏਦਾਨ 'ਤੇ ਖੜੋਤਾ ਇਹ ਸਭ ਕੁਝ ਵੇਖ ਹੀ ਰਿਹਾ ਸੀ ਕਿ ਉਸ ਦੀ ਚੀਕ ਨਿਕਲੀ, ਤੇ ਉਹ ਉਥੇ ਹੀ ਢਹਿ ਪਿਆ— ਬੰਦੂਕ ਦੀ ਗੋਲੀ ਉਸ ਦੇ ਕਾਲਜੇ ਨੂੰ ਵਿੰਨ ਗਈ ਸੀ।

ਤੇ ਅੱਜ ਜਦ ਮੈਂ ਉਸ ਦੀ ਮੌਤ ਬਾਰੇ ਸੋਚਦਾ ਹਾਂ, ਤਾਂ ਮੈਨੂੰ ਰਹਿ-ਰਹਿ ਕੇ ਸਪੈਂਡਰ ਦੀ ਉਹ ਕਵਿਤਾ ਯਾਦ ਆਉਂਦੀ ਹੈ, ਜਿਸ ਵਿਚ ਇਕ ਇਹੋ ਜਿਹੇ ਮੁੰਡੇ ਦੀ ਮੌਤ ਦਾ ਜ਼ਿਕਰ ਹੈ, ਤੇ ਸਪੈਂਡਰ ਕਹਿੰਦਾ ਹੈ ਕਿ ਉਹ ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਇਕ ਬੱਚਾ ਸੀ।

ਭਾਵੇਂ ਮੈਂ ਉਸ ਦਾ ਨਾਂ ਨਹੀਂ ਜਾਣਦਾ, ਪਰ ਮੈਂ ਉਸ ਨੂੰ ਕਿੰਨੇ ਚਿਰ ਤੋਂ ਜਾਣਦਾ ਹਾਂ, ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਨੂੰ ਪਛਾਣਦਾ ਹਾਂ। ਉਸ ਨੂੰ ਮੈਂ ਰੋਜ਼ ਇਸ ਚੌਕ ਵਿਚ ਕੰਘੀਆਂ ਵੇਚਦੇ ਵੇਖਿਆ ਹੈ। ਉਸ ਦੇ ਰੁਖੇ ਵਾਲਾਂ ਹੇਠ ਉਸ ਦਾ ਚਿਹਰਾ ਮੈਂ ਕਦੇ ਨਹੀਂ ਭੁੱਲ ਸਕਦਾ, ਜਿਸ 'ਤੇ ਬਚਪਨ ਦੀ ਮੁਸਕਰਾਹਟ ਬੜੀ ਗੰਭੀਰ ਬਣੀ ਹੋਈ ਸੀ, ਤੇ ਦੋ ਅੱਖਾਂ ਵਿਚ ਉਸ ਦਰਦ ਦੀ ਛਾਂ ਸੀ, ਜੋ ਮੁਸਕਰਾਹਟਾਂ ਦੇ ਕਤਲ ਹੋਣ 'ਤੇ ਪੈਦਾ ਹੁੰਦੀ ਹੈ। ਹਾਂ, ਜਦ ਬਚਪਨ ਆਪਣੀਆਂ ਖੇਡਾਂ ਛੱਡ ਕੇ ਰੋਟੀ ਕਮਾਉਣ ਦੀ ਚਿੰਤਾ ਵਿਚ ਲੱਗ ਜਾਂਦਾ ਹੈ, ਤਾਂ ਉਸ ਦੀ ਮੁਸਕਰਾਹਟ ਤੇ ਉਸ ਦੀਆਂ ਅੱਖਾਂ ਦੀ ਰੌਸ਼ਨੀ ਇਸੇ ਤਰਾਂ ਆਪਣੇ ਸੁਪਨਿਆਂ ਦਾ ਸੰਸਾਰ ਗਵਾ ਬਹਿੰਦੀ ਹੈ। ਸਿਆਲਾਂ ਦੀਆਂ ਠਰੀਆਂ ਹੋਈਆਂ ਰਾਤਾਂ ਵਿਚ ਮੈਂ ਉਸ ਨੂੰ ਪਾਟੀ ਹੋਈ ਕਮੀਜ਼ ਤੇ ਨਿੱਕਰ ਵਿਚ ਸੁੰਗੜਿਆਂ ਇਥੇ ਕੰਘੀਆਂ ਵੇਚਦੇ ਵੇਖਿਆ ਹੈ। ਬਰਸਾਤਾਂ ਵਿਚ ਵੀ ਕਈ ਵਾਰ ਉਸ ਨੇ ਆਪਣੀ ਭਿੱਜੀ ਹੋਈ ਇਸੇ ਕਮੀਜ਼ ਤੇ ਨਿੱਕਰ ਵਿਚ ਇਥੇ ਕੰਘੀਆਂ ਵੇਚੀਆਂ ਹਨ। ਸਿਰਫ ਗਰਮੀਆਂ ਦੇ ਦਿਨ ਉਸ ਨੂੰ ਰਾਸ ਆਉਂਦੇ ਸਨ। ਕੀ ਹੋਇਆ ਜੇ ਸੜਕ 'ਤੇ ਧੁੱਪ ਵਿਚ ਖੜੋ ਕੇ ਕੰਘੀਆਂ ਵੇਚਦਿਆਂ ਉਸ ਦਾ ਸਰੀਰ ਤਪ ਉਠਦਾ ਸੀ ਤੇ ਉਹ ਚਾਹੁੰਦਾ ਸੀ ਕਿ ਉਥੋਂ ਭੱਜ ਜਾਏ ਤੇ ਕਿਸੇ ਡੂੰਘੇ ਖੂਹ ਦੇ ਪਾਣੀ ਵਿਚ ਚੁੱਭੀ ਲਾ ਕੇ ਦੇਰ ਤਕ ਬੈਠਾ ਰਹੇ।

ਪਰ ਅੱਜ ਇਸ ਚੌਕ ਵਿਚ ਇਕ ਸੋਗ ਦੀ ਛਾਂ ਹੈ, ਤੇ ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਕਿਤੇ ਸੁਣਾਈ ਨਹੀਂ ਦਿੰਦੀ।

ਇਸ ਚੌਕ ਵਿਚ ਖੜੋ ਕੇ ਕੰਘੀਆਂ ਵੇਚਣਾ ਹੀ ਉਸ ਦਾ ਕੰਮ ਨਹੀਂ ਸੀ। ਮੈਂ ਉਸ ਨੂੰ ਹੋਰ ਵੀ ਕਈ ਥਾਈਂ ਵੇਖਿਆ ਹੈ- ਇਹੋ ਆਵਾਜ਼, ਇਹੋ ਚਿਹਰਾ, ਇਹੋ ਅੱਖਾਂ, ਤੇ ਇਹੋ ਮੁਸਕਰਾਹਟ ਮੈਂ ਪਹਿਲਾਂ ਵੀ ਵੇਖ ਚੁੱਕਾ ਹਾਂ।

ਸ਼ਾਇਦ ਉਦੋਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਮੈਂ ਇਨਾਂ ਸੜਕਾਂ 'ਤੇ ਆਪਣੀ ਬੇਕਾਰੀ ਦੀ ਗਰਦਿਸ਼ ਵਿਚੋਂ ਲੰਘ ਰਿਹਾ ਸਾਂ ਤੇ ਭੁੱਖ ਨੂੰ ਮਾਰਨ ਲਈ ਇਕ ਘਟੀਆ ਹੋਟਲ ਵਿਚ ਚਾਹ ਪੀਣ ਬੈਠਦਾ ਸਾਂ। ਤਦ ਉਸ ਹੋਟਲ ਵਿਚ ਆਪਣੀਆਂ ਉਂਘਲਾਈਆਂ ਹੋਈਆਂ ਅੱਖਾਂ 'ਚੋਂ ਝਾਕਦਾ ਇਹ ਮੇਰੇ ਕੋਲ ਆਉਂਦਾ ਸੀ ਤੇ ਚਾਹ ਦਾ ਆਰਡਰ ਲੈ ਕੇ ਆਪਣੇ ਮੈਲੇ ਹੱਥਾਂ ਵਿਚ ਚਾਹ ਦਾ ਕੱਪ ਚੁੱਕੀ ਮੇਜ਼ 'ਤੇ ਰੱਖ ਜਾਂਦਾ ਸੀ। ਉਦੋਂ ਵੀ ਇਹੋ ਕਮੀਜ਼ ਤੇ ਨਿੱਕਰ ਇਸ ਦਾ ਲਿਬਾਸ ਹੁੰਦਾ ਸੀ। ਤੇ ਮੋਢੇ ਉਤੇ ਇਕ ਮੈਲਾ ਕੱਪੜਾ ਹੁੰਦਾ ਸੀ, ਜਿਸ ਨਾਲ ਇਹ ਮੇਜ਼ ਸਾਫ ਕਰਿਆ ਕਰਦਾ ਸੀ। ਮੈਂ ਚਾਹ ਦੇ ਘੁੱਟ ਭਰਦਾ ਹੋਇਆ ਸੋਚਦਾ ਸਾਂ ਕਿ ਕੀ ਇਹ ਇਸੇ ਤਰਾਂ ਮੋਢੇ 'ਤੇ ਮੈਲਾ ਕੱਪੜਾ ਰਖੀ ਜ਼ਿੰਦਗੀ ਦੇ ਦਿਨ ਕੱਟਦਾ ਰਹੇਗਾ? ਆਪਣੀਆਂ ਉਂਘਲਾਂਦੀਆਂ, ਗਵਾਚੀਆਂ ਅੱਖਾਂ ਵਿਚੋਂ ਝਾਕਦਾ ਰਹੇਗਾ? ਤੇ ਇਸ ਹੋਟਲ ਵਿਚ ਸੋਲਾਂ-ਸੋਲਾਂ ਘੰਟੇ ਕੰਮ ਕਰਦਿਆਂ ਆਪਣੀ ਸਾਰੀ ਉਮਰ ਬਿਤਾ ਦਏਗਾ? ਅਖੀਰ, ਮੈਂ ਚਾਹ ਪੀ ਕੇ ਮੁੜ ਨੌਕਰੀ ਦੀ ਭਾਲ ਵਿਚ ਸੜਕਾਂ ਨਾਪਣ ਲੱਗਦਾ ਸਾਂ।

ਸ਼ਾਇਦ ਉਨੀਂ ਦਿਨੀਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਸਾਡੀ ਇਸ 'ਚਾਲ' ਦੇ ਸਾਹਮਣੇ ਇਕ ਸੱਤ-ਮੰਜ਼ਲੀ ਇਮਾਰਤ ਬਣ ਰਹੀ ਸੀ, ਤੇ ਇਥੇ ਕੰਮ ਕਰਨ ਵਾਲਿਆਂ ਦਾ ਰੌਲਾ ਪਿਆ ਰਹਿੰਦਾ ਸੀ। ਸਵੇਰੇ ਤੋਂ ਤ੍ਰਿਕਾਲਾਂ ਤੀਕ ਰਾਜ ਤੇ ਮਜ਼ਦੂਰ ਇਮਾਰਤ ਨੂੰ ਉਸਾਰਨ ਵਿਚ ਰੁਝੇ ਰਹਿੰਦੇ ਸਨ। ਮੈਂ ਆਪਣੀ ਵਿਹਲ ਦੀਆਂ ਘੜੀਆਂ ਵਿਚ ਕਦੇ ਕਮਰੇ ਵਿਚ ਬੈਠਾ ਇਮਾਰਤ ਵੱਲ ਵੇਖਣ ਲਗਦਾ ਸਾਂ— ਖਾਸਕਰ ਉਨਾਂ ਮਜ਼ਦੂਰਾਂ ਨੂੰ, ਜੋ ਸਿਰਾਂ 'ਤੇ ਕੜਾਹੀਆਂ ਚੁੱਕੀ ਇੱਟਾਂ, ਪੱਥਰ, ਰੇਤ ਆਦਿ ਢੋਅ ਰਹੇ ਹੁੰਦੇ। ਉਨਾਂ ਮਜ਼ਦੂਰਾਂ ਵਿਚ ਮਰਦਾਂ ਦੇ ਰੇਟ ਨਾਲੋਂ ਅੱਧਾ ਸੀ, ਤੇ ਮੁੰਡਿਆਂ ਦਾ ਤੀਵੀਆਂ ਦੇ ਰੇਟ ਨਾਲੋਂ ਅੱਧਾ। ਪਰ ਇਹ ਤੀਵੀਆਂ ਤੇ ਮੁੰਡੇ ਕੰਮ ਲਗਪਗ ਮਰਦਾਂ ਜਿੰਨਾ ਹੀ ਕਰਦੇ ਸਨ। ਸਿਰਫ ਕੁਝ ਇਕ ਹੀ ਮਜ਼ਦੂਰ ਮਰਦ ਸਨ, ਜੋ ਖਾਸ-ਖਾਸ ਕੰਮਾਂ 'ਤੇ ਲੱਗੇ ਹੋਏ ਸਨ। ਉਥੇ ਹੀ ਮੈਂ ਇਸ ਨੂੰ ਵੇਖਦਾ ਸਾਂ। ਇਹੋ ਕਮੀਜ਼ ਤੇ ਇਹੋ ਨਿੱਕਰ। ਤੇ ਸਿਰੋਂ-ਪੈਰੋਂ ਨੰਗਾ। ਇਹ ਸਵੇਰ ਤੋਂ ਤ੍ਰਿਕਾਲਾਂ ਤੀਕ ਸਿਰ 'ਤੇ ਕੜਾਹੀ ਚੁੱਕੀ ਇੱਟਾਂ ਢੋਂਦਾ ਰਹਿੰਦਾ। ਤਦ ਇਸ ਦਾ ਪਿਓ ਵੀ ਇਥੇ ਕੰਮ ਕਰਦਾ ਸੀ, ਇਸ ਦੀ ਮਾਂ ਵੀ ਏਥੇ ਕੰਮ ਕਰਦੀ ਸੀ। ਦੁਪਹਿਰ ਵੇਲੇ ਜਦ ਅੱਧੇ ਘੰਟੇ ਦੀ ਛੁੱਟੀ ਹੁੰਦੀ, ਤਾਂ ਇਹ ਦੂਜੇ ਮਜ਼ਦੂਰਾਂ ਵਿਚ ਆਪਣੇ ਮਾਂ-ਪਿਓ ਨਾਲ ਬੈਠਾ ਰੋਟੀ ਖਾ ਰਿਹਾ ਹੁੰਦਾ। ਤਦ ਮੈਨੂੰ ਆਪਣਾ ਬਚਪਨ ਯਾਦ ਆਉਂਦਾ, ਜਦ ਮੈਂ ਸਕੂਲ ਵਿਚ ਪੜ੍ਹਿਆ ਕਰਦਾ ਸਾਂ ਤੇ ਦੁਪਹਿਰ ਦੀ ਛੁੱਟੀ ਵੇਲੇ ਦੋਸਤਾਂ ਨਾਲ ਖੱਟੀਆਂ-ਮਿੱਠੀਆਂ ਚਾਟਾਂ ਖਾਂਦਾ ਸਾਂ, ਤੇ ਪੇਪਰਮਿੰਟਾਂ ਜਾਂ ਟਾਫੀਆਂ ਚੂਸਦਾ ਹੋਇਆ ਮੁੰਡਿਆਂ ਨਾਲ ਖੇਡਿਆ ਕਰਦਾ ਸਾਂ। ਪਰ ਹੁਣ ਉਹ ਬਚਪਨ ਨਹੀਂ ਸੀ ਰਿਹਾ। ਹੁਣ ਮੈਨੂੰ ਆਪਣਾ ਤੇ ਆਪਣੇ ਬੁੱਢੇ ਮਾਂ-ਪਿਓ ਦਾ ਢਿੱਡ ਭਰਨ ਲਈ ਰੁਜ਼ਗਾਰ ਦੀਆਂ ਕੁੜਿੱਤਣਾਂ ਚਖਣੀਆਂ ਪੈ ਰਹੀਆਂ ਸਨ। ਤੇ ਆਪਣੇ ਮਾਂ-ਪਿਓ ਦੇ ਨਾਲ ਬੈਠਾ ਇਹ ਵੀ ਰੋਟੀ ਦੀਆਂ ਗ੍ਰਾਹੀਆਂ ਚੱਬਦਾ ਆਪਣੀ ਬਚਪਨ ਦੀ ਉਮਰੇ ਰੁਜ਼ਗਾਰ ਦੀਆਂ ਕੁੜਿੱਤਣਾਂ ਚਖ ਰਿਹਾ ਸੀ। ਪਰ ਪੱਥਰ ਜਾਂ ਇੱਟਾਂ ਢੋਣ ਦਾ ਅਜਿਹਾ ਕੰਮ ਰੋਜ਼-ਰੋਜ਼ ਤਾਂ ਮਿਲਦਾ ਨਹੀਂ। ਇਹ ਤਾਂ ਇਸ ਵਾਰ ਉਨਾਂ ਦਾ ਸੁਭਾਗ ਸੀ ਕਿ ਪਿਓ ਦੇ ਨਾਲ ਪੁੱਤਰ ਨੂੰ ਵੀ ਕੰਮ ਮਿਲ ਗਿਆ ਸੀ, ਤੇ ਪਤਨੀ ਨੂੰ ਵੀ, ਤੇ ਤਿੰਨੋਂ ਇਕੋ ਥਾਂ ਕੰਮ 'ਤੇ ਲੱਗੇ ਹੋਏ ਸਨ।

ਪਰ ਇਸ ਤੋਂ ਪਹਿਲਾਂ ਮੈਂ ਇਸ ਨੂੰ ਤਦ ਵੇਖਿਆ ਸੀ, ਜਦ ਇਹ ਸਾਡੀ ਇਸ 'ਚਾਲ' ਵਿਚ ਦੁੱਧ ਦੇਣ ਆਇਆ ਕਰਦਾ ਸੀ। ਉਹਨੀਂ ਦਿਨੀਂ ਇਸ ਦੇ ਤੇੜ ਨਿੱਕਰ ਦੀ ਥਾਂ ਗੋਡਿਆਂ ਤੋਂ ਉਚੀ ਮਾਰਕੀਨ ਦੀ ਮੈਲੀ ਧੋਤੀ ਹੁੰਦੀ ਸੀ, ਜੋ ਕਈਆਂ ਥਾਵਾਂ ਤੋਂ ਮੋਟੇ-ਮੋਟੇ ਤੋਪਿਆਂ ਨਾਲ ਸੀਤੀ ਹੁੰਦੀ। ਇਸ ਦੇ ਕੱਪੜਿਆਂ 'ਚੋਂ, ਜਾਂ ਸੱਚ ਪੁੱਛੋ ਤਾਂ ਇਸ ਦੇ ਸਰੀਰ 'ਚੋਂ ਗੋਹੇ ਦੀ ਨਿੰਮੀ-ਨਿੰਮੀ ਬੋਅ ਆਉਂਦੀ ਰਹਿੰਦੀ। ਇਸ ਦੇ ਨਹੁੰਆਂ ਵਿਚ ਗੋਹਾ ਫਸਿਆ ਹੁੰਦਾ। ਤੇ ਇਸ ਦੀਆਂ ਅੱਡੀਆਂ ਦੀਆਂ ਬਿਆਈਆਂ ਤੇ ਪੈਰਾਂ ਦੀਆਂ ਉਂਗਲਾਂ ਵਿਚ ਤਾਂ ਸਦਾ ਗੋਹਾ ਫਸਿਆ ਹੁੰਦਾ। ਇਹ ਕਿਸੇ ਦੁੱਧ ਵਾਲੇ ਭਈਏ ਦੇ ਤਬੇਲੇ ਵਿਚ ਕੰਮ ਕਰਦਾ ਸੀ। ਉਥੇ ਇਹ ਮੱਝਾਂ ਨੂੰ ਨਲਾਉਂਦਾ, ਉਨਾਂ ਦਾ ਗੋਹਾ ਸਾਫ ਕਰਦਾ, ਬਾਹਰ ਚਰਾਉਣ ਲੈ ਜਾਂਦਾ, ਤੇ ਪੱਠਾ-ਦੱਥਾ ਕਰਦਾ। ਸਵੇਰੇ ਮੂੰਹ ਹਨੇਰੇ ਅਤੇ ਸ਼ਾਮ ਤੋਂ ਪਹਿਲਾਂ ਦਿਨ ਵਿਚ ਦੋ ਵਾਰ ਦੁੱਧ ਦੇ ਛੋਟੇ-ਵੱਡੇ ਦੋ-ਦੋ, ਤਿੰਨ-ਤਿੰਨ ਡੱਬੇ ਦੋਹਾਂ ਹੱਥਾਂ ਵਿਚ ਲਟਕਾਈ ਘਰ-ਘਰ ਦੁੱਧ ਦੇਣ ਜਾਂਦਾ। ਸਵੇਰੇ ਇਹ ਏਨਾ ਸਵੇਰੇ ਆਉਂਦਾ ਕਿ ਕਈ ਵਾਰ ਮੇਰਾ ਆਪਣੀ ਉਸ 'ਗੁਲਾਬੀ ਨੀਂਦ' ਵਿਚੋਂ ਉੱਠਣ 'ਤੇ ਜੀਅ ਨਾ ਕਰਦਾ। ਪਰ ਇਸ ਦੇ ਵਾਰ-ਵਾਰ ਬੁਲਾਉਣ 'ਤੇ ਮੈਨੂੰ ਉਠਣਾ ਪੈਂਦਾ। ਤੇ ਜਦ ਮੈਂ ਦੁੱਧ ਲੈ ਰਿਹਾ ਹੁੰਦਾ, ਤਾਂ ਕਈ ਵਾਰ ਲਗਦਾ, ਜਿਵੇਂ ਇਸ ਦੀਆਂ ਉਂਘਲਾਉਂਦੀਆਂ ਹੋਈਆਂ ਅੱਖਾਂ ਮੇਰੀਆਂ ਆਪਣੀਆਂ ਅੱਖਾਂ ਹਨ। ਮੈਂ ਬੱਤੀ ਬੁਝਾ ਕੇ ਬਿਸਤਰੇ 'ਤੇ ਪੈ ਜਾਂਦਾ ਤੇ ਆਪਣੀ 'ਗੁਲਾਬੀ ਨੀਂਦ' ਵਿਚ ਗਵਾਚ ਜਾਂਦਾ।

ਫੇਰ, ਜਦ ਮੈਂ ਮਿਊਂਸਪੈਲਿਟੀ ਦੇ ਇਕ ਨਿੱਕੇ ਜਿਹੇ ਸਕੂਲ ਵਿਚ ਪੜਾਉਣ ਲੱਗਾ, ਤਾਂ ਵੇਖਿਆ ਕਿ ਇਹ ਉਥੇ ਲੱਗਾ ਹੋਇਆ ਸੀ। ਬੜੀ ਆਰਾਮ ਦੀ ਨੌਕਰੀ ਸੀ ਉਹ। ਸਵੇਰੇ ਦਸ ਵਜੇ ਤੋਂ ਸ਼ਾਮ ਦੇ ਪੰਜ ਵਜੇ ਤੀਕ ਇਸ ਨੂੰ ਕੰਮ ਕਰਨਾ ਪੈਂਦਾ ਸੀ, ਤੇ ਉਹ ਵੀ ਕਿਸੇ-ਕਿਸੇ ਵੇਲੇ। ਉਹ ਕੰਮ ਕੀ ਸੀ? ਸਕੂਲ ਦੇ ਕੰਪਾਊਂਡ ਵਿਚ ਦੋ ਵਾਰ ਝਾੜੂ ਲਾਉਣਾ, ਛੁੱਟੀ ਹੋਣ ਪਿੱਛੋਂ ਸਕੂਲ ਦੇ ਕਮਰਿਆਂ ਨੂੰ ਸਾਫ ਕਰਨਾ, ਦਿਨ ਵੇਲੇ ਵਿਦਿਆਰਥੀਆਂ ਦੇ ਪੀਣ ਲਈ ਪਾਣੀ ਦੇ ਡਰੱਮ ਭਰਨੇ, ਤੇ ਅਜਿਹੇ ਹੋਰ ਛੋਟੇ-ਮੋਟੇ ਕੰਮ। ਸਕੂਲ ਦੇ ਪਿਛਵਾੜੇ ਹੀ ਇਹ ਆਪਣੀ ਮਾਂ ਨਾਲ ਟੀਨ ਦੀ ਬਣੀ ਛੋਟੀ ਜਿਹੀ ਕੋਠੜੀ ਵਿਚ ਰਹਿੰਦਾ ਸੀ, ਜੋ ਸਕੂਲ ਵੱਲੋਂ ਇਨਾਂ ਨੂੰ ਦਿੱਤੀ ਗਈ ਸੀ। ਕਦੇ ਕੋਈ ਕੰਮ ਨਾ ਹੁੰਦਾ, ਤਾਂ ਇਹ ਬੈਠਾ-ਬੈਠਾ ਅੱਕ ਜਾਂਦਾ। ਤਦ ਕਦੇ ਇਸ ਦੀ ਛੋਟੀ ਭੈਣ ਉਥੇ ਆ ਜਾਂਦੀ ਤੇ ਇਹ ਉਸ ਨਾਲ ਖੇਡਣ ਲਗਦਾ। ਜਾਂ ਕਦੇ ਇਹ ਆਪਣਾ ਖਜ਼ਾਨਾ ਖੋਲ ਬਹਿੰਦਾ— ਰੰਗ-ਬਿਰੰਗੇ ਕਾਗਜ਼ਾਂ ਦੇ ਟੁਕੜੇ, ਟੁੱਟੀਆਂ ਹੋਈਆਂ ਨਿੱਬਾਂ, ਗੋਲੀਆਂ, ਪੱਥਰ ਤੇ ਹੋਰ ਅਜਿਹੀਆਂ ਚੀਜ਼ਾਂ।

ਪਰ ਜਦ ਦੁਪਹਿਰ ਦੀ ਛੁੱਟੀ ਹੁੰਦੀ, ਤੇ ਮੁੰਡੇ-ਕੁੜੀਆਂ ਰੌਲਾ ਪਾਉਂਦੇ ਹੋਏ ਜਮਾਤਾਂ 'ਚੋਂ ਨਿਕਲਦੇ ਤੇ ਖੇਡਣ ਵਿਚ ਰੁਝ ਜਾਂਦੇ, ਤਾਂ ਇਹ ਇਕ ਪਾਸੇ ਨਿੱਕੇ ਜਿਹੇ ਸਟੂਲ 'ਤੇ ਬੈਠਾ ਉਨਾਂ ਨੂੰ ਵੇਖਦਾ ਰਹਿੰਦਾ। ਇਸ ਤੋਂ ਪਹਿਲਾਂ ਉਸ ਸਕੂਲ ਵਿਚ ਇਕ ਹੋਰ ਨੌਕਰ ਸੀ, ਜੋ ਸੁਣਿਆਂ ਸੀ ਕਿ ਉਥੇ ਚਾਲੀ ਵਰੇ ਨੌਕਰੀ 'ਤੇ ਰਿਹਾ ਸੀ, ਤੇ ਜੇ ਇਕ ਦੁਰਘਟਨਾ ਵਿਚ ਮਾਰਿਆ ਨਾ ਜਾਂਦਾ, ਤਾਂ ਉਸ ਨੇ ਅਜੇ ਹੋਰ ਪੰਜ-ਛੇ ਵਰੇ ਨੌਕਰੀ ਕਰਕੇ ਰਿਟਾਇਰ ਹੋਣਾ ਸੀ। ਉਸ ਦੇ ਮਰਨ ਪਿੱਛੋਂ ਉਸ ਦੀ ਥਾਂ ਇਹ ਆਇਆ ਸੀ ਤੇ ਮੈਂ ਸੋਚਦਾ ਸਾਂ ਕਿ ਹੁਣ ਇਹ ਵੀ ਓਸੇ ਵਾਂਗ ਸਕੂਲ ਵਿਚ ਝਾੜੂ ਦਿੰਦਾ, ਪਾਣੀ ਭਰਦਾ ਤੇ ਮਾਸਟਰਾਂ ਲਈ ਬਜ਼ਾਰ ਤੋਂ ਪਾਨ ਤੇ ਸਿਗਰਟਾਂ ਲਿਆਉਂਦਾ ਇਥੇ ਚਾਲੀ ਵਰੇ ਕੱਟ ਦਏਗਾ। ਪਰ ਨਹੀਂ, ਇਹ ਉਥੇ ਵਧੇਰੇ ਚਿਰ ਨਹੀਂ ਸੀ ਰਿਹਾ। ਇਸ ਨੂੰ ਕੱਢ ਦਿੱਤਾ ਗਿਆ ਸੀ, ਕਿਉਂਕਿ ਹੈਡਮਾਸਟਰ ਕੋਲ ਇਸ ਦੀਆਂ ਕਈ ਵਾਰ ਸ਼ਿਕਾਇਤਾਂ ਪੁੱਜ ਚੁੱਕੀਆਂ ਹਨ ਕਿ ਇਹ ਕੰਮ ਕਰਨ ਦੀ ਥਾਂ ਸਕੂਲ ਦੇ ਵਿਦਿਆਰਥੀਆਂ ਨਾਲ ਖੇਡਦਾ ਰਹਿੰਦਾ ਹੈ।

ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਸਟੇਸ਼ਨਾਂ ਦੇ ਪਲੇਟਫਾਰਮਾਂ 'ਤੇ ਹੱਥ ਵਿਚ ਪਾਲਸ਼ ਦੀਆਂ ਡੱਬੀਆਂ ਤੇ ਬੁਰਸ਼ ਫੜੀ ਬੂਟ-ਪਾਲਿਸ਼ ਕਰਿਆ ਕਰਦਾ ਸੀ। ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਲੋਕਲ ਗੱਡੀਆਂ ਵਿਚ ਪੇਪਰਮਿੰਟਾਂ ਤੇ ਟਾਫੀਆਂ ਵੇਚਿਆ ਕਰਦਾ ਸੀ। ਜਾਂ ਫੇਰ, ਮੈਂ ਇਸ ਨੂੰ ਤਦ ਵੇਖਿਆ ਸੀ ਬਚਪਨ ਦੇ ਇਹ ਕਿੰਨੇ ਵੱਖ-ਵੱਖ ਰੂਪ ਸਨ !

ਪਰ ਇਸ ਚੌਕ ਵਿਚ ਖਲੋ ਕੇ ਇਸ ਨੂੰ ਕੰਘੀਆਂ ਵੇਚਦਿਆਂ ਮੈਂ ਕਾਫੀ ਚਿਰ ਤੋਂ ਵੇਖ ਰਿਹਾ ਸਾਂ, ਤੇ ਸੋਚਦਾ ਸਾਂ ਕਿ ਬਚਪਨ, ਜੋ ਜਵਾਨੀ ਦੀ ਦਲੀਜ਼ 'ਤੇ ਪੈਰ ਰੱਖ ਰਿਹਾ ਸੀ, ਅੱਜ ਕਿਨਾਂ ਰਾਹਾਂ ਤੋਂ ਲੰਘ ਰਿਹਾ ਹੈ! ਬਚਪਨ ਦਾ ਇਹ ਫੁੱਲ ਅੱਜ ਕਿਸ ਵਾਯੂ-ਮੰਡਲ ਵਿਚ ਖਿੜਿਆ ਹੈ? ਪਰ ਇਹ ਫੁੱਲ ਵਧੇਰੇ ਚਿਰ ਖਿੜਿਆ ਨਾ ਰਹਿ ਸਕਿਆ। ਜਵਾਨੀ ਦੀ ਦਲੀਜ਼ 'ਤੇ ਪੈਰ ਰੱਖਦਿਆਂ ਹੀ ਇਹ ਇਕ ਅੰਨੀ ਗੋਲੀ ਦਾ ਨਿਸ਼ਾਨਾ ਬਣ ਕੇ ਮੌਤ ਦੀ ਹਨੇਰੀ ਖੱਡ ਵਿਚ ਢਹਿ ਪਿਆ। ਤੇ ਮੇਰੇ ਬੁੱਲਾਂ 'ਤੇ ਮੁੜ-ਮੁੜ ਕੇ ਸਪੈਂਡਰ ਦੀ ਕਵਿਤਾ ਆਉਂਦੀ ਹੈ ਕਿ ਬਹਾਰ ਦੀ ਇਕ ਰੁੱਤੇ, ਬੰਦੂਕਾਂ ਗੋਲੀਆਂ ਦੀ ਜ਼ਬਾਨ ਨਾਲ ਗੱਲਾਂ ਕਰ ਰਹੀਆਂ ਸਨ। ਪਰ ਉਹ ਮੁੰਡਾ, ਜੋ ਅੰਜੀਰ ਦੇ ਬਿਰਛ ਥੱਲੇ ਮੋਇਆ ਪਿਆ ਹੈ, ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਬੱਚਾ ਸੀ। ਜਦ ਉਹ ਜਿਊਂਦਾ ਸੀ, ਤਾਂ ਫੈਕਟਰੀਆਂ ਦੇ ਘੁੱਗੂਆਂ ਨੇ ਉਸ ਨੂੰ ਕਦੇ ਨਹੀਂ ਬੁਲਾਇਆ, ਨਾ ਹੀ ਹੋਟਲਾਂ ਦੇ ਬੂਹੇ ਉਸ ਲਈ ਖੁੱਲੇ। ਉਸ ਦਾ ਨਾਂ ਕਦੇ ਅਖਬਾਰਾਂ ਵਿਚ ਨਹੀਂ ਛਪਿਆ। ਦੁਨੀਆਂ ਦੀ ਕੰਧ ਓਸੇ ਤਰਾਂ ਖਲੋਤੀ ਰਹੀ, ਜਦ ਕਿ ਉਸ ਦੀ ਜ਼ਿੰਦਗੀ ਸੱਟਾ ਬਜ਼ਾਰ ਦੀ ਕਿਸੇ ਅਫਵਾਹ ਵਾਂਗ ਭਟਕਦੀ ਰਹੀ। ਤੇ ਵੇਖੋ, ਉਸ ਮੁੰਡੇ ਦੀ ਬੇਮੁੱਲੀ ਜ਼ਿੰਦਗੀ ਨੂੰ ਵੇਖੋ-ਹੋਟਲਾਂ ਦੇ ਹਿਸਾਬ ਤੇ ਫਾਈਲਾਂ ਦੇ ਨੁਕਤੇ ਤੋਂ ਬੇਮੁੱਲੀ ਜ਼ਿੰਦਗੀ। ਦਸ ਹਜ਼ਾਰ ਗੋਲੀਆਂ 'ਚੋਂ ਇਕ ਗੋਲੀ ਆਦਮੀ ਨੂੰ ਮਾਰਦੀ ਹੈ, ਪਰ ਮੈਂ ਪੁੱਛਦਾ ਹਾਂ ਕਿ ਅੰਜੀਰ ਦੇ ਬਿਰਛ ਥੱਲੇ ਮੋਏ ਪਏ ਇਕ ਏਨੇ ਛੋਟੇ ਤੇ ਇੰਨੇ ਅਨਜਾਣ ਬੱਚੇ ਦੀ ਮੌਤ ਲਈ ਕੀ ਏਨਾ ਸਾਰਾ ਖਰਚ ਜਾਇਜ਼ ਸੀ ?

# ਸੱਚੇ ਮੁਹੱਬਤੀ ਰਿਸ਼ਤਿਆਂ ਦੀ ਜ਼ਾਮਨ ਹੁੰਦੀ ਸੀ 'ਖੂਹ ਦੀ ਮੌਣ'



- ਮਨਜਿੰਦਰ ਸਿੰਘ ਸਰੌਦ

ਕਿਸੇ ਸ਼ਾਇਰ ਨੇ ਦਿਲ ਦੇ ਵਲਵਲਿਆਂ ਨੂੰ ਖੂਹ ਦੀ 'ਮੌਣ' ਦੁਆਲੇ ਖੜ ਕੇ ਉਜਾਗਰ ਕਰਦਿਆਂ 'ਢਲ ਰਹੀ ਸ਼ਾਮ' ਦਾ ਬੜਾ ਸੁੰਦਰ ਨਕਸ਼ਾ ਖਿੱਚਦਿਆਂ ਆਖਿਐ;

**ਹੱਥ ਘੁੱਟ ਕੇ ਫੜ ਲਈ ਵੇ ਸੋਹਣਿਆਂ ਸਾਡੀ ਉਮਰ ਨਿਆਣੀ**
**ਸੁਣਿਐ ਅੱਜ ਮੇਲੇ ਚੋਂ ਵਿਛੜਗੇ ਦੋ ਰੂਹਾਂ ਦੇ ਹਾਣੀ**
**ਇਹ ਦਰਦ ਵਿਛੋੜੇ ਦੇ ਸਾਥੋਂ ਨਾ ਜਾਣੇ ਹੁਣ ਝੇਲੇ,**
**ਵਿਛੜੇ ਸੱਜਣਾਂ ਦੇ ਹੋਣ ਸਬੱਬੀ ਮੇਲੇ ...**

ਫਿਰ ਉਸ ਤੋਂ ਹੋਰ ਅਗਾਂਹ ਜਾਂਦਿਆਂ ਦਿਲ ਦੀ ਡੂੰਘਾਈ ਚੋਂ ਆਈ ਆਵਾਜ਼ ਨੂੰ ਆਪਣੇ ਸ਼ਬਦਾਂ ਦੀ ਮਾਲਾ ਵਿੱਚ ਪਰੋਂਦਿਆਂ ਕਿਸੇ ਸਮੇਂ ਇਨਸਾਨੀ ਮੁਹੱਬਤ ਦੀ ਗਵਾਹ ਮੰਨੀ ਜਾਂਦੀ 'ਖੂਹ ਦੀ ਮੌਣ' ਨੂੰ ਗੀਤਾਂ ਜ਼ਰੀਏ ਰੂਪਮਾਨ ਕਰਦਿਆਂ ਆਖਿਆ ਕਿ 'ਕਿੰਝ ਭੁੱਲ ਜਾਵਾਂ ਉਸ ਮੌਣ ਨੂੰ ਜਿਸ 'ਤੇ ਬੈਠ ਤੇਰੀ ਉਡੀਕ ਕਦੇ ਆਮ ਹੁੰਦੀ ਸੀ । ਕਦੇ ਸਾਡਾ ਸਮਾਜ ਖੇਤਾਂ 'ਤੇ ਪਿੰਡਾਂ ਵਿਚਲੇ ਖੂਹਾਂ ਦੀਆਂ ਮੌਣਾਂ ਨੂੰ ਇੱਕ ਪਵਿੱਤਰ ਅਤੇ ਚੰਗੀ ਥਾਂ ਮੰਨ ਕੇ ਆਪਣੀ ਜ਼ਿੰਦਗੀ ਅੰਦਰ ਇੱਕ ਵਿਸ਼ੇਸ਼ ਥਾਂ ਦਿੰਦਾ ਸੀ ਅਤੇ ਘਿਉ ਦੇ ਦੀਵੇ ਵਾਲ ਸਰਬੱਤ ਦੇ ਭਲੇ ਦੀ ਸਲਾਮਤੀ ਲਈ ਦੁਆ ਵੀ ਕੀਤੀ ਜਾਂਦੀ ਸੀ ।

ਅੱਜ ਦੀ ਨੌਜਵਾਨ ਪੀੜੀ ਖੂਹ ਦੀ ਮੌਣ ਨੂੰ ਬਿਲਕੁਲ ਭੁੱਲ ਚੁੱਕੀ ਨਜ਼ਰ ਆਉਂਦੀ ਹੈ ਇਹ ਉਹ ਮੌਣ ਹੈ ਜਿਸ 'ਤੇ ਬੈਠ ਕਦੇ ਮੁਹੱਬਤੀ ਵੇਗ ਦੀਆਂ ਬਾਤਾਂ ਪੈਂਦੀਆਂ ਸਨ ਅਤੇ ਭਾਈਚਾਰਕ ਸਾਂਝਾਂ ਵਿੱਚ ਲਪੇਟੇ ਸਮਾਜ ਦੀ ਪਿਆਸ ਨੂੰ ਇੱਕੋ ਜ਼ਰੀਏ ਬਿਨਾਂ ਕਿਸੇ ਭੇਦ-ਭਾਵ ਤੋਂ ਬੁਝਾਉਣ ਦਾ ਸਾਧਨ ਮੰਨਿਆ ਜਾਂਦਾ ਸੀ । ਖੂਹਾਂ ਦੇ ਜਾਣ ਤੋਂ ਬਾਅਦ ਮੌਣਾ ਆਪਣੇ ਆਪ ਗਾਇਬ ਹੋ ਗਈਆਂ, ਲੰਘੇ ਵੇਲੇ ਸਾਡੀਆਂ ਮਾਵਾਂ , ਭੈਣਾਂ ਪੰਜਾਬਣਾਂ ਜਦ ਘਰਾਂ ਨੂੰ ਪਾਣੀ ਲਿਆਉਣ ਦੇ ਲਈ ਕਤਾਰਾਂ ਬੰਨ ਕੇ ਖੂਹਾਂ ਦੀ ਮੌਣ ਦੁਆਲੇ ਖਲੋਂਦੀਆਂ ਸਨ ਤਾਂ ਦੀ ਕੁਦਰਤ ਵੀ ਵਿਸਮਾਦ ਅਵਸਥਾ ਵਿੱਚ ਹੋ ਕੇ ਇਨਸਾਨੀ ਰੂਹਾਂ ਵਿੱਚ ਘੁਲ-ਮਿਲ ਜਾਂਦੀ ਸੀ , ਪਰ ਸਮੇਂ ਦੀ ਮਾਰੀ ਪਲਟੀ ਨੇ ਭਾਈਚਾਰਕ ਸਾਂਝਾਂ ਨੂੰ ਤੋੜਨ ਦੇ ਨਾਲ- ਨਾਲ ਕੁਦਰਤੀ ਸੋਮਿਆਂ ਨੂੰ ਵੀ ਐਸੀ ਸੱਟ ਮਾਰੀ ਕਿ ਸਭ ਕੁਝ ਨੇਸਤੋਂ-ਨਾਬੂਦ ਹੁੰਦਾ ਚਲਿਆ ਗਿਆ । ਜੇਕਰ ਅੱਜ ਕਿਸੇ ਨੌਜਵਾਨ ਤੋਂ ਖੂਹ ਦੀ ਮੌਣ ਬਾਰੇ ਸਵਾਲ ਕਰੋ ਤਾਂ ਉਹ ਪੁੱਠਾ ਹੱਥ ਮਾਰਕੇ ਆਖਦੈ ਕਿ ਮੈਨੂੰ ਤਾਂ ਕੁਝ ਨਹੀਂ ਪਤਾ ਮੌਣ ਕੀ ਹੁੰਦੀ ਹੈ ।

ਜਿਹੜੇ ਲੋਕ ਮੌਣ ਦੀਆਂ ਰਮਜ਼ਾਂ ਤੋਂ ਚੰਗੀ ਤਰਾਂ ਜਾਣੂ ਨੇ ਉਨਾਂ ਨੂੰ ਪਤੈ ਕਿ ਮੌਣ ਦਾ ਸਾਡੇ ਸਮਾਜ ਅੰਦਰ ਕੀ ਰੁਤਬਾ ਹੁੰਦਾ ਸੀ , ਲੰਘੇ ਵੇਲਿਆਂ 'ਚ ਜਦ ਖੂਹ ਚੱਲਦੇ ਸਨ ਅਤੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਬਲਦਾਂ ਦੀਆਂ ਟੱਲੀਆਂ ਖੜਕਦੀਆਂ ਸੀ ਉਨਾਂ ਵੇਲਿਆਂ ਵਿੱਚ ਖੂਹ ਦੀ ਮੌਣ ਦੀ ਅਸਲ ਕੀਮਤ ਦਾ ਅੰਦਾਜ਼ਾ ਲੱਗਦਾ ਸੀ , ਪੰਜਾਬੀ ਗੀਤਾਂ ਅੰਦਰ ਮੌਣ ਦਾ ਜੇਕਰ ਕਿਸੇ ਤੋਂ ਲੁਕਿਆ ਨਹੀਂ ਹੈ , ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਖੂਹ ਦੀ ਮੌਣ ਦਾ ਜ਼ਿਕਰ ਕਰਨ ਨੂੰ ਆਪਣੇ ਗੀਤਾਂ ਵਿੱਚ ਬੜੀ ਵੱਡੀ ਤਰਜੀਹ ਦਿੱਤੀ ਹੈ । ਲੰਘੇ ਸਮੇਂ ਜਿਹੜੇ ਖੇਤੀਕਾਰਾਂ ਦੇ ਖੂਹਾਂ ਉੱਤੇ ਮੌਣ ਨਹੀਂ ਸੀ ਹੁੰਦੀ ਉਨਾਂ ਨੂੰ ਸਮਾਜ ਅੰਦਰ ਚੰਗੇ ਸੁਚੱਜੇ ਕਿਸਾਨ ਨਹੀਂ ਸੀ ਮੰਨਿਆ ਜਾਂਦਾ ਕਿਉਂਕਿ ਬਿਨਾਂ ਮੌਣ ਵਾਲੇ ਖੂਹ ਅੰਦਰ ਕਿਸੇ ਵੀ ਸਮੇਂ ਕੋਈ ਜੁਆਕ ਜਾਂ ਸਿਆਣਾ ਡਿੱਗ ਸਕਦਾ ਸੀ , ਖੂਹ ਦੀ ਮੌਣ ਦੇ ਉੱਤੇ ਇੱਕ ਪਾਈਪ ਨੁਮਾਂ ਸਾਫਟ ਰੱਖ ਕੇ ਬਲਦਾਂ ਜ਼ਰੀਏ ਖੂਹ ਦੀਆਂ ਟਿੰਡਾਂ ਨੂੰ ਚਲਾਉਣ ਦਾ ਸਮਾਂ ਭਾਵੇਂ ਅੱਜ ਦੂਰ ਨਿਕਲ ਚੁੱਕਿਐ ਅਤੇ ਤਰੱਕੀ ਦੇ ਨਾਂਅ 'ਤੇ ਰੱਜ ਕੇ ਪਾਣੀ ਦੇ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ ਪਰ ਉਨਾਂ ਸਮਿਆਂ 'ਚ ਖੂਹ ਦੀਆਂ ਟਿੰਡਾਂ ਜ਼ਰੀਏ ਪਾਣੀ ਕੱਢਣ ਮੌਕੇ ਮੌਣ ਨੂੰ ਨਿਆਮਤ ਮੰਨਿਆ ਜਾਂਦਾ ਸੀ । ਕੁਝ ਵੀ ਹੋਵੇ ਲੰਘੇ ਵੇਲਿਆਂ 'ਚ ਮੌਣ ਦਾ ਅਪਣਾ ਇੱਕ ਰੁਤਬਾ ਸੀ ਇੱਕ ਪਹਿਚਾਣ ਸੀ ਸਾਡੇ ਸੱਭਿਆਚਾਰ ਦਾ ਅਹਿਮ ਹਿੱਸਾ ਸੀ । ਅੱਜ ਵੀ ਯਾਦ ਕਰਦੇ ਨੇ ਉਹ ਲੋਕ ਮੌਣ ਨੂੰ, ਜਿਨਾਂ ਨੇ ਆਪਣੀ ਸੱਚੀ ਮੁਹੱਬਤ ਦੇ ਰੂਪਮਾਨ ਹੁੰਦਿਆਂ ਉਨਾਂ ਹਸੀਨ ਪਲਾਂ ਨੂੰ ਰੂਹ ਨਾਲ ਰੱਜਕੇ ਮਾਣਿਐ , ਉਨਾਂ ਭਲੇ ਵੇਲਿਆਂ ਅੰਦਰ ਕੁਦਰਤ ਦੇ ਨਿਯਮਾਂ ਵਿੱਚ ਬੱਝਾ ਇਨਸਾਨ ਉਸ ਮੌਣ ਨੂੰ ਆਪਣੇ ਪਿਆਰ ਦਾ ਜ਼ਾਮਨ ਮੰਨ ਕੇ ਝੂਠ ਤੋਂ ਕੋਹਾਂ ਦੂਰ ਸੀ ਅਤੇ ਇਨਸਾਨੀ ਰਿਸ਼ਤਿਆਂ ਅੰਦਰ ਇੱਕ ਮਿਠਾਸ ਅਤੇ ਜਜ਼ਬੇ ਭਰਪੂਰ ਜ਼ਿੰਦਗੀ ਜਿਊਣ ਦਾ ਆਲਮ ਸਦਾ ਪਾਣੀ ਦੀ ਤਰਾਂ ਵਗਦਾ ਰਹਿੰਦਾ ਸੀ ਅਤੇ ਕੋਈ ਵੀ ਮੁਹੱਬਤਾਂ ਦਾ ਵਣਜਾਰਾ ਆਪਣੇ ਪਿਆਰ ਨੂੰ ਸਹੀ ਸਲਾਮਤ ਰੱਖਣ ਦੇ ਲਈ ਇਸ ਮੌਣ ਦੀ ਸੱਚੀ , ਝੂਠੀ ਸਹੁੰ ਤੱਕ ਖਾਣ ਨੂੰ ਨਫ਼ਰਤ ਕਰਦਾ ਸੀ ਪਰ ਉਹ ਵੇਲੇ ਭਲੇ ਸਨ , ਠੀਕ ਹੈ ਸਮਾਂ ਭਾਵੇਂ ਆਪਣੀ ਚਾਲੇ ਚੱਲਦਾ ਹੋਇਆ ਬਹੁਤ ਅੱਗੇ ਲੰਘ ਚੁੱਕਿਐ ਪਰ ਸਾਨੂੰ ਸਮੇਂ ਦੀ ਚਕਾਚੌਂਧ ਦੀ ਹਨੇਰੀ ਵਿੱਚ ਸਾਡੀ ਧਰੋਹਰ ਦੇ ਕੁਝ ਛੁਪੇ ਅੰਗਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ । ਬਿਨਾਂ ਸ਼ੱਕ ਮੌਣ ਸਮੇਤ ਅਜਿਹੀਆਂ ਕੁਝ ਹੋਰ ਧਰੋਹਰਾਂ ਦੇ ਰੂਪ ਅਲੋਪ ਹੋ ਰਹੀਆਂ ਸਾਡੀਆਂ 'ਖ਼ਾਸ ਨਿਸ਼ਾਨੀਆਂ' ਪ੍ਰਤੀ ਆਪਣੇ ਬੱਚਿਆਂ ਨੂੰ ਦੱਸਣਾ ਸਾਡੀ ਜ਼ਿੰਮੇਵਾਰੀ ਬਣਦੀ ਹੈ ।

## ਸ਼ਹੀਦੀ ਦਿਹਾੜੇ ਤੇ ਵਿਸ਼ੇਸ਼

# ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲੂਆ



- ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਤੰਦਰੁਸਤ ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫ਼ਲ ਪ੍ਰਬੰਧਕ, ਦੂਰ ਅੰਦੇਸ਼ੀ, ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿਚ ਗੁੱਜਰਾਂਵਾਲੇ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁੱਕਰ ਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਆਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜਾਈ ਅਤੇ ਸ਼ਸਤਰ ਵਿਦਿਆ ਦਾ ਪ੍ਰਬੰਧ ਕੀਤਾ। ਆਪ ਗੁਰਮੁਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਜੀ ਵਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸਤਰ ਵਿਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ. ਦੇ ਸ਼ਾਹੀ ਦਰਬਾਰ ਵਿਚ ਹਰੀ ਸਿੰਘ ਨੇ ਸ਼ਸਤਰ ਵਿਦਿਆ ਦੇ ਜੌਹਰ ਵਿਖਾਏ। ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ ਤੇ ਟੁੱਟ ਪਿਆ। ਫੁਰਤੀ ਨਾਲ ਸ਼ੇਰ ਦੇ ਜੁਬਾੜੇ ਚੀਰਦਿਆਂ ਧਰਤੀ ਤੇ ਵਗਾਹ ਮਾਰਿਆ ਤੇ ਤਲਵਾਰ ਨਾਲ ਉਸ ਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ, ਨਾਲ ਹੀ ਨਾਉਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆਂ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ। ਫਰਵਰੀ 18, 1807 ਨੂੰ ਕਿਲੇ ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰਦਿਲ ਸੈਨਾ ਨੇ ਨਵਾਬ ਅਤੇ 200 ਸਿਪਾਹੀਆਂ ਨੂੰ ਗ੍ਰਿਫ਼ਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜਾ ਨੇ ਬੀਰਤ ਤੋਂ ਖੁਸ਼ ਹੋ ਕੇ 30000 ਸਾਲਾਨਾ ਦੀ ਜਗੀਰ ਦੇ ਦਿੱਤੀ।

25 ਜਨਵਰੀ, 1810 ਨੂੰ ਨਵਾਬ ਮੁਜ਼ਫ਼ਰ ਖਾਨ ਨੇ ਮੁਲਤਾਨ ਤੇ ਚੜਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਾਰੂਦ ਨਾਲ ਉਡਾਉਣ ਦਾ ਹੁਕਮ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖ਼ਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜਾਈ ਕਰ ਗਏ। ਖ਼ਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਸੁੱਟੇ। ਪਠਾਣਾਂ ਨੇ ਵੀ ਡਟ ਕੇ ਮੁਕਾਬਲਾ ਕੀਤਾ ਪਰ ਖ਼ਾਲਸੇ ਅੱਗੇ ਟਿਕ ਨਾ ਸਕੇ। ਨਵਾਬ ਮੁਜ਼ਫ਼ਰ ਖਾਂ ਸ਼ਰਨ ਵਿਚ ਆ ਗਿਆ। ਇਸ ਬਹਾਦਰੀ ਤੇ ਜਗੀਰ ਵਿਚ 20000 ਸਾਲਾਨਾ ਹੋਰ ਵਾਧਾ ਕੀਤਾ ਗਿਆ।



ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦੇ ਕਿਲੇਦਾਰ ਜਹਾਨ ਖਾਂ ਸੀ। ਉਸ ਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਨੂੰ ਕਸ਼ਮੀਰ ਦੇ ਗਵਰਨਰ ਅਤੇ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬੁਲ ਤੋਂ ਵਜ਼ੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸ ਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗਾ। ਉਦੋਂ ਹੀ ਸ਼ਾਹ ਸੁਜਾਤ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਕਿ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹਿਨੂਰ ਹੀਰਾ ਦੇਵੇਗੀ। ਮਹਾਰਾਜਾ ਨੇ ਸਥਿਤ ਤੇ ਗੌਰ ਕਰਦਿਆਂ, ਖ਼ਾਲਸਾ ਫੌਜ ਨੂੰ ਕਸ਼ਮੀਰ ਤੇ ਚੜਾਈ ਕਰਨ ਦਾ ਹੁਕਮ ਦੇ ਦਿੱਤਾ।

ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ ਪਰ ਟਿਕ ਨਾ ਸਕਿਆ। ਖ਼ਾਲਸੇ ਨੇ ਸ਼ੇਰਗੜੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜੀਰ ਫਤਿਹ ਖਾਂ ਕੋਲੋਂ ਲੁੱਟ ਦਾ ਅੱਧ ਅਤੇ 9 ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖ਼ਾਲਸਾ ਫੌਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸ ਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹਿਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਦੇਖ ਕੇ ਅਟਕ ਦੇ ਕਿਲੇਦਾਰ ਜਹਾਂ ਦਾਦ ਨੇ ਬਾਰਕਜ਼ਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸ ਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬੁਲ ਤੋਂ ਵਜ਼ੀਰ ਫਤਹਿ ਖਾਂ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜਾਈ ਕਰ ਦਿੱਤੀ। ਸ. ਨਲੂਆ ਨੇ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖ਼ੂਨੀ ਝੜਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ ਉਸ ਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖ਼ਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਰਜੌੜੀ ਤੇ ਭਿੰਬਰ ਦੇ ਕਿਲਿਆ ਨੂੰ ਜਿੱਤਿਆ। ਉਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਅਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤਾ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਹਿ ਕਰਕੇ ਨਜ਼ਰਾਨੇ ਉਗਰਾਹੇ। ਇਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜੇ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ। ਜਿੱਥੇ ਉਸ ਨੇ ਇਕ ਕਿਲਾ ਅਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜਰੀ ਦਰਵਾਜੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖ਼ਲ ਹੋਏ। ਮੁਲਤਾਨ ਦਾ ਨਵਾਬ ਮੁਜਫ਼ਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰਾਂ ਖਾਲਸਾ ਰਾਜ ਹੇਠ ਆ ਗਿਆ।

3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖ਼ਾਲਸੇ ਦੀ ਜਿੱਤ ਹੋਈ। ਨਵੰਬਰ 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤੁਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖ਼ਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘ ਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜਫ਼ਰਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇਦਰਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖ਼ਾਲਸੇ ਨੇ ਚੜਾਈ ਕਰ ਦਿੱਤੀ। 30000 ਦੀ ਫੌਜ ਤੇ ਖ਼ਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰ ਦੇ ਮੈਦਾਨ ਵਿਚ ਬੇਮਿਸਾਲ ਫਤਹਿ ਪਾਈ। ਸੰਨ 1834 ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖ਼ਾਲਸਾ ਰਾਜ ਵਿਚ ਨਹੀਂ ਆ ਜਾਂਦੇ ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫ਼ਗਾਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ। ਸ. ਨਲੂਆ ਅਤੇ ਕੰਵਰ ਨੌ ਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 276, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖ਼ਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖ਼ਾਲਸਾ ਫੌਜ ਰੋਕਣ ਲਈ ਚਮਕਣੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖ਼ਾਲਸਾ ਫੌਜ ਪਹੁੰਚਣ ਤੇ ਭਿਆਨਕ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਲ ਜ਼ਖਮੀ ਹੋ ਗਿਆ। ਅਫ਼ਗਾਨ ਡਟ ਕੇ ਲੜੇ ਪਰ ਖਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖ਼ਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜਾ ਹੋ ਗਿਆ। ਖ਼ਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ, ਮੁਸਲਮਾਨਾਂ ਨੂੰ ਬਾਰਕਜ਼ਈਆਂ ਹੱਥੋਂ ਛੁਟਕਾਰਾ ਮਿਲਿਆ ਜੋ ਉਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ. ਨਲੂਆ ਨੇ ਜਮਰੌਦ ਉਪਰ ਹਮਲਾ ਕੀਤਾ। ਅਫ਼ਗਾਨ ਨੂੰ ਭਾਜੜ ਪਾ ਦਿੱਤੀ। ਅਫ਼ਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ, ਪਰ ਸ. ਨਿਸ਼ਾਨ ਸਿੰਘ ਪੰਜਹੱਥ ਦਰੇ ਦੇ ਅੰਦਰ ਚਲਾ ਗਿਆ। ਸ. ਨਲੂਆ ਨੇ ਉਸ ਨੂੰ ਜਾਂਦੇ ਵੇਖਿਆ। ਸਿੰਘ ਉਸ ਨੂੰ ਬੁਲਾਉਣ ਲਈ ਗੁਫ਼ਾ ਵੱਲ ਵਧੇ। ਸ. ਅਜਾਇਬ ਸਿੰਘ ਗੁਫ਼ਾ ਵੱਲ ਵਧਿਆ ਤਾਂ ਛੁਪੇ ਹੋਏ ਅਫ਼ਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫ਼ਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ। ਖ਼ਾਲਸਾ ਫੌਜ ਪਹੁੰਚੀ ਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ। ਪਰ ਸ. ਨਲੂਆ ਤਾਂ ਜ਼ਖ਼ਮੀ ਹੋ ਚੁੱਕੇ ਸਨ। ਸ. ਨਲੂਆ ਨੇ ਜ਼ਖ਼ਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਂਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖ਼ਾਲਸੇ ਦੀ ਇੱਜਤ ਅਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤੱਕ ਡਟੇ ਰਹਿਣ ਦੀ ਪ੍ਰੇਰਨਾ ਦਿੱਤਾ। ਮੇਰੀ ਮੌਤ ਦੀ ਖ਼ਬਰ ਗੁਪਤ ਰੱਖਣੀ ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸ ਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖ਼ਾਲਸੇ ਨੂੰ ਅਰਪਣ ਕਰ ਦਿੱਤਾ।

ਸ. ਹਰੀ ਸਿੰਘ ਨਲੂਆ ਦੀ ਬਹਾਦਰੀ ਦੀ ਚਰਚਾ ਵਿਚ-ਸੰਸਾਰ ਵਿਚ ਮਹਾਨ ਜਰਨੈਲਾਂ, ਯੋਧਿਆਂ ਨੂੰ ਯਾਦ ਕੀਤਾ ਜਾਂਦ ਹੈ। ਪਰ ਉਨਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖ਼ਬਾਰ TiT Bits ਨੇ ਦੁਨੀਆ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ। ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਚਨਰ, ਜਨਰਲ ਕਰੋਬਜ਼ੇ, ਡਯੂਕ ਵਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ ਖਾਨ, ਰਿਚਰਡ ਤੇ ਅਲਾਉਦੀਨ। ਪਰ ਉੱਤਰੀ ਭਾਰਤ ਵਿਚ ਸਰਦਾਰ ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖ਼ਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ।

ਇਸ ਤੋਂ ਵੀ ਅੱਗੇ-ਪਠਾਣ ਜਿਨਾਂ ਨੇ ਪਿਸ਼ੌਰ ਤੇ ਅੱਜ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜਤ ਤੇ ਦੌਲਤ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪ੍ਰਛਾਵੇ ਤੋਂ ਡਰਦੇ ਸਨ। ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹਾ ਸਿੱਕਾ ਬਿਠਾ ਦਿੱਤਾ ਕਿ ਪਠਾਣ ਸਰਦਾਰ ਨਲੂਆ ਦਾ ਨਾਉਂ ਸੁਣ ਕੇ ਕੰਬਣ ਲੱਗ ਪੈਂਦੇ। ਪਠਾਣੀਆਂ ਬੱਚਿਆਂ ਨੂੰ ਜੋ ਰੋਣਾ ਬੰਦ ਨਾ ਕਰਦੇ ਤਾ ਇਹ ਕਹਿ ਕੇ ਚੁੱਪ ਕਰਾਉਂਦੀਆਂ 'ਚੁੱਪ ਸ਼ਾ ਬੱਚਿਆ! ਹਰੀਆ ਰਾਗਲੈ।' ਅਰਥਾਤ ਪੁੱਤਰਾ ਚੁਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਉਂ ਸੁਣ ਕੇ ਚੁਪ ਕਰ ਜਾਂਦੇ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

## ਕਾਂਡ 14

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਵੈਸੇ ਤਾਂ ਜੇਲ੍ਹ ਨਵੇਂ ਗਏ ਕੈਦੀ ਲਈ ਓਪਰੀ ਓਪਰੀ ਹੁੰਦੀ ਹੈ ਪਰ ਇਹਨਾਂ ਵਾਸਤੇ ਸਪੈਸ਼ਲ ਜੇਲ੍ਹ ਸੀ। ਕਿਉਂਕਿ ਫੌਜ ਵਿੱਚੋਂ ਸ਼ਾਹੀ ਨੌਕਰੀ ਛੱਡ ਕੇ ਆਏ ਸਨ। ਦਿਲ ਵਿੱਚ ਬਹੁਤ ਅਫਸੋਸ ਸੀ ਕਿ ਅਸੀਂ ਕੀ ਕੀਤਾ ? ਪਰ ਇੱਕ ਇਹ ਗੱਲ ਸੋਚ ਕੇ ਦਿਲ ਨੂੰ ਧਰਵਾਸ ਹੋ ਜਾਂਦਾ ਕਿ ਜੇ ਅਸੀਂ ਨਾ ਭੱਜਦੇ ਦੇਸ਼ ਦੀ ਹਕੂਮਤ ਨੇ ਸਮਝਣਾ ਸੀ ਕਿ ਇਹ ਐਵੇਂ ਹੀ ਗੁਰੂ ਗ੍ਰੰਥ ਸਾਹਿਬ ਦੀਆਂ ਕਸਮਾਂ ਖਾਣ ਵਾਲੇ ਹਨ, ਕਰਨ ਜੋਗੇ ਕੁਛ ਨਹੀਂ ਅਤੇ ਫੌਜੀਆਂ ਨੂੰ ਭਗੌੜੇ ਹੋਏ ਦੇਖ ਕੇ ਦੇਸ਼ ਦਾ ਸਾਰਾ ਮੰਤਰੀ ਮੰਡਲ ਵੀ ਹਿੱਲ ਗਿਆ ਤੇ ਲੋਕ ਚਰਚਾ ਦੇ ਮੁਤਾਬਿਕ ਸਿੱਖਾਂ ਨੂੰ ਖਤਮ ਕਰਨ ਦੀ ਸਕੀਮ ਵੀ ਬਦਲ ਦਿੱਤੀ ਪਰ ਜ਼ਾਹਰ ਨਹੀਂ ਕੀਤਾ। ਇਹ ਸਾਰੇ ਕੈਦੀ ਚਾਰ-ਚਾਰ ਜਾਂ ਪੰਜ-ਪੰਜ ਦੇ ਗਰੁੱਪਾਂ ਵਿੱਚ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤੇ ਅਤੇ ਤੰਗ ਕਰਨ ਵਾਸਤੇ ਪੰਜਾਬ ਵਿੱਚ ਨਹੀਂ ਸਗੋਂ ਪੰਜਾਬ ਤੋਂ ਦੂਰ ਯੂ ਪੀ ਆਂਧਰਾ ਪ੍ਰਦੇਸ਼ ਤੇ ਹੋਰ ਦੂਰ ਦੁਰਾਡੇ ਜੇਲ੍ਹਾਂ ਵਿੱਚ ਡੱਕ ਦਿੱਤੇ ਤਾਂ ਕਿ ਕੋਈ ਘਰ ਦਾ ਬੰਦਾ ਮੁਲਾਕਾਤ ਵਾਸਤੇ ਨਾ ਆ ਸਕੇ! ਚਾਰ ਮਹੀਨੇ ਬਾਅਦ ਬਦਲੀਆਂ ਕਰਦੇ ਰਹਿੰਦੇ ਕਿ ਕੋਈ ਮੁਲਾਕਾਤ ਵਾਸਤੇ ਆਵੇ ਤਾਂ ਉਹ ਵਾਪਸ ਚਲਿਆ ਜਾਵੇ! ਕਈ ਵਾਰ ਕੋਈ ਘਰਦਾ ਮੁਲਾਕਾਤ ਵਾਸਤੇ ਆਉਂਦਾ ਤਾਂ ਕੈਦੀ ਦੀ ਬਦਲੀ ਹੋਈ ਹੁੰਦੀ! ਕਈ ਵਾਰ ਕੈਦੀ ਹੁੰਦਿਆਂ ਹੋਇਆਂ ਝੂਠ ਬੋਲ ਦਿੰਦੇ ਕਿ ਉਹ ਇਸ ਜੇਲ੍ਹ ਵਿੱਚ ਨਹੀਂ। ਕਈ ਵਾਰ ਤਾਂ ਮੁਲਾਕਾਤ ਕਰਨ ਵਲਿਆਂ ਨੂੰ ਜੇਲ੍ਹ ਦੇ ਬਾਹਰ ਸਾਰਾ ਦਿਨ ਖੜ੍ਹਾ ਰੱਖਦੇ ਅਤੇ ਸਿਰਫ ਚਾਰ ਪੰਜ ਮਿੰਟ ਦਾ ਮੁਲਾਕਾਤ ਵਾਸਤੇ ਟਾਈਮ ਦਿੰਦੇ ਅਤੇ ਮੁਲਾਕਾਤ ਵਾਲਿਆਂ ਨੂੰ ਬਹੁਤ ਬੁਰਾ ਲੱਗਦਾ। ਮੁਲਾਕਾਤ ਕਰਨ ਵਾਸਤੇ ਗਜ ਗਜ ਦੇ ਫਾਸਲੇ ਤੇ ਕੰਡਿਆਂ ਵਾਲੀਆਂ ਤਾਰਾ ਲਾਈਆਂ ਸਨ। ਦੋਹੀਂ ਪਾਸੀ ਖੜ੍ਹੇ ਹੋਕੇ ਮੁਲਾਕਾਤ ਕਰਕੇ ਗੱਲਬਾਤ ਕਰਦੇ ਸਨ। ਬਹੁਤ ਰੌਲਾ ਪੈਂਦਾ ਹੁੰਦਾ ਸੀ। ਕਈ ਵਾਰ ਤਾਂ ਇੱਕ ਦੂਜੇ ਦੀ ਗੱਲ ਸਮਝ ਵਿੱਚ ਨਹੀਂ ਸੀ ਆਉਂਦੀ। ਇੱਕ ਛੱਬੀ ਸਤਾਈ ਸਾਲ ਦੀ ਕੁੜੀ ਦੇ ਕੁਛੜ ਬੱਚਾ ਚੁਕਿਆ ਸੀ ਉਹ ਬਹੁਤ ਰੋ ਰਹੀ ਸੀ ਸਾਰੇ ਚੁੱਪ ਹੋ ਗਏ ਤਾਪਸ ਵਿੱਚਦੀ ਗੱਲਾਂ ਕਰਨੀਆਂ ਛੱਡਕੇ ਉਹਨ ਦਾ ਧਿਆਨ ਤੀਹ ਕੁ ਸਾਲ ਦੇ ਧਰਮੀ ਫੌਜੀ ਤੇ ਕੁੜੀ ਵੱਲ ਧਿਆਨ ਹੋ ਗਿਆ। ਕੁੜੀ ਰੋ ਰੋ ਕੇ ਆਖ ਰਹੀ ਸੀ-

'ਤੂੰ ਤਾਂ ਬੈਠ ਗਿਆ ਅੰਦਰ! ਮੇਰੇ ਕੋਲ ਤਾਂ ਪਾਣੀ ਵੀ ਨਈਂ, ਆਹ ਜੁਆਕ ਨੂੰ ਕਿੱਥੋਂ ਦੁੱਧ ਪਿਆਵਾਂ ਮੇਰੇ ਕੋਲ ਤਾਂ ਸੱਤਾਂ ਚੁੱਲ੍ਹਿਆਂ ਦੀ ਸਵਾਹ ਵੀ ਨਹੀਂ' ਕੁੜੀ ਨੇ ਚੀਕਾਂ ਮਾਰਕੇ ਕਿਹਾ ਤੇ ਬੱਚਾ ਖੁਦੋ ਵਾਂਗੂੰ ਚਲਾ ਕੇ ਆਪਣੇ ਪਤੀ ਵੱਲ ਸਿੱਟ ਦਿੱਤਾ ਪਰ ਰੱਬ ਦੀ ਕਰਾਮਾਤ ਹੋਈ ਕਿ ਬੱਚਾ ਸੰਤਰੀ ਨੇ ਬੱਚਾ ਨੇ ਬੁੱਚ ਲਿਆ ਅਫਸਰ ਵੀ ਭੱਜੇ ਭੱਜੇ ਆਏ ਤੇ ਬੱਚਾ ਕੁੜੀ ਨੂੰ ਦੇ ਦਿੱਤਾ ਮੁਲਾਕਾਤ ਦਾ ਵਕਤ ਖਤਮ ਹੋ ਗਿਆ! ਸਾਰੇ ਮੁਲਤਕਾਤੀ ਪਿੱਛੇ ਮੁੜਕੇ ਦੇਖਕੇ ਤੇ ਡੁਸਕਦੇ ਹੋਏ ਵਾਪਸ ਚਲੇ ਗਏ। ਬੱਚੇ ਦਾ ਬਾਪ ਜਾਂਦੀ ਹੋਈ ਆਪਣੀ ਪਤਨੀ ਨੂੰ ਦੇਖ ਰਿਹਾ ਸੀ ਬੱਚਾ ਗੋਦੀ ਵਿੱਚੋਂ ਲਮਕ ਰਿਹਾ ਸੀ। ਚਿੱਠੀਆਂ ਰਾਹੀਂ ਸਾਰੇ ਕੈਦੀਆਂ ਨੇ ਨੈੱਟਵਰਕ ਬਣਾ ਲਿਆ। ਕੇਵਲ ਨੇ ਵੀ ਚਿੱਠੀ ਪਾ ਦਿੱਤੀ, ਡਾਕੀਆ ਚਿੱਠੀ ਲੈ ਕੇ ਕੁਲਵੰਤ ਨੂੰ ਫੜਾ ਆਇਆ ਕੁਲਵੰਤ ਤਿੰਨ ਚਾਰ ਮਹੀਨੇ ਤੋਂ ਚਿੱਠੀ ਉਡੀਕ ਰਹੀ ਸੀ। ਚਿੱਠੀ ਦੇਖਕੇ ਸਾਰੇ ਖੁਸ਼ ਹੋ ਗਏ ਚਿੱਠੀ ਇਓਂ ਸੀ-

'ਮਾਈ ਡੀਅਰ ਵਾਈਫ ਕੁਲਵੰਤ ਸਤਿ ਸ੍ਰੀ ਅਕਾਲ। ਮੈਨੂੰ ਬਹੁਤ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਹਰਮੰਦਰ ਸਾਹਿਬ ਤੇ ਹੋਏ ਹਮਲੇ ਤੋਂ ਬਾਅਦ ਸਾਡੇ ਕੋਲੋਂ ਰਿਹਾ ਨਹੀਂ ਗਿਆ ਅਸੀਂ ਬਗਾਵਤ ਕਰ ਕੇ ਅੰਬਰਸਰ ਵੱਲ ਵਹੀਰਾਂ ਘੱਤ ਦਿੱਤੀਆਂ ਪਰ ਰਾਹ ਵਿੱਚ ਫੜੇ ਗਏ! ਕੁਛ ਮੇਰੇ ਸਾਥੀ ਸ਼ਹੀਦੀਆਂ ਪਾ ਗਏ ਪਰ ਮੈਨੂੰ ਸ਼ਹੀਦੀ ਨਸੀਬ ਨਹੀਂ ਹੋਈ! ਪਤਾ ਨਹੀਂ ਚੰਗਾ ਹੋਇਆ ਕਿ ਮਾੜਾ ਹੁਣ ਮੈਂ ਤੇ ਮੇਰੇ ਚਾਰ ਸਾਥੀ ਗਵਾਲੀਅਰ ਜੇਲ੍ਹ ਵਿੱਚ ਹਾਂ। ਸਾਡੇ ਤੇ ਕੇਸ ਚੱਲਿਆ ਸਾਨੂੰ ਕੋਈ ਘਰ ਚਿੱਠੀ ਨਹੀਂ ਪਾਉਣ ਦਿੱਤੀ। ਅਸੀਂ ਬੇਕਸੂਰ ਹੁੰਦੇ ਹੋਏ ਵੀ ਸਾਨੂੰ ਪਾਪੀਆਂ ਨੇ 10-10 ਸਾਲ ਦੀ ਸਜ਼ਾ ਦੇ ਦਿੱਤੀ। ਪਹਿਲਾਂ ਤਾਂ ਸਾਨੂੰ ਛੇ ਛੇ ਮ੍ਹੀਨੇ ਘਰ ਨੂੰ ਚਿੱਠੀ ਹੀ ਨਹੀਂ ਪਾਉਣ ਦਿੱਤੀ। ਹੁਣ ਵੀ ਮੈਂ ਆਪਣੇ ਆਪ ਨੂੰ ਬਹੁਤ ਰੋਕਿਆ ਕਿ ਘਰ ਨਾ ਦੱਸਾਂ ਫਿਕਰ ਕਰਨਗੇ ਪਰ ਹੁਣ ਦੱਸਣਾ ਪਿਆ ਕਿਉਂਕਿ 10 ਸਾਲ ਤੱਕ ਮੈਂ ਝੂਠ ਨਹੀਂ ਬੋਲ ਸਕਦਾ ਤੇ ਨਾ ਹੀ ਇਸ ਗੱਲ ਨੂੰ ਛੁਪਾ ਕੇ ਰੱਖ ਸਕਦਾ ਹਾਂ। ਮੇਰਾ ਕੋਈ ਫ਼ਿਕਰ ਨਹੀਂ ਕਰਨਾ ਜਿਵੇਂ ਕਿਸੇ ਨੇ ਕਿਹਾ ਹੈ-

'ਲਿਖੀਆਂ ਲੇਖ ਦੀਆਂ ਭੋਗ ਲਾ ਮਨਾ ਚਿੱਤ ਲਾ ਕੇ' ਮੈਂ ਸਮੇਂ ਤੇ ਜਾਣਕਾਰੀ ਦਿੰਦਾ ਰਹੂੰਗਾ। ਮਾਂ ਬਾਪ ਦੇ ਪੈਰੀ ਪੈਣਾ! ਭਰਾਵਾਂ ਨੂੰ ਸਤਿ ਸ੍ਰੀ ਅਕਾਲ! ਪਾਲੀ ਭੈਣ ਨੂੰ ਪਿਆਰ।

ਕੇਵਲ ਸਿੰਘ

ਚਿੱਠੀ ਪੜਕੇ ਸਾਰਾ ਟੱਬਰ ਫ਼ਿਕਰਾਂ ਵਿੱਚ ਪੈ ਗਿਆ। ਲੈਣ ਨੂੰ ਫਿਰਦੇ ਸੀ ਟ੍ਰੈਕਟਰ ਪਰ ਹੁਣ ਤਾਂ ਸ਼ਾਇਦ ਬਲਦ ਵੇਚਣੇ ਪੈਣ! ਚਿੱਠੀ ਪੜ੍ਹ ਕੇ ਕੁਲਵੰਤ ਮੰਜੇ ਤੇ ਡਿੱਗ ਪਈ। ਡਿੱਗਣਾ ਹੀ ਸੀ ਕਿਉਂਕਿ ਇਸ ਵਾਰ ਕੇਵਲ ਨੇ ਵਾਅਦਾ ਕੀਤਾ ਸੀ ਕਿ ਮੈਂ ਇਸ ਸਾਲ ਤੈਨੂੰ ਬੰਬੇ ਲੈ ਕੇ ਜਾਊਂਗਾ ਅਤੇ ਬੀਚਾਂ ਤੇ ਘੁੰਮਾਊਂਗਾ ਨਾਲੇ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਵਾਊਂਗਾ। ਕੁਲਵੰਤ ਬੰਬਈ ਦੀਆਂ ਤਿਆਰੀਆਂ ਖਿੱਚੀ ਫਿਰਦੀ ਸੀ ਪਰ ਹੁਣ ਮੋਗੇ ਜਾਣਾ ਵੀ ਮਹਿੰਗਾ ਸੀ! ਸੋਚ ਸੋਚ ਕੇ ਬੀਮਾਰ ਹੋ ਗਈ। ਸ਼ਹਿਰ ਡਾਕਟਰਾਂ ਕੋਲ ਗਏ ਜੋ ਕਿ ਸਾਰੇ ਪੈਸੇ ਠੱਗਣ ਵਾਲੇ ਸਨ। ਆਖਰ ਪਿੰਡ ਦਾ ਝੋਲਾ ਛਾਪ ਡਾਕਟਰ ਦੁਆ ਦਾਰੂ ਕਰਦਾ ਸੀ ਪਰ ਆਰਾਮ ਨਹੀਂ ਸੀ ਆ ਰਿਹਾ। ਕੁਲਵੰਤ ਬੈਠਕ ਵਿੱਚ ਮੰਜੇ ਤੇ ਪਈ ਸੀ। ਜੈਕੁਰ ਕਣਕ ਆਟੇ ਵਾਸਤੇ ਛੱਜ ਵਿੱਚ ਪਾ ਕੇ ਛਟ ਰਹੀ ਸੀ। ਕਣਕ ਵਿੱਚ ਸੁੱਸਰੀ ਪੈਣ ਤੋਂ ਸਲਫਾਸ ਦੀਆਂ ਗੋਲੀਆਂ ਪਾਈਆਂ ਸਨ। ਸਲਫਾਸ ਦੀਆ ਗੋਲੀਆਂ ਕਣਕ ਵਿੱਚੋਂ ਕੱਢ ਕੇ ਜੈਕੁਰ ਨੇ ਬਾਰੀ ਵਿੱਚ ਰੱਖ ਦਿੱਤੀਆਂ। ਸਾਰਾ ਪੀਹਣ ਛੱਟ ਕੇ ਬੋਰੀ ਵਿੱਚ ਪਾ ਦਿੱਤਾ। ਤਾਰੇ ਨੇ ਖੇਤੋਂ ਆ ਕੇ ਬੋਰੀ ਸਾਈਕਲ ਤੇ ਰੱਖੀ ਤੇ ਚੱਕੀ 'ਤੇ ਰੱਖ ਆਇਆ। ਰਾਤ ਪੈ ਗਈ ਰਾਤ ਨੂੰ ਫਿਰ ਝੋਲਾ ਛਾਪ ਡਾਕਟਰ ਆਇਆ ਥਰਮਾਮੀਟਰ ਲਾ ਕੇ ਚੈਕ ਕੀਤਾ ਤਾਪ ਸੀ। ਉਸ ਨੇ ਕੁਝ ਵਿਟਾਮਨ, ਕੁਝ ਗੋਲੀਆਂ ਤਾਕਤ ਤੇ ਤਾਪ ਦੀਆਂ ਦੇ ਦਿੱਤੀਆਂ ਇੱਕ ਟੀਕਾ ਲਾ ਕੇ ਗੋਲੀਆਂ ਬਾਰੀ ਵਿੱਚ ਰੱਖ ਕੇ ਚਲਾ ਗਿਆ। ਜੈਕੁਰ ਰੋਟੀ ਟੁੱਕ ਕਰ ਰਹੀ ਸੀ ਕਿਉਂਕਿ ਕੁਲਵੰਤ ਬੀਮਾਰ ਸੀ। ਰੋਟੀ ਟੁੱਕ ਕਰ ਕੇ ਦੁੱਧ ਗਰਮ ਕਰਕੇ ਕੁਲਵੰਤ ਵਾਸਤੇ ਲੈ ਆਈ।

'ਲੈ ਪੁੱਤ ਦੁੱਧ ਪੀ ਲੈ ਸਵੇਰ ਦਾ ਤੂੰ ਕੁਛ ਖਾਧਾ ਪੀਤਾ ਨੀ' ਜੈਕੁਰ ਨੇ ਗਲਾਸ ਸਟੂਲ ਤੇ ਰੱਖ ਦਿੱਤਾ। ਕੁਲਵੰਤ ਵੀ ਬੈਠ ਗਈ ਉੱਧਰੋਂ ਬਿਜਲੀ ਚਲੀ ਗਈ।

'ਏਹ ਜੈ ਖਾਣੇ ਦੇ ਬਿਜਲੀ ਵਾਲੇ ਵੀ ਰੋਟੀ ਵੇਲੇ ਬੰਦ ਕਰਨ ਗੇ' ਜੈਕੁਰ ਨੇ ਕਿਹਾ।

'ਬੇਜੀ ਮੋਮਬੱਤੀ ਹੋਣੀ ਆ ਉਹ ਜਗਾ ਲੋ' ਕੁਲਵੰਤ ਨੇ ਮਰੀ ਜਿਹੀ ਆਵਾਜ਼ ਵਿੱਚ ਕਿਹਾ। ਉਹ ਮੋਮਬੱਤੀ ਭਾਲਣ ਲੱਗ ਪਈ ਪਰ ਮੋਮਬੱਤੀ ਨਹੀਂ ਮਿਲੀ।

'ਹੈਨੀ ਮੋਬੱਤੀ ਚੱਲ ਮੋਬੱਤੀ ਨੂੰ ਕੀ ਆ ਦੁੱਧ ਨਾਲ ਗੋਲੀਆਂ ਲੈ ਲਾ ਗੋਲੀਆਂ ਕਿੱਥੇ ਆ' ਆਖ ਕੇ ਜੈਕੁਰ ਨੇ ਪੁੱਛਿਆ।

'ਬੇਜੀ ਬਾਰੀ ਵਿੱਚ ਆ' ਕੁਲਵੰਤ ਨੇ ਕਿਹਾ ਤਾਂ ਜੈਕੁਰ ਨੇ ਬਾਰੀ ਵਿੱਚ ਹੱਥ ਪੱਲਾ ਮਾਰੇ ਗੋਲੀਆਂ ਭਾਲੀਆਂ।

'ਲੈ ਪੁੱਤ ਖਾ ਲਾ' ਜੈਕੁਰ ਨੇ ਕੁਲਵੰਤ ਦੇ ਹੱਥ ਤੇ ਇੱਕ ਗੋਲੀ ਰੱਖ ਦਿੱਤੀ ਉੱਸਨੇ ਫੱਕਾ ਮਾਰਕੇ ਅੰਦਰ ਸਿੱਟੀ ਤੇ ਦੁੱਧ ਦੀ ਘੁੱਟ ਭਰ ਲਈ।

'ਹਾਏ ਨੀ ਮਾਂ ਮਰਗੀ' ਆਖਕੇ ਕੁਲਵੰਤ ਮੰਜੇ ਤੇ ਮੱਛੀ ਵਾਂਗੂੰ ਤੜਫਣ ਲੱਗ ਪਈ ਜੈਕੁਰ ਦੇ ਭਾਅ ਦੀ ਬਣ ਗਈ। ਘਰੇ ਕੋਈ ਨਹੀਂ ਸੀ। ਜੈਕੁਰ ਭੱਜ ਕੇ ਬਾਹਰ ਜਾ ਕੇ ਰੌਲਾ ਪਾਉਣ ਲੱਗ ਪਈ-

'ਆਓ ਵੇ. . . . ਮੇਰੀ ਨੂੰਹ ਨੂੰ ਕੀ ਹੋ ਗਿਆ ਆਓ ਵੇ ਕੋਈ ਸੁਣਦਾ ਤਾਂ' ਘਰੇ ਕੋਈ ਨਾ ਹੋਣ ਕਰਕੇ ਜੈਕੁਰ ਨੇ ਆਵਦੇ ਬਾਰ ਵਿੱਚ ਆ ਕੇ ਹੋਕਾ ਦਿੱਤਾ ਆਂਢ ਗੁਆਂਢ ਭੱਜਾ ਆਇਆ। ਆ ਕੇ ਦੇਖਿਆ ਕੁਲਵੰਤ ਨਿਢਾਲ ਮੰਜੇ ਤੇ ਪਈ ਸੀ ਸਾਹ ਚੱਲ ਰਿਹਾ ਸੀ।

'ਜਾਹ ਮੈਬਰਾਂ ਤੂੰ ਆਵਦੀ ਜੀਪ ਲਿਆ' ਸਰਪੰਚ ਨੇ ਮੈਂਬਰ ਨੂੰ ਕਿਹਾ ਉਸਨੇ ਆਵਦੇ ਮੁੰਡੇ ਨੂੰ ਕਿਹਾ ਪੰਜਾਂ ਮਿੰਟਾਂ ਬਾਅਦ ਜੀਪ ਆ ਗਈ।

'ਚੱਕੋ ਚੱਕੋ ਰੱਖੋ ਜੀਪ 'ਚ' ਸਰਪੰਚ ਨੇ ਕਿਹਾ ਛੇਤੀ ਕੁਲਵੰਤ ਨੂੰ ਜੀਪ ਵਿੱਚ ਰੱਖ ਕੇ ਮੋਗੇ ਗਰਗ ਦੇ ਹਸਪਤਾਲ ਲੈ ਗਏ। ਉਸਨੇ ਦੋ ਮਿੰਟਾਂ ਵਿੱਚ ਟੂਟੀਆਂ ਲਾ ਕੇ ਸਿਰ ਫੇਰ ਦਿੱਤਾ। ਚੀਕ ਚਿਹਾੜਾ ਮੱਚ ਗਿਆ। ਜੈਕੁਰ ਦਾ ਬੁਰਾ ਹਾਲ ਹੋ ਗਿਆ। ਕੁਲਵੰਤ ਨੂੰ ਜੀਪ ਵਿੱਚ ਪਾ ਕੇ ਪਿੰਡ ਲੈ ਆਏ।

'ਨੀ ਤੂੰ ਕਿੱਥੇ ਚਲੀ ਗਈ ਧੀਏ' ਜੈਕੁਰ ਉੱਚੀ ਉੱਚੀ ਰੋ ਕੇ ਆਖ ਰਹੀ ਸੀ ਪਿੰਡ ਦੀਆਂ ਬੁੜੀਆਂ ਆ ਗਈਆਂ ਉੱਚੀ ਉੱਚੀ ਵੈਣ ਪੈਣੇ ਸੁਰੂ ਹੋ ਗਏ ਤਾਰਾ ਤੇ ਨੰਜੀ ਖੇਤੋਂ ਆ ਗਏ ਉਹ ਵੀ ਡੁਸਕ ਰਹੇ ਸਨ। ਸਾਰੀ ਰਾਤ ਰੋਂਦਿਆਂ ਕੁਰਲਾਉਂਦਿਆਂ ਗੁਜ਼ਰ ਗਈ। ਦਿਨ ਚੜ੍ਹੇ ਸੰਸਕਾਰ ਕਰ ਦਿੱਤਾ ਕਿਉਂਕਿ ਲਾਸ਼ ਖਰਾਬ ਹੋ ਰਹੀ ਸੀ ਨਾਲੇ ਏਥੇ ਕਿਹੜਾ ਕਿਸੇ ਨੂੰ ਉਡੀਕਣਾ ਸੀ। ਇੱਕੋ ਕੇਵਲ ਹੀ ਸੀ ਉਹ ਵੀ ਰੱਬ ਦੀਆਂ ਜੜਾਂ ਵਿੱਚ ਗਵਾਲੀਅਰ ਜੇਲ੍ਹ ਵਿੱਚ ਬੈਠਾ ਸੀ!

'ਜਾਹ ਪੁੱਤ ਤਾਰੇ ਤੂੰ ਕੇਵਲ ਨੂੰ ਤਾਰ ਪਾ ਦੇ ਕਿ ਕੁਲਵੰਤ ਪੂਰੀ ਹੋ ਗਈ ਹੈ' ਜੈਕੁਰ ਨੇ ਕਿਹਾ ਤੇ ਧਾਹਾਂ ਮਾਰ ਕੇ ਰੋ ਪਈ। ਤਾਰੇ ਨੇ ਸਾਈਕਲ ਚੱਕਿਆ ਤੇ ਮੋਗੇ ਤਾਰ ਪਾ ਆਇਆ।




""""""""""""""""""

ਦੂਜੇ ਦਿਨ ਇੱਕ ਹਿੰਦੂ ਪੱਤਰਕਾਰ ਜੇਲ੍ਹ ਵਿੱਚ ਧਰਮੀ ਫੌਜੀਆਂ ਦੀ ਮੁਲਾਕਾਤ ਵਾਸਤੇ ਆਇਆ।

'ਸਾਸਰੀ ਕਾਲ ਜੀ' ਮੁਲਾਕਾਤ ਕਰਨ ਆਏ ਪੱਤਰਕਾਰ ਨੇ ਸਲਾਖਾਂ ਵਿੱਚ ਦੀ ਮੀਕੇ ਵੱਲ ਦੇਖ ਕੇ ਕਿਹਾ ਮੀਕੇ ਦੇ ਨਾਲ ਕੇਵਲ ਤੇ ਦਰਸ਼ਨ ਵੀ ਸੀ।

'ਤੁਸੀਂ ਸਾਡੇ ਰਿਸ਼ਤੇਦਾਰ ਹੋ' ? ਮੀਕੇ ਨੇ ਪੁੱਛਿਆ ਕਿ ਯੂਪੀ ਵਿੱਚ ਕੌਣ ਕਿਸੇ ਕੋਲ ਆਉਂਦਾ ਹੈ ਹੋ ਸਕਦਾ ਸਾਡੇ ਘਰਦਿਆਂ ਨੇ ਭੇਜਿਆ ਹੋਵੇ।

'ਸਰਦਾਰ ਜੀ ਨਹੀਂ ਮੈ ਪੱਤਰਕਾਰ ਹਾਂ ਜੇ ਕੁਸ਼ ਸਨੇਹਾ ਦੇਣੈ ਤਾਂ ਦਿਓ ਮੈਂ ਤੁਹਾਡੀ ਆਵਾਜ਼ ਲੋਕਾਂ ਵਿੱਚ ਪੇਸ਼ ਕਰੂੰਗਾ'

'ਠੀਕ ਆ ਸਾਡੀ ਰਿਹਾਈ ਵਾਸਤੇ ਲਿਖੋ, ਸਾਨੂੰ ਦਸ ਦਸ ਕਿੱਲੇ ਜਮੀਨ ਮਿਲਨੀ ਸੀ ਓਹ ਕਿੱਧਰ ਗਈ, ਸਾਡੇ ਨਾਮ ਤੇ ਬਾਹਰਲੇ ਮੁਲਕਾਂ ਤੋਂ ਪੈਸਾ ਇਕੱਠਾ ਕੀਤਾ ਸਾਨੂੰ ਪਾਈ ਵੀ ਨਈਂ ਮਿਲੀ' ਕੇਵਲ ਨੇ ਇੱਕੋ ਸਾਹ ਸਭ ਕੁਛ ਆਖ ਦਿੱਤਾ।

'ਮੇਰਾ ਖਿਆਲ ਆ ਤੁਸੀਂ ਪੈਲੀ ਨੂੰ ਭੁੱਲਜੋ ਏਹ ਬਿਆਨ ਸਿਰਫ ਵੋਟਾਂ ਵਾਸਤੇ ਦਿੱਤਾ ਹੋਣਾ, ਹੋਰ ਕੁਸ਼ ਵੀ ਨਈਂ' ਪੱਤਰਕਾਰ ਨੇ ਦੱਸਿਆ।

'ਹੈ ਥੋਡੀ ਭੈਣ ਨੂੰ. . . . ਵੱਡਿਓ ਲੀਡਰੋ ਥੋਡੇ ਲੜ ਜੇ ਸੱਪ ਪੈਣ ਕੀੜੇ!' ਮੀਕੇ ਨੇ ਗਾਲ ਕੱਢੀ।

'ਹੁਣ ਤੁਸੀਂ ਜੱਥੇਬੰਦੀ ਬਣਾਵੋ'

'ਓਹ ਕਿਵੇਂ ਨਾਲੇ ਜੇਲ੍ਹ 'ਚ' ?

'ਭਾਵੇਂ ਤੁਸੀ ਜੇਲ੍ਹ 'ਚ' ਹੋ ਜੱਥੇਬੰਦੀ ਬਣਾ ਕੇ ਮੈਨੂੰ ਆਵਦੇ ਬਿਆਨ ਲਿਖਾਓ ਮੈਂ ਲੋਕਾਂ ਤੱਕ ਤੁਹਾਡੀ ਆਵਾਜ਼ ਪਹੁੰਚਾਵਾਂਗਾ'

'ਠੀਕ ਆ ਅਸੀਂ ਅੱਜ ਤੋਂ ਹੀ ਜੱਥੇਬੰਦੀ ਬਨਾਉਣ ਦੀ ਤਿਆਰੀ ਕਰਦੇ ਹਾਂ' ਮੀਕੇ ਨੇ ਪੱਤਰਕਾਰ ਨੂੰ ਕਿਹਾ ਅੱਧਾ ਘੰਟਾ ਮੁਲਾਕਾਤ ਦਾ ਵਕਤ ਸੀ। ਉਹ ਪੂਰਾ ਹੋ ਗਿਆ ਤੇ ਉਹ ਆਵਦਾ ਪਤਾ ਦੇ ਕੇ ਚਲਾ ਗਿਆ। ਇਹ ਚਾਰੇ ਆਪਸ ਵਿੱਚ ਦੀ ਰਾਇ ਕਰਕੇ ਅਲੱਗ ਅਲੱਗ ਜੇਲ੍ਹਾਂ ਨੂੰ ਜੱਥੇਬੰਦੀ ਬਾਰੇ ਚਿੱਠੀਆਂ ਲਿਖ ਦਿੱਤੀਆਂ। ਮਹੀਨੇ ਵਿੱਚ ਜੱਥੇਬੰਦੀ ਤਿਆਰ ਹੋ ਗਈ। ਜਿਸਦਾ ਨਾਮ

"ਧਰਮੀ ਫੌਜੀ ਜੱਥੇਬੰਦੀ " ਰੱਖਿਆ।

ਜਿਸ ਦਾ ਪ੍ਰਧਾਨ ਕੇਵਲ ਸਿੰਘ, ਮੀਤ ਪ੍ਰਧਾਨ ਮੀਕਾ ਸਿੰਘ, ਸੈਕਟਰੀ ਗਿਆਨੀ, ਮੀਡੀਆ ਰੀਪੋਰਟਰ ਦਰਸ਼ਨ ਸਿੰਘ ਸਾਰਿਆਂ ਨੇ ਆਵਦਾ ਬਿਆਨ ਜੇਲ੍ਹ ਵਿੱਚ ਜਾਰੀ ਕਰ ਦਿੱਤਾ ਕਿ-

'ਅਸੀਂ ਦਰਬਾਰ ਸਹਿਬ ਦੀ ਖਾਤਰ ਬੈਰਕਾਂ ਛੱਡੀਆਂ ਓਹ ਵੀ ਜਦੋਂ ਫੌਜ ਛੱਡ ਕੇ ਭੱਜਣ ਵਾਸਤੇ ਸਾਡੇ ਅੱਗੇ ਅਕਾਲੀਆਂ ਨੇ ਲੇਲੜੀਆਂ ਕੱਢੀਆਂ ਸੀ। ਅਸੀਂ ਹੁਕਮ ਦੀ ਤਾਮੀਲ ਕੀਤੀ ਤੇ ਭੱਜ ਆਏ। ਸਾਡੇ ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ, ਕਈਆਂ ਦੇ ਮਾਂ ਬਾਪ ਵਿਛੋੜਾ ਨਾ ਝਲਦੇ ਹੋਏ ਮਰ ਗਏ ਜੋ ਬਚ ਗਏ ਨਾ ਓਹ ਮਰੇ ਨਾਂ ਜ਼ਿੰਦਾ ਸਾਡੀ ਕੋਈ ਸਾਰ ਲਵੋ ਅਸੀਂ ਫਿਰ ਵੀ ਦਰਬਾਰ ਸਾਹਿਬ ਦੀ ਇੱਜ਼ਤ ਵਾਸਤੇ ਕੁਰਬਾਨੀ ਦਿੱਤੀ ਹੈ' ਹਫਤੇ ਬਾਅਦ ਇਸ ਬਿਆਨ ਨੇ ਪੰਜਾਬ ਵਿੱਚ ਤਰਥੱਲ ਮਚਾ ਦਿੱਤਾ। ਇਹ ਖਬਰ ਪੜਕੇ ਬਹੁਤ ਨੇਤਾ ਮੁਲਾਕਾਤ ਵਾਸਤੇ ਆਏ ਤੇ ਰਿਹਾ ਕਰਵਾਉਣ ਵਾਸਤੇ ਵਾਅਦਾ ਕਰਕੇ ਚਲੇ ਗਏ ਪਰ ਦੁਬਾਰਾ ਮੂੰਹ ਨਹੀਂ ਦਿਖਾਇਆ!

ਫਿਰ ਪੈਸੇ ਇਕੱਠੇ ਕਰਨ ਵਾਲਿਆਂ ਵਾਸਤੇ ਬਿਆਨ ਜਾਰੀ ਕੀਤਾ ਕਿ

'ਸਾਡੇ ਨਾਂਅ 'ਤੇ ਕੋਈ ਪੈਸਾ ਨਾ ਦੇਵੋ ਕਿਉਂਕਿ ਇਹ ਪੈਸਾ ਸਾਡੇ ਤੱਕ ਨਹੀਂ ਪਹੁੰਚਦਾ ਇਹ ਇਕੱਠਾ ਕਰਨ ਵਾਲੇ ਖਾ ਜਾਂਦੇ ਹਨ ਜੇ ਦੇਣਾ ਤਾਂ ਸਿੱਧਾ ਸਾਡੇ ਘਰੇ ਦੇਵੋ' ਇਹ ਬਿਆਨ ਛਪਣ ਨਾਲ ਦੇਸ਼ ਵਿੱਚੋਂ ਤਾਂ ਕਿਸੇ ਨੇ ਨਹੀ ਦਿੱਤਾ ਪਰ ਇਹ ਹਰਾਮ-ਖਾਣੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਪੈਸਾ ਇਕੱਠਾ ਕਰਨ ਲੱਗ ਪਏ। ਕਿਉਂਕਿ ਬਾਹਰਲੇ ਮੁਲਕਾਂ ਵਿੱਚ ਸ਼ਾਇਦ ਇਹ ਅਖਬਾਰ ਨਹੀਂ ਪਹੁੰਚਿਆ। ਉਹੋ ਹੀ ਪੱਤਰਕਾਰ ਇੱਕ ਵਾਰ ਫਿਰ ਮੁਲਾਕਾਤ ਵਾਸਤੇ ਆਇਆ।

'ਸਾਸਰੀ ਕਾਲ ਜੀ' ਪੱਤਰਕਾਰ ਨੇ ਬੜੇ ਅਦਬ ਨਾਲ ਸਿਰ ਢੱਕ ਕੇ ਸਤਿ ਸ੍ਰੀ ਅਕਾਲ ਬੁਲਾਈ।

'ਸਾਸਰੀ ਕਾਲ ਪੱਤਰਕਾਰ ਸਾਬ੍ਹ' ਮੀਕੇ ਨੇ ਕਿਹਾ।

'ਦੇਖੋ ਮੈਂ ਰਾਇ ਦੇ ਸਕਦਾ ਹਾਂ ਪਰ ਪੈਸੇ ਦੀ ਮੱਦਦ ਨੀ ਕਰ ਸਕਦਾ' ਪੱਤਰਕਾਰ ਨੇ ਸ਼ਪੱਸ਼ਟ ਕੀਤਾ। ਵੈਸੇ ਵਿਚਾਰੇ ਪੱਤਰਕਾਰਾਂ ਕੋਲ ਹੁੰਦਾ ਵੀ ਕੀ ਹੈ ? ਪਰ ਪਸ਼ੂ ਨੂੰ ਜਿਵੇਂ ਰੱਸੇ ਚੱਬਣ ਵਾਲੀ ਆਦਤ ਨਹੀਂ ਜਾਂਦੀ ਇਵੇਂ ਹੀ ਪੱਤਰਕਾਰਾਂ ਨੂੰ ਖਬਰਾਂ ਦੇਣ ਵਾਲੀ ਆਦਤ ਨਹੀਂ ਜਾਂਦੀ, ਪਰ ਪੱਲੇ ਕੱਖ ਨਹੀਂ ਪੈਂਦਾ ਹਾਂ ਕਦੇ ਕਦਾਂਈ ਛਿੱਤਰ ਖਾਣ ਨੂੰ ਜਰੂਰ ਮਿਲ ਜਾਂਦੇ ਹਨ!

'ਦੂਜੇ ਦਿਨ ਅਖਬਾਰਾਂ ਵਿੱਚ ਧਰਮੀ ਫੌਜੀਆਂ ਦੀ ਮੱਦਦ ਵਾਲੀ ਖ਼ਬਰ ਮੋਟੇ ਅੱਖਰਾਂ ਵਿੱਚ ਪਹਿਲੇ ਸਫੇ ਉੱਤੇ ਛਪ ਗਈ। ਇੱਕ ਹਫਤਾ ਉਡੀਕਿਆ ਦੋ ਹਫਤੇ ਉਡੀਕਿਆ ਇੱਕ ਮਹੀਨਾ ਉਡੀਕਿਆ ਕਿਸੇ ਨੇ ਮੱਦਦ ਵਾਸਤੇ ਹਾਂ ਨਹੀ ਕੀਤੀ ਸਾਰੇ ਸੁੱਸਰੀ ਵਾਂਗੂੰ ਸੌਂ ਗਏ! ਪਰ ਫਿਰ ਕਹਿੰਦੇ ਉਸ ਪੱਤਰਕਾਰ ਦਾ ਵੀ ਭਲਾ ਹੋਵੇ ਜਿਸ ਨੇ ਇਹਨਾ ਦੀ ਆਵਾਜ਼ ਲੋਕਾਂ ਤੱਕ ਪਹੁੰਚਾਈ ਅਤੇ ਜੇਲ੍ਹ ਵਾਲਿਆਂ ਸਾਰਿਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਬਦਲ ਦਿੱਤਾ। ਇਹਨਾਂ ਵਿੱਚੋ ਮੀਕੇ, ਕਾਮਰੇਡ, ਗਿਆਨੀ ਤੇ ਦਰਸ਼ਨ ਨੂੰ ਫਿਰੋਜ਼ਪੁਰ ਤੇ ਬਾਕੀਆਂ ਨੂੰ ਬਠਿੰਡੇ ਭੇਜ ਦਿੱਤਾ। ਵਿਛੜਨ ਮੌਕੇ ਦੁੱਖ ਵੀ ਹੋਇਆ ਪਰ ਖੁਸ਼ੀ ਵੀ ਹੋਈ ਕਿ ਮਾਂ ਬਾਪ ਭੈਣ ਭਰਾ ਮਿਲ ਸਕਣਗੇ ਜੇਲ੍ਹ ਅੰਦਰ ਚਿੱਠੀਆਂ ਦਾ ਸਿਲਸਿਲਾ ਜਾਰੀ ਰਿਹਾ। ਸਾਰਿਆਂ ਦੀਆ ਚਿੱਠੀਆਂ ਆਉਂਦੀਆਂ ਪਰ ਕੇਵਲ ਦੀ ਚਿੱਠੀ ਦਾ ਕੋਈ ਜਵਾਬ ਨਹੀਂ ਆਇਆ। ਵੈਸੇ ਕੇਵਲ ਨੂੰ ਇਸ ਗੱਲ ਦੀ ਹੈਰਾਨੀ ਨਹੀਂ ਸੀ ਕਿ ਚਿੱਠੀ ਦਾ ਜਵਾਬ ਕਿਉਂ ਨਹੀਂ ਆਇਆ ਕਿਉਂਕਿ ਇਹਨਾਂ ਦੇ ਪਿੰਡ ਦਾ ਡਾਕੀਆ ਐਨਾ ਹਰਾਮੀ ਤੇ ਕੰਮਚੋਰ ਸੀ ਕਿ ਚਿੱਠੀ ਤਾਂ ਦੂਰ ਦੀ ਗੱਲ ਤਾਰ ਵੀ ਛੇਤੀ ਕੀਤੇ ਨਹੀਂ ਸੀ ਦਿੰਦਾ ਇੱਕ ਵਾਰ ਕੁਲਵੰਤ ਬਿਮਾਰ ਹੋ ਗਈ ਉਸਨੇ ਕਿਹਾ ਛੁੱਟੀ ਵਧਾਉਣ ਵਾਸਤੇ ਤਾਰ ਪਾ ਦੇ ਕੇਵਲ ਤਾਰ ਪਾ ਆਇਆ। ਫੌਜ ਨੇ ਛੁੱਟੀ ਵਧਾ ਕੇ ਵਾਪਸ ਤਾਰ ਪਾ ਦਿੱਤੀ ਤਾਰ ਉਸ ਦਿਨ ਮਿਲੀ ਜਿਸ ਦਿਨ ਕੇਵਲ ਨੇ ਤੁਰਨਾ ਸੀ ਸ਼ਾਮ ਤੱਕ ਕੇਵਲ ਤਾਰ ਉਡੀਕਦਾ ਰਿਹਾ। ਜਵਾਬ ਨਹੀਂ ਆਇਆ ਆਖਰ ਥੱਕ ਕੇ ਵਾਪਸ ਯੂਨਿਟ ਨੂੰ ਜਾਣ ਵਾਸਤੇ ਬੱਸ ਬੈਠ ਕੇ ਫਿਰੋਜਪੁਰ ਤੋਂ ਬੰਬੇ ਵਾਲੀ ਗੱਡੀ ਪੰਜਾਬ ਮੇਲ ਤੇ ਬੈਠ ਗਿਆ। ਕੇਵਲ ਦੇ ਘਰੋਂ ਤੁਰਨ ਤੋਂ ਬਾਅਦ ਡਾਕੀਆ ਤਾਰ ਲੈ ਕੇ ਆਇਆ ਤਾਂ ਸਾਰੇ ਉਸ ਨਾਲ ਗੁੱਸੇ ਹੋਏ ਕਿ ਹੁਣ ਤਾਂ ਉਹ ਤੁਰ ਗਿਆ ਹੁਣ ਕੀ ਫਾਇਦਾ। ਕੇਵਲ ਦੇ ਭਰਾ ਤਾਰੇ ਨੇ ਬੱਸ ਫੜੀ, ਕੋਟਕਪੂਰੇ ਜਾ ਵੱਜਿਆ ਜਦੋਂ ਫਿਰੋਜਪੁਰੋਂ ਰੇਲ ਗੱਡੀ ਆਈ ਤਾਂ ਤਾਰਾਂ ਪਲੇਟ ਫਾਰਮ ਤੇ ਹਰ ਡੱਬੇ ਅੱਗੇ ਜਾ ਕੇ ਕੇਵਲ ਕੇਵਲ ਪੁਕਾਰ ਰਿਹਾ ਸੀ-

'ਓ ਕੇਵਲਾ! ਓ ਕੇਵਲਾ"

ਜਦੋਂ ਕੇਵਲ ਨੇ ਆਵਦੇ ਭਰਾ ਦੀ ਆਵਾਜ਼ ਪਛਾਣੀ ਤਾਂ ਉਸਨੇ ਡੱਬੇ ਦੀ ਵਿੱਚੋਂ ਬਾਰੀ ਥਾਣੀ ਮੂੰਹ ਕੱਢਕੇ ਪੁੱਛਿਆ-

'ਸੁੱਖ ਆ ਤਾਰੇ ?'

'ਕੁੱਤੇ ਦਾ ਪੁੱਤ ਡਾਕੀਆ ਤਾਰ ਦੇ ਗਿਆ ਤੇਰੀ ਛੁੱਟੀ ਵਧ ਗਈ ਆ ਉੱਤਰ ਆ'

ਸੁਣ ਕੇ ਕੇਵਲ ਉੱਤਰ ਆਇਆ ਦੂਜੇ ਦਿਨ ਜਾ ਕੇ ਉਸ ਨਾਲ ਲੜੇ। ਪਰ ਉਹ ਸੁਧਰਿਆ ਫਿਰ ਵੀ ਨਹੀਂ ਲੋਕਾਂ ਨੂੰ ਚਿੱਠੀਆਂ ਲੇਟ ਹੀ ਦਿੰਦਾ ਤੇ ਜਦੋਂ ਜ਼ਿਆਦਾ ਲੇਟ ਹੋ ਜਾਂਦੀ ਤਾਂ ਪਾੜ ਕੇ ਚੁੱਲੇ ਵਿੱਚ ਸਿੱਟ ਦਿੰਦਾ ਇਸ ਕਰਕੇ ਕਈਆਂ ਨੂੰ ਟਾਈਮ 'ਤੇ ਚਿੱਠੀ ਨਾ ਮਿਲਣ ਕਰਕੇ ਕੋਰਟ ਵਿੱਚ ਸ਼ਜਾ ਹੋਈ। ਪਿੰਡ ਦਾ ਹੋਣ ਕਰਕੇ ਕੋਈ ਕੁਛ ਨਹੀਂ ਸੀ ਕਹਿੰਦਾ ਪਰ ਉਸਦੀ ਮੌਤ ਬਹੁਤ ਬੁਰੀ ਤਰਾਂ ਹੋਈ ਇੱਕ ਦਿਨ ਉਹ ਬਲਦ ਗੱਡੀ ਲੈ ਕੇ ਜਾ ਰਿਹਾ ਸੀ ਤੇ ਟਰੱਕ ਗੱਡੀ ਵਿੱਚ ਵੱਜਿਆ ਡਰਾਈਵਰ ਸ਼ਰਾਬ ਨਾਲ ਰੱਜਿਆ ਹੋਇਆ ਸੀ ਤੇ ਉਸਦਾ ਪੁਰਜ਼ਾ ਪੁਰਜ਼ਾ ਖਿਲਾਰ ਦਿੱਤਾ। ਇਸ ਕਰਕੇ ਕੇਵਲ ਸੋਚ ਰਿਹਾ ਸੀ ਚਿੱਠੀ ਦਿੱਤੀ ਹੀ ਨਹੀਂ ਹੋਣੀ ਆਖਰ ਇੱਕ ਦਿਨ ਤਾਰ ਆ ਗਈ ਜਿਸਨੂੰ ਦੇਖਕੇ ਕੇਵਲ ਘਬਰਾ ਗਿਆ ਘਬਰਾਉਣਾ ਹੀ ਸੀ ਕਿਉਂਕਿ ਉਡੀਕਦਾ ਚਿੱਠੀ ਨੂੰ ਸੀ ਤੇ ਆ ਗਈ ਤਾਰ! ਤਾਰ ਵੀ ਪਤਾ ਨਹੀਂ ਕਿੱਥੋਂ ਕਿੱਥੋਂ ਰੁਲਦੀ ਖੁਲਦੀ ਜੇਲ੍ਹ ਵਿੱਚ ਸ਼ਾਮ ਨੂੰ ਮਿਲੀ। ਕੇਵਲ ਉੱਚੀ ਉੱਚੀ ਧਾਹਾਂ ਮਾਰ ਕੇ ਰੋ ਪਿਆ।

'ਸਰ ਮੈਨੂੰ ਛੁੱਟੀ ਚਾਹੀਦੀ ਆ' ਜੇਲ੍ਹ ਤੇ ਡਿਊਟੀ ਵਾਲੇ ਨੂੰ ਕੇਵਲ ਨੇ ਰੋਂਦੇ ਹੋਏ ਕਿਹਾ।

'ਮੈਂ ਛੇਤੀ ਸਾਬ੍ਹ ਨੂੰ ਮਿਲਵਾ ਦੂੰਗਾ'

'ਸਾਬ੍ਹ ਜੀ ਜਰੂਰ ਗੱਲ ਕਰਨੀ ਮੈਂ ਭੋਗ ਤੇ ਜਾਣਾ' ਕੇਵਲ ਨੇ ਹੱਥ ਜੋੜ ਕੇ ਕਿਹਾ।

'ਯਾਰ ਮੇਰੇ ਸਾਮ੍ਹਣੇ ਹੱਥ ਜੋੜ ਕੇ ਭਾਰ ਨਾ ਚੜ੍ਹਾ' ਸੰਤਰੀ ਨੇ ਕਿਹਾ।

'ਠੀਕ ਹੈ' ਆਖ ਕੇ ਕੇਵਲ ਨੇ ਹੱਥ ਥੱਲੇ ਕਰ ਲਏ।

'ਕੀ ਗੱਲ ਆ ਜਵਾਨ ?' ਜੇਲਰ ਨੇ ਆਵਦੇ ਸਿਰ ਤੇ ਟੋਪੀ ਰਖਦੇ ਹੋਏ ਨਜ਼ਰਾਂ ਦੇ ਤੀਰ ਮਾਰਦਿਆਂ ਕਿਹਾ।

'ਸਰ ਮੇਰੀ -ਬੀਵੀ--- ਗੁਜ਼ਰ ਗਈ' ਕੇਵਲ ਦੇ ਮੂੰਹ ਵਿੱਚੋਂ ਬੋਲ ਨਹੀਂ ਸਨ ਨਿਕਲ ਰਹੇ ਉਸਨੇ ਮਸਾਂ ਖੁਸ਼ਕ ਗਲ ਨਾਲ ਬੋਲ ਪੂਰੇ ਕੀਤੇ।

'ਤਾਂ ਫਿਰ ਮੈਂ ਕੀ ਕਰਾਂ ?' ਜੇਲਰ ਨੇ ਅੱਖਾਂ ਲਾਲ ਕਰਕੇ ਕਿਹਾ ਹਿੰਦੂ ਜੇਲਰ ਨੂੰ ਉਸਦੇ ਨਾਲ ਕੋਈ ਹਮਦਰਦੀ ਨਹੀਂ ਸੀ। ਕਿਉਂਕਿ ਇਹ ਹਿੰਦੂ ਉਹਨਾ ਹਿੰਦੂਆਂ ਵਿੱਚੋਂ ਸੀ ਜਿਨਾ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸ਼ਹੀਦ ਹੋਏ ਤੋਂ ਖੁਸ਼ੀ ਮਨਾਈ ਸੀ

'ਸਰ ਜੀ ਮੈਨੂੰ ਦਸ ਦਿਨ --ਦੀ -- ਛੁੱਟੀ ਚਾਹੀਦੀ ਆ ਉਸਦੇ ਭੋਗ ਤੇ ਜਾਣੈ!'

'ਹਾਂ ਹਾਂ ਤੇਰੀ ਵਹੁਟੀ ਮਰਗੀ ਬ੍ਰਗੇਡੀਅਰ ਵੀ ਤੁਸੀਂ ਮਾਰਿਆ ਸੀ ਬ੍ਰਗੇਡੀਅਰ ਨਾਲੋਂ ਤੇਰੀ ਵਹੁਟੀ ਜ਼ਿਆਦਾ ਅਹਿਮ ਆ ?'

'----'

'ਬੋਲ ਉਦੋਂ ਤਾਂ ਹੀਰੋ ਬਣਦੇ ਸੀ ਲਿਆਓ ਹੁਣ ਭਿੰਡਰਾਂਵਾਲੇ ਨੂੰ'

'ਸਰ ਮੈਂ ਕਿਸੇ ਤੇ ਗੋਲੀ ਨੀ ਚਲਾਈ'

'ਪਰ ਹੱਲਾਸ਼ੇਰੀ ਤਾਂ ਦਿੱਤੀ ਸੀ' ਜੇਲਰ ਨੇ ਗੁੱਸੇ ਨਾਲ ਮੂੰਹ ਲਾਲ ਕਰਦਿਆਂ ਕਿਹਾ ਕੇਵਲ ਨੇ ਸੋਚਿਆ ਕਿ, ਛੁੱਟੀ ਤਾਂ ਇਸਨੇ ਦੇਣੀ ਨਹੀਂ ਕਿਓਂ ਬੇਇਜ਼ਤੀ ਕਰਵਾਉਣੀ ਹੈ ਕੁਛ ਗੁੱਸੇ ਵਿੱਚ ਬੋਲਿਆ।

'ਸਾਬ੍ਹ ਛੁੱਟੀ ਦੇਣੀ ਆ ਕਿ ਨਹੀ ?'

'ਤੇਰੇ ਬਾਪ ਦਾ ਰਾਜ ਆ ?'

'-------'

'ਓ ਬੋਲ' ਜੇਲਰ ਨੇ ਗਲਾ ਪਾੜ ਕੇ ਉੱਚੀ ਆਵਾਜ਼ ਵਿੱਚ ਕਿਹਾ।

'------'

'ਪਿੱਛੇ ਮੁੜ'! ਆਡਰ ਸੁਣ ਕੇ ਕੇਵਲ ਪਿੱਛੇ ਮੁੜ ਗਿਆ।

'ਤੇਜ਼ ਚੱਲ' ਕੇਵਲ ਲਿਫਟ ਰਾਈਟ ਕਰਦਾ ਦਫਤਰ ਚੋਂ ਦਿਲ ਵਿੱਚ ਗਾਲਾਂ ਕੱਢਦਾ ਹੋਇਆ ਬਾਹਰ ਆ ਗਿਆ। ਗਾਰਡ ਬੈਰਕ ਵਿੱਚ ਲੈ ਗਿਆ। ਸਾਰੇ ਕੇਵਲ ਦੇ ਉਦਾਲੇ ਹੋ ਗਏ।

'ਯਾਰ ਸਾਡੀ ਭਾਬੀ ਪੂਰੀ ਹੋਗੀ ਬੌਤ੍ਹ ਮਾੜੀ ਗੱਲ ਹੋਈ' ਦਰਸ਼ਨ ਨੇ ਕਿਹਾ ਤੇ ਉੱਚੀ ਉੱਚੀ ਰੋ ਪਿਆ।

'ਭਰਾਵੋ ਫੌਜੀ ਦੇ ਦੁੱਖ ਤਾਂ ਲੜਾਈ ਖਤਮ ਹੋਣ ਤੋਂ ਬਾਅਦ 'ਚ' ਸੁਰੂ ਹੁੰਦੀ ਹੈ ਜਦੋਂ ਲੜਾਈ 'ਚ' ਉਸਦੇ ਸਕੇ ਸਬੰਧੀ ਯਾਰ ਮਿੱਤਰ ਮਾਰੇ ਜਾਂਦੇ ਆ ਤੇ ਉਨਾ ਦੇ ਚਿਹਰੇ ਅੱਖਾਂ ਤੋਂ ਪਾਸੇ ਨੀ ਹੱਟਦੇ' ਕਾਮਰੇਡ ਨੇ ਕਿਹਾ ਤੇ ਧਾਹਾਂ ਮਾਰਕੇ ਰੋ ਪਿਆ।

'ਦੇਖੋ ਆਪਾਂ ਫੌਜੀ ਆਂ ਰੋਣਾ ਧੋਣਾ ਫੌਜੀ ਦਾ ਕੰਮ ਨੀ' ਮੀਕੇ ਨੇ ਦਿਲਾਸਾ ਦਿੰਦਿਆਂ ਕਿਹਾ। ਦੋਵੇਂ ਚੁੱਪ ਹੋ ਗਏ, ਪਰ ਕੇਵਲ ਰੋਈ ਜਾ ਰਿਹਾ ਸੀ ਸਾਰੇ ਦਿਲਾਸਾ ਦੇ ਰਹੇ ਸਨ।

ਬਾਕੀ ਸਫ਼ਾ 29 'ਤੇ

### 3 ਮਈ ਹਾਸ ਦਿਵਸ ’ਤੇ ਵਿਸ਼ੇਸ਼

# ਹੱਸਦਿਆਂ ਦੇ ਘਰ ਵੱਸਦੇ



**- ਇਕਵਾਕ ਸਿੰਘ ਪੱਟੀ**

ਕਹਿੰਦੇ ਨੇ ਜੋ ਮਨੁੱਖ ਬੀਜ ਦਾ ਹੈ ਉਹੀ ਵੱਢ ਦਾ ਹੈ। ਇਸ ਲਈ ਕਿਉਂ ਨਾ ਖੁਸ਼ੀਆਂ ਬੀਜ ਕੇ, ਹਾਸੇ ਵੱਢਣ ਦੀ ਤਿਆਰੀ ਕਰੀਏ? ਮੈਂ ਅਕਸਰ ਇਹ ਕਹਿੰਦਾ ਹੁੰਦਾ ਕਿ, ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲ਼ਤਾ ਅਤੇ ਠਰੰਮੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ ‘ਹੱਸਦਿਆਂ ਤੇ ਘਰ ਵੱਸਦੇ’। ਇਸ ਲਈ ਜ਼ਰੂਰੀ ਹੈ ਕਿ ਜਿੰਦਗੀ ਵਿੱਚਲੇ ਉਦਾਸੀ ਦੇ ਹਨੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਣ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖੁਸ਼ੀਆਂ ਖੇੜਿਆਂ ਭਰੀ ਜਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, ‘ਜਦੋਂ ਤੁਸੀਂ ਹੱਸਦੇ ਹੋ ਤਾਂ ਪ੍ਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪ੍ਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।’ ਇਹ ਮੰਨਿਆ ਜਾਂਦਾ ਹੈ ਕਿ, ‘ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ ਤੇ ਅਤੇ ਦੁਨੀਆ ਨੂੰ ਬੜੇ ਹੀ ਅਨੰਦਮਈ ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ।ਹੱਸਣਾ ਅਤੇ ਹਸਾਉਣਾ ਇੱਕ ਕਲਾ ਹੈ। ਇਸੇ ਹੀ ਸੰਦਰਭ ਵਿੱਚ ਪੰਜਾਬੀ ਦੀ ਇੱਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, ‘ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।’ ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ਼ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜਿਆਦਾ ਹੱਸਣ ਤੋਂ ਬਾਅਦ ਜਿਆਦਾ ਹੀ ਰੋਣਾ ਪੈਂਦਾ ਹੈ।

ਖੁਸ਼ ਰਹਿਣ ਨੂੰ ਵੀ ਇੱਕ ਕਲਾ ਮੰਨਿਆ ਗਿਆ, ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿੱਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿੱਚ ਹੈ। ਜਿਸਦਾ ਮੁੱਖ ਕਾਰਨ ਪਦਾਰਥਵਾਦ ਵਿੱਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਣਾ, ਤਕਨਾਲੌਜੀ ਵਿੱਚ ਵਿਅਸਤ ਹੋ ਜਾਣਾ, ਦਿੱਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ੍ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੌਹਰਤ ਨੂੰ ਹੀ ਜਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਣ ਗੁਰੂ-ਬਾਣੀ ਸਮਝਾਉਂਦੀ ਹੈ, ‘ਦ੍ਰਿਸਟਿਮਾਨ ਸਭੁ ਬਿਨਸੀਐ’ ਭਾਵ ਜੋ ਕੁੱਝ ਵੀ ਤੂੰ ਇਸ ਸੰਸਾਰ ਵਿੱਚ ਦੇਖ ਰਿਹਾ ਹਾਂ, ਇਹ ਸੱਭ ਕੁੱਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇੱਕ ਵਾਰ ਇਹਨਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, ‘ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ’ ਕਿ ਤ੍ਰਿਸ਼ਨਾ ਤਾਂ ਸਾਰੇ ਭਵਣਾਂ ਦੇ ਖਜ਼ਾਨੇ ਇੱਕਠੇ ਕਰਨ ਤੋਂ ਬਆਦ ਵੀ ਖਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਹਨਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ। ਇਸ ਬਾਬਤ ਗੁਰੂਬਾਣੀ ਵਿੱਚ ਬਹੁਤ ਸੁਹਣਾ ਦ੍ਰਿਸ਼ਟਾਂਤ ਮਿਲਦਾ ਹੈ, ‘ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ’ ਕਿ ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇੱਕ ਢੰਗ ਹੈ ਜਿਸ ਨਾਲ ਅਸੀਂ ਪ੍ਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ ਤੇ ਨਾ ਤਾਂ ਖ੍ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ ਤੇ ਵਿਕਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ ’ਤੇ ਨਿਰਭਰ ਕਰਦਾ ਹੈ, ਪਰ ਵਿਗਿਆਨਕ ਤੌਰ ਤੇ ਹੱਸਣ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆ— ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ ’ਹਾਸਾ ਸਾਡੇ ਤਣਾਅ ਨੂੰ ਘੱਟ ਕਰਕੇ ਮਾਨਸਿਕ ਤੌਰ ’ਤੇ ਸੰਤੁਸ਼ਟੀ ਦਿੰਦਾ ਹੈ।’

ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿੱਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ:

· ਇਹ ਦੁਨੀਆ ਮੰਡੀ ਪੈਸੇ ਦੀ, ਹਰ ਚੀਜ਼ ਵਿਕਦੀ ਏ ਭਾਅ ਸੱਜਣਾ<br>ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ।’

· ਚਿੱਟੇ ਦੰਦ ਹੱਸਣੋਂ ਨਾ ਰਹਿੰਦੇ, ਲੋਕੀ ਭੈੜੇ ਸ਼ੱਕ ਕਰਦੇ।

· ਹੱਸਦਿਆਂ ਦੇ ਘਰ ਵੱਸਦੇ।

· ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।

ਪੁਰਾਣੇ ਸਮੇਂ ਵਿੱਚ ਸਿਆਣੇ ਬਜ਼ੁਰਗ ‘ਹਮੇਸ਼ਾਂ ਹਸੱਦੇ ਵੱਸਦੇ ਰਹੋ’ ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਕਿਸ ਨੂੰ ਚੰਗਾ ਨਹੀਂ ਲੱਗਦਾ ਅਤੇ ਹਰ ਕੋਈ ਆਪਣੇ ਆਪ ਨੂੰ ਖੁਸ਼ ਰੱਖਣਾ ਚਾਹੁੰਦਾ ਹੈ, ਭਾਵੇਂ ਜਿੰਦਗੀ ਵਿੱਚ ਆਉਣ ਵਾਲੇ ਉਤਰਾਅ-ਚੜਾਅ ਸਾਡੀ ਜਿੰਦਗੀ ਦਾ ਹਿੱਸਾ ਹਨ ਅਤੇ ਸੁੱਖ-ਦੁੱਖ ਸਾਡੀ ਜਿੰਦਗੀ ਦਾ ਇੱਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਦੇ ਵਿੱਚ ਦੁੱਖੀ ਹੋਣਾ ਜਾਂ ਰੌਣਾ ਵੀ ਜ਼ਰੂਰੀ ਹੈ, ਪਰ ਦੁੱਖਾਂ ਦੇ ਵੱਡੇ ਵੱਡੇ ਪਹਾੜਾਂ ਨੂੰ ਵੀ ਸਾਡੀ ਇੱਕ ਛੋਟੀ ਜਿਹੀ ਮੁਸਕਰਾਹਟ ਸਾਨੂੰ ਅਜਿਹੇ ਪਹਾੜ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਕਿਉਂਕਿ ਦੁੱਖ ਦੀ ਗੱਲ ਕਰੀਏ ਤਾਂ ਹਰ ਘਰ ਪਰਿਵਾਰ ਵਿੱਚ ਅਤੇ ਹਰ ਮਨੁੱਖ ਦੇ ਜੀਵਣ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦੁੱਖ ਮੌਜੂਦ ਹੈ, ਭਾਵੇਂ ਕਿ ਉਸਦਾ ਰੂਪ ਕੋਈ ਵੀ ਕਿਸੇ ਵੀ ਤਰਾਂ ਦਾ ਹੋਵੇ, ਕਿਉਂਕਿ ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ ਅਤੇ ਇਸ ਗੱਲ ਦੀ ਗਵਾਹੀ ਬਾਬਾ ਫਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ ‘ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੇ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥’ (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, ‘ਨਾਨਕ ਦੁਖੀਆ ਸਭੁ ਸੰਸਾਰ’ ਵੀ ਸੰਸਾਰ ਦੇ ਅੰਦਰਲੇ ਹਾਲਤ ਦੇਖਕੇ ਅੱਜ ਵੀ ਬੜੇ ਵਾਜ਼ਬ ਲੱਗਦੇ ਹਨ। ਤਾਂ ਹੀ ਤਾਂ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ।

ਖੈਰ! ਵਿਸ਼ੇ ਵੱਲ ਆਈਏ ਤਾਂ ਇੱਕ ਗੱਲ ਤਾਂ ਪੱਕੀ ਹੈ, ਗੁਰਬਾਣੀ ਅੰਦਰ ਜੀਵਣ ਜਾਂਚ ਸਮਝਾਉਂਦਿਆਂ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖੂਬਸੂਰਤ ਜ਼ਿਕਰ ਕੀਤਾ ਹੈ ਕਿ, ‘ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥’ (ਅੰਗ 522) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਣ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਕਾਮਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਦੇਸ਼ ਕਿ ਜਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫਾਂ ਦੀ ਨੁਮਾਇਸ਼ ਕਰ ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਪਰ ਅੱਜ ਦੀ ਭੱਜ ਦੋੜ ਵਿੱਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ, ਪਰ ਖੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿੱਚ ਹਾਸਾ ਤਾਂ ਮਨੁੱਖੀ ਜੀਵਣ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਬਹੁਤ ਇਹ ਵਿਚਾਰ ਰੱਖਦੇ ਹਨ ਕਿ, ‘ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ’ ਸਾਨੂੰ ਇਹ ਖਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨਾਂ ਜਿਆਦਾ ਪੈਸੇ ਖਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ੀਹਰ ਜਾ ਕੇ ਉੱਥੋਂ ਦੇ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਅਨੰਦ ਵੀ ਲਿਆ ਜਾ ਸਕਦਾ ਹੈ। ਨਹੀਂ ਤਾਂ ਖੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ।

ਇੱਕ ਸਰਵੇਖਣ ਅਨੁਸਾਰ ਲਗਭਗ 65 ਫੀਸਦੀ ਤੋ— ਜ਼ਿਆਦਾ ਲੋਕਾਂ ਦੇ ਕੋਲ ਹੱਸਣ ਦਾ ਸਮਾਂ ਹੀ ਨਹੀ— ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿੱਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾ— ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇੱਕ ਖਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ ‘ਵਿਸ਼ਵ ਹਾਸਾ ਦਿਵਸ’। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿੱਚ ਸੱਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇੱਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿੱਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ ਦੇਸ਼ ਵਿੱਚ ਇਹਨਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁੱਟਕਲਿਆਂ, ਲਤੀਫਿਆਂ, ਹਾਸਰਾਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁੱਝ ਸਮੇਂ ਤੋਂ ਖਾਸ ਕਰਕੇ ਪੰਜਾਬ ਵਿੱਚ ਵੱਡੇ ਪੱਧਰ ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿੱਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ ਤੇ ਵੀ ਕਈ ਤਰਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ ਹਾਸੇ ਵਿੱਚ ਵੀ ਜਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਅਤੇ ਹੱਸਦੇ ਖੇਡਦੇ ਜਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਸਾਨੂੰ ਹਸਾ ਕੇ ਕਿਸੇ ਵੀ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ ਇਸ ਦਾ ਵੀ ਖਿਆਲ ਰੱਖਣਾ ਹੈ। ਉੱਥੇ ਨਾਲ ਹੀ ਕਿਤੇ ਸਾਰੀ ਜਿੰਦਗੀ ਬਿਨਾਂ ਵਜਾ ਅਤੇ ਹੰਕਾਰ ਵਿੱਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ ਇਸ ਗੱਲ ਨੂੰ ਵੀ ਵਿਚਾਰ ਕੇ ਰੱਖਣਾ ਹੈ।

ਸੋ ਦੋਸਤੋ! ਹੱਸਦੇ ਵੱਸਦੇ ਰਹੋ, ਖੁਸ਼ ਰਹੋ ਅਤੇ ਖੁਸ਼ ਰੱਖੋ, ਹੱਸੋ ਅਤੇ ਪਿਆਰ ਵੰਡੋ। ਅੱਜ ਨੂੰ ਜੀਓ। ਅਨੰਦ ਵਿੱਚ ਰਹੋ। ਆਮੀਨ !!

---

# ਕੋਰੋਨਾਵਾਇਰਸ ਹੀ ਨਹੀਂ ਨੌਕਰੀਆਂ ’ਤੇ ਖ਼ਤਰਾ ਬਣ ਕੇ ਰੋਬੋਟ ਮੰਡਰਾਉਣਗੇ

**- ਜ਼ੌਏ ਥੌਮਸ**

ਕੋਰੋਨਾਵਾਇਰਸ ਮਹਾਂਮਾਰੀ ਕਾਰਨ ਦੁਨੀਆਂ ਪੂਰੀ ਤਰਾਂ ਜਕੜੀ ਜਾ ਰਹੀ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਰੋਬੋਟ ਕਈ ਨੌਕਰੀਆਂ ਵਿੱਚ ਮਨੁੱਖ ਦੀ ਥਾਂ ਮੱਲ ਰਿਹਾ ਹੈ ਅਤੇ ਕੋਰੋਨਾਵਾਇਰਸ ਮਹਾਂਮਾਰੀ ਨੇ ਇਸ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਛੋਟੀਆਂ ਅਤੇ ਵੱਡੀਆਂ ਕੰਪਨੀਆਂ ਉਹ ਸੋਸ਼ਲ ਡਿਸਟੈਂਸਿੰਗ ਦੀ ਪਾਲਣਾ ਕਰਨ ਲਈ ਅਤੇ ਕੰਮ ’ਤੇ ਮਨੁੱਖੀ ਸਟਾਫ ਨੂੰ ਘਟਾਉਣ ਲਈ ਰੋਬੋਟ ਦੀ ਵਰਤੋਂ ਕਰ ਰਹੀਆਂ ਹਨ। ਰੋਬੋਟ ਦੀ ਵਰਤੋਂ ਉਨਾਂ ਕੰਮਾਂ ਲਈ ਵੀ ਕੀਤੀ ਜਾ ਸਕਦੀ ਹੈ, ਜਿਨਾਂ ਲਈ ਦਫ਼ਤਰ ਜਾਣਾ ਜ਼ਰੂਰੀ ਹੁੰਦਾ ਹੈ। ਵਾਲਮਾਰਟ, ਅਮਰੀਕਾ ਦੀ ਸਭ ਤੋਂ ਵੱਡੀ ਰਿਟੇਲਰ ਕੰਪਨੀ ਫ਼ਰਸ਼ ਸਾਫ਼ ਕਰਨ ਲਈ ਰੋਬੋਟ ਦੀ ਵਰਤੋਂ ਕਰ ਰਹੀ ਹੈ। ਦੱਖਣੀ ਕੋਰੀਆ ਵਿੱਚ ਤਾਪਮਾਨ ਮਾਪਣ ਅਤੇ ਸੈਨੇਟਾਈਜ਼ਰ ਵੰਡਣ ਲਈ ਰੋਬੋਟ ਦੀ ਵਰਤੋਂ ਕੀਤੀ ਜਾ ਰਹੀ ਹੈ। ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਘੱਟੋ-ਘੱਟ 2021 ਤੱਕ ਦਫ਼ਤਰਾਂ ਵਿੱਚ ਸੋਸ਼ਲ ਡਿਸਟੈਂਸਿੰਗ ਦੇ ਕੁਝ ਉਪਾਅ ਵਰਤਣ ਦੀ ਲੋੜ ਹੈ। ਇਸ ਕਾਰਨ ਰੋਬੋਟ ਦੀ ਮੰਗ ਵਧੇਗੀ।

ਜੋ ਕੰਪਨੀਆਂ ਸੈਨੇਟਾਈਜ਼ਰ ਬਣਾਉਂਦੀਆਂ ਹਨ ਉਨਾਂ ਵਿੱਚ ਰੋਬਟ ਦੀ ਮੰਗ ਵਿੱਚ ਵਾਧਾ ਹੋਇਆ ਹੈ। ਅਲਟਰਾਵਾਇਲੇਟ ਰੌਸ਼ਨੀ ਵਾਲੇ ਰੋਬੋਟ ਬਣਾਉਣ ਵਾਲੀ ਡੈਨਮਾਰਕ ਦੀ ਯੂਵੀਡੀ ਨੇ ਚੀਨ ਅਤੇ ਯੂਰਪ ਵਿੱਚ ਆਪਣੀਆਂ ਸੈਂਕੜੇ ਮਸ਼ੀਨਾਂ ਵੇਚੀਆਂ ਹਨ। ਕਰਿਆਨੇ ਦੀਆਂ ਦੁਕਾਨਾਂ ਅਤੇ ਰੈਸਟੋਰੈਂਟ ਹੋਮ ਡਲਿਵਰੀ ਲਈ ਇਨਾਂ ਮਸ਼ੀਨਾਂ ਦੀ ਵਰਤੋਂ ਪਹਿਲਾਂ ਨਾਲੋਂ ਵਧੇਰੇ ਕਰ ਰਹੇ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਲੌਕਡਾਊਨ ਖ਼ਤਮ ਹੋਵੇਗਾ ਅਤੇ ਕਾਰੋਬਾਰ ਖੁੱਲਣਗੇ ਉਵੇਂ ਜਿਵੇਂ ਅਸੀਂ ਰੋਬੋਟਸ ਦੀ ਵਰਤੋਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਦੇਖਾਂਗੇ। ਹੋ ਸਕਦਾ ਹੈ ਤੁਹਾਡੇ ਸਕੂਲ ਜਾਂ ਦਫ਼ਤਰ ਰੋਬੋਟ ਹੀ ਸਾਫ਼ ਕਰਦੇ ਨਜ਼ਰ ਆਉਣਗੇ। ਦਿ ਕਸਟਮਰ ਆਫ ਫਿਊਚਰ ਦੇ ਲੇਖਕ ਬਲੈਕ ਮੌਰਗਨ ਦਾ ਕਹਿਣਾ ਹੈ, “ਗਾਹਕ ਹੁਣ ਆਪਣੀ ਸੁਰੱਖਿਆ ਦਾ ਧਿਆਨ ਰੱਖ ਰਹੇ ਹਨ। ਉਹ ਕੰਮ ਕਰਨ ਵਾਲਿਆਂ ਦੀ ਸਿਹਤ ਬਾਰੇ ਵੀ ਸੋਚ ਰਹੇ ਹਨ। ਆਟੋਮੇਸ਼ਨ ਇਨਾਂ ਸਾਰਿਆਂ ਦੀ ਸਿਹਤ ਦਾ ਖ਼ਿਆਲ ਰੱਖਦਾ ਹੈ। ਗਾਹਕ ਅਜਿਹੀਆਂ ਕੰਪਨੀਆਂ ਦੀ ਸ਼ਲਾਘਾ ਵੀ ਕਰਨਗੇ।”

ਮੌਰਗਨ ਮੁਤਾਬਕ ਆਟੋਮੇਸ਼ਨ ਰਿਟੇਲ ਖੇਤਰ ਵਿੱਚ ਭਾਵੇਂ ਮਨੁੱਖ ਦੀ ਥਾਂ ਲੈ ਲਵੇ ਫਿਰ ਵੀ ਕੁਝ ਅਜਿਹੇ ਕੰਮ ਹਨ ਜਿਨਾਂ ਵਿੱਚ ਰੋਬੋਟ ਸ਼ਾਇਦ ਉਨਾਂ ਸਫ਼ਲ ਨਾ ਹੋ ਸਕੇ। ਅਜਿਹੀਆਂ ਥਾਵਾਂ ਜਿੱਥੇ ਟੁੱਟ-ਭੱਜ ਦਾ ਖ਼ਤਰਾ ਹੋਵੇ। ਅਜਿਹੇ ਵਿੱਚ ਗਾਹਕ ਉਨਾਂ ਸੇਵਾਵਾਂ ਨੂੰ ਖ਼ਰੀਦਣਾ ਪਸੰਦ ਨਹੀਂ ਕਰਨਗੇ ਅਤੇ ਮਨੁੱਖਾਂ ’ਤੇ ਹੀ ਭਰੋਸਾ ਕਰਨਗੇ। ਖਾਣੇ ਸਬੰਧੀ ਕਾਰੋਬਾਰ ਇੱਕ ਹੋਰ ਖੇਤਰ ਹੈ ਜਿੱਥੇ ਸਿਹਤ ਸੰਬੰਧੀ ਚਿੰਤਾਵਾਂ ਕਾਰਨ ਰੋਬੋਟ ਦੀ ਵਰਤੋਂ ਵਧਣ ਦੀ ਸੰਭਾਵਨਾ ਹੈ। ਮੈਕਡੌਨਲਡ ਵਰਗੀਆਂ ਕੁਝ ਕੰਪਨੀਆਂ ਖਾਣਾ ਬਣਾਉਣ ਅਤੇ ਪਰੋਸਣ ਕਰਨ ਲਈ ਰੋਬੋਟ ਦੀ ਟੈਸਟਿੰਗ ਵੀ ਕੀਤੀ ਹੈ। ਐਮੇਜ਼ੋਨ ਅਤੇ ਵਾਲਮਾਰਟ ਵੱਲੋਂ ਚਲਾਏ ਜਾਂਦੇ ਵੇਰਹਾਊਸ ਵਿੱਚ ਪਹਿਲਾਂ ਤੋਂ ਹੀ ਰੋਬੋਟ ਵਰਤੇ ਜਾ ਰਹੇ ਹਨ। ਹੁਣ ਕੋਵਿਡ-19 ਮਹਾਂਮਾਰੀ ਦੇ ਫੈਲਾਅ ਕਰਕੇ ਦੋਵੇਂ ਦੀ ਕੰਪਨੀਆਂ ਸ਼ਿਪਿੰਗ ਅਤੇ ਪੈਕੇਜਿੰਗ ਲਈ ਵੀ ਰੋਬੋਟਸ ਦੀ ਵਰਤੋਂ ਬਾਰੇ ਸੋਚ ਰਹੀਆਂ ਹਨ। ਇਸ ਨਾਲ ਉਨਾਂ ਦੀ ਇਹ ਸ਼ਿਕਾਇਤਾਂ ਘਟ ਜਾਣਗੀਆਂ ਕਿ ਉਹ ਮੌਜੂਦ ਦੌਰ ਵਿੱਚ ਆਪਣੇ ਕਰਮੀਆਂ ਵਿਚਾਲੇ ਸੋਸ਼ਲ ਡਿਸਟੈਂਸਿੰਗ ਨਹੀਂ ਕਾਇਮ ਕਰ ਸਕਦੇ।

ਇਸ ਨਾਲ ਇਨਾਂ ਕੰਪਨੀਆਂ ਦੇ ਮੁਲਾਜ਼ਮਾਂ ਦੀ ਇਹ ਸ਼ਿਕਾਇਤ ਦੂਰ ਹੋ ਸਕੇਗੀ ਕਿ ਉਨਾਂ ਤੋਂ ਕੰਮ ਵਾਲੀ ਥਾਂ ਤੇ ਸੋਸ਼ਲ ਡਿਸਟੈਂਸਿੰਗ ਬਰਕਾਰ ਨਹੀਂ ਰੱਖ ਪਾਉਂਦੇ। ਭਵਿੱਖਵਾਦੀ ਮਾਰਟਿਨ ਫੌਰਡ ਮੁਤਾਬਕ ਕੋਵਿਡ-19 ਦੌਰਾਨ ਰੋਬੋਟ ਦੀ ਵਰਤੋਂ ਦੇ ਕੁਝ ਮਾਰਿਕਿਟਿੰਗ ਫਾਇਦੇ ਵੀ ਹਨ। ਇਸ ਦਾ ਖ਼ਤਰਾ ਇਹ ਹੈ ਕਿ ਜਿਨਾਂ ਥਾਂਵਾਂ ’ਤੇ ਰੋਬੋਟ ਸਫ਼ਲ ਹੋ ਜਾਣਗੇ। ਮੁੜ ਕੰਪਨੀਆਂ ਸ਼ਾਇਦ ਉਨਾਂ ਥਾਵਾਂ ’ਤੇ ਮਨੁੱਖਾਂ ਨੂੰ ਮੁੜ ਨਾ ਰੱਖਣ। ਉਨਾਂ ਮੁਤਾਬਕ, “ਲੋਕ ਉਨਾਂ ਥਾਵਾਂ ’ਤੇ ਜਾਣਾ ਜ਼ਿਆਦਾਪਸੰਦ ਕਰਨਗੇ ਜਿੱਥੇ ਲੋਕ ਘੱਟ ਹੋਣਗੇ ਤੇ ਮਸ਼ੀਨਾਂ ਕੰਮ ਕਰਦੀਆਂ ਹੋਣ ਕਿਉਂਕਿ ਉਨਾਂ ਨੂੰ ਲਗੇਗਾ ਇਸ ਨਾਲ ਉਹ ਖ਼ਤਰਾ ਘਟਾ ਸਕਦੇ ਹਨ।”

ਉਨਾਂ ਸੇਵਾਵਾਂ ਅਤੇ ਕੰਮ ਦੀਆਂ ਥਾਵਾਂ ਦਾ ਕੀ ਜਿੱਥੇ ਅਗਵਾਈ ਕਰਨ ਲਈ ਮਨੁੱਖਾਂ ਦੀ ਲੋੜ ਰਹਿੰਦੀ ਹੈ? ਵੱਡੀਆਂ ਤਕਨੀਕੀ ਕੰਪਨੀਆਂ ਨੇ ਏਆਈ ਰੋਬੋਟ ਦੀ ਵਰਤੋਂ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਫੇਸਬੁੱਕ ਅਤੇ ਗੂਗਲ ਵਿੱਚ ਗ਼ਲਤ ਪੋਸਟਾਂ ਨੂੰ ਹਟਾਉਣ ਲਈ ਏਆਈ ਦੀ ਵਰਤੋਂ ਕੀਤੀ ਜਾਂਦੀ ਹੈ। ਜਾਣਕਾਰਾਂ ਦੀ ਰਾਇ ਹੈ ਕਿ ਇਸ ਨਾਲ ਮਨੁੱਖਾਂ ਨੂ ਰੋਬੋਟਸ ਉੱਪਰ ਅਖ਼ਤਿਆਰ ਹੋ ਸਕਦਾ ਹੈ। ਹਾਲਾਂਕਿ ਇਹ ਤਸਵੀਰ ਬਦਲ ਵੀ ਸਕਦੀ ਹੈ। ਲੌਕਡਾਊਨ ਦੌਰਾਨ ਅਰਾਮ ਪ੍ਰਸਤ ਹੋ ਰਹੇ ਹਨ। ਵੈਸ਼ਵਿਕ ਸਲਾਹਕਾਰ ਮੈਕਿੰਜ਼ੀ ਨੇ ਸਾਲ 2017 ਦੀ ਰਿਪੋਰਟ ਵਿੱਚ ਅੰਦਾਜ਼ਾ ਲਾਇਆ ਹੈ ਕਿ ਅਮਰੀਕਾ ਵਿੱਚ 2030 ਤੱਕ ਰੋਬੋਟ ਤੇ ਸਵੈਚਾਲਿਤ ਮਸ਼ੀਨਾਂ ਦੁਆਰਾ ਇੱਕ ਤਿਹਾਈ ਮਜ਼ਦੂਰਾਂ ਦੀ ਜਗਾ ਲੈ ਲਈ ਜਾਵੇਗੀ। ਮਹਾਂਮਾਰੀ ਵਿੱਚ ਦੁਨੀਆਂ ਦੀਆਂ ਸੀਮਾਵਾਂ ਬਦਲ ਸਕਦੀ ਹੁੰਦੀ ਹੈ। ਹੁਣ ਇਹ ਮਨੁੱਖ ਨੇ ਦੇਖਣਾ ਹੈ ਕਿ ਮਨੁੱਖ ਇਸ ਬਦਲੀ ਹੋਈ ਦੁਨੀਆਂ ਨਾਲ ਕਿਵੇਂ ਤਾਲ-ਮੇਲ ਬਿਠਾਉਂਦੇ ਹਨ।

# ਮਾਂ ਬੋਲੀ ਨੂੰ ਮਾਂ ਤੋਂ ਖ਼ਤਰਾ



- ਮਿੰਟੂ ਬਰਾੜ

ਪੰਜਾਬੀ ਹਾਂ, ਪੰਜਾਬੀ ਹੋਣ ਤੇ ਮਾਣ ਕਰਦਾ ਹਾਂ, ਮੇਰੀ ਮਾਂ ਬੋਲੀ ਪੰਜਾਬੀ ਹੈ, ਜਿਸ ਨੂੰ ਲਿਖ ਬੋਲ ਕੇ ਰੱਜ ਮਹਿਸੂਸ ਕਰਦਾ ਹਾਂ। ਆਪਣੇ ਗੁਰੂਆਂ ਦੀ ਸਿੱਖਿਆ ਮੁਤਾਬਿਕ ਮਾਂ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਥੋੜਾ ਮਾਇਆ ਰੂਪੀ ਅਤੇ ਬਹੁਤਾ ਸਮੇਂ ਦਾ ਦਸਵੰਧ ਕੱਢਦਾ ਹਾਂ।

ਇਹ ਉਪਰੋਕਤ ਗੱਲਾਂ ਦੱਸਣਾ ਜਾਂ ਇਹ ਲੇਖ ਲਿਖਣ ਦਾ ਮਤਲਬ ਕੋਈ ਵਡਿਆਈ ਲੈਣਾ ਨਹੀਂ ਹੈ। ਬੱਸ ਮਾਂ ਬੋਲੀ ਪ੍ਰਤੀ ਆਪਣੀ ਪੀੜ ਅਤੇ ਨਿਸ਼ਠਾ ਆਪ ਜੀ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜੇਕਰ ਇਸ ਲੇਖ ਦੇ ਕਿਸੇ ਇਕ ਪਾਠਕ ਨੂੰ ਵੀ ਮੈਂ ਹਲੂਣਾ ਦੇਣ 'ਚ ਕਾਮਯਾਬ ਹੋ ਗਿਆ ਤਾਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ।

ਮੈਂ ਸ਼ੁਰੂ 'ਚ ਲਿਖਿਆ 'ਪੰਜਾਬੀ ਹਾਂ।' ਬਿਲਕੁਲ ਪੰਜਾਬੀ ਹਾਂ ਪਰ ਉਹ ਪੰਜਾਬੀ ਹਾਂ ਜਿਸ ਨੇ ਦੋ ਬਾਰ ਵੰਡ ਹੰਢਾਈ। ਜਿਨਾਂ ਨੇ ਇਕ ਬਾਰ ਵੰਡ ਹੰਢਾਈ, ਪੀੜ ਉਨਾਂ ਕੋਲ ਵੀ ਬਹੁਤ ਹੈ ਪਰ ਜਿਨਾਂ ਮੇਰੇ ਵਰਗਿਆਂ ਨੇ ਦੋ ਬਾਰ ਵੰਡ ਹੰਢਾਈ ਉਨਾਂ ਦੀ ਪੀੜ ਦੀ ਗੱਲ ਇਸ ਲੇਖ 'ਚ ਕਰਾਂਗਾ। ਪਹਿਲੀ ਵੰਡ 1947 ਦੀ ਜਿਸ 'ਚ ਪੰਜਾਬ ਜੋ ਕਿ ਮਹਾਂ ਪੰਜਾਬ ਸੀ ਉਹ 'ਚੜਦਾ' ਤੇ 'ਲਹਿੰਦਾ' ਬਣ ਕੇ ਰਹਿ ਗਿਆ। ਉਸ ਵਕਤ ਸਰਮਾਏ ਦੇ ਨਾਲ ਖ਼ੂਨ ਵੀ ਵੰਡਿਆ ਗਿਆ ਪਰ ਇਕ ਸਕੂਨ ਦੀ ਗੱਲ ਇਹ ਕਿ ਉਨਾਂ ਕੋਲੋਂ ਉਨਾਂ ਦੀ ਮਾਂ ਬੋਲੀ ਨਹੀਂ ਖ਼ੁੱਸੀ ਜਾ ਖੋਹੀ ਗਈ ਸੀ। ਪਰ ਦੂਜੀ ਵੰਡ 1966 ਦੀ ਹੈ ਜਿਸ ਨੇ ਸਾਥੋਂ ਸਾਡਾ ਪੰਜਾਬ ਵੀ ਖੋਹ ਲਿਆ ਤੇ ਪੰਜਾਬ ਦਾ ਪੁੱਤ ਕਹਾਉਣ ਦਾ ਹੱਕ ਵੀ। ਪੰਜਾਬੀ ਸੂਬੇ ਦੀ ਮੰਗ ਹੋ ਸਕਦਾ ਸਮੇਂ ਦੇ ਨੇਤਾਵਾਂ ਨੇ ਖੌਰੇ ਮਾਂ ਬੋਲੀ ਦੇ ਭਲੇ ਲਈ ਹੀ ਮੰਗੀ ਹੋਵੇਗੀ। ਪਰ ਮੇਰੇ ਜਿਹੇ ਪਤਾ ਨਹੀਂ ਕਿੰਨਿਆਂ ਕੁ ਨੂੰ ਨਾਸੂਰ ਦੇ ਗਈ।

ਭਾਵੇਂ ਮੇਰਾ ਜਨਮ ਦੂਜੀ ਵੰਡ ਤੋਂ ਤਿੰਨ ਸਾਲ ਬਾਅਦ ਦਾ ਹੈ। ਪਰ ਜਦੋਂ ਮੈਂ ਅੱਖ ਖੋਲੀ ਤਾਂ ਮਾਂ ਨੇ 'ਪੰਜਾਬੀ' ਬੋਲੀ ਦੀ ਗੁੜਤੀ ਦਿੱਤੀ। ਦਾਦੀ ਨੇ ਮਾਂ ਬੋਲੀ 'ਚ ਲੋਰੀਆਂ ਸੁਣਾਈਆਂ, ਭੈਣਾਂ ਅਤੇ ਭਰਾਵਾਂ ਨਾਲ ਨਿੱਕੀਆਂ ਨਿੱਕੀਆਂ ਲੜਾਈਆਂ ਮਾਂ ਬੋਲੀ 'ਚ ਲੜੀਆਂ। ਬਾਪ ਨੇ ਸ਼ੁੱਧ ਮਾਂ ਬੋਲੀ ਦੀਆਂ ਗਾਲਾਂ ਨਾਲ ਛਿੱਤਰ ਫੇਰਿਆ। ਦਾਦੇ ਨੇ ਮਾਂ ਬੋਲੀ 'ਚ ਨਸੀਹਤਾਂ ਦਿੱਤੀਆਂ ਅਤੇ ਹਾਣੀਆ ਨਾਲ ਰਲ ਕੇ ਮਾਂ ਬੋਲੀ 'ਚ ਹੀ ਗਲੀਆਂ 'ਚ ਖੇਡਾਂ ਖੇਡੀਆਂ ਅਤੇ ਬੁੱਲੇ ਲੁੱਟੇ। ਮੇਰਾ ਪਿੰਡ 'ਦੇਸੂ ਮਲਕਾਨਾ', ਜਿਸ ਨੂੰ ਜਦੋਂ ਵੀ ਮੈਂ ਨਕਸ਼ੇ ਤੇ ਦੇਖਦਾ ਹਾਂ ਤਾਂ ਮੈਨੂੰ ਉਸ ਦੀ ਹਾਲਤ ਉਸ ਬੱਲੇਬਾਜ਼ ਵਰਗੀ ਲੱਗਦੀ ਹੈ ਜੋ ਕਿ ਨੜਿਨਵੇਂ ਤੇ ਰਨ ਆਊਟ ਹੋ ਗਿਆ ਹੋਵੇ। ਕਿਉਂਕਿ ਮੇਰੇ ਪਿੰਡ ਦੀ ਇਕ ਵੱਟ ਪੰਜਾਬ ਨਾਲ ਲਗਦੀ ਹੈ ਤੇ ਮੇਰੇ ਪਿੰਡ 'ਚ ਇਕ ਵੀ ਘਰ ਇਹੋ ਜਿਹਾ ਨਹੀਂ ਸੀ ਜੋ ਪੰਜਾਬੀ ਤੋਂ ਛੁੱਟ ਹੋਰ ਭਾਸ਼ਾ ਬੋਲਦਾ ਹੋਵੇ। ਫੇਰ ਵੀ ਪਤਾ ਨਹੀਂ ਕਿਉਂ ਸਮੇਂ ਦੇ ਹਾਕਮਾਂ ਨੂੰ ਤਰਸ ਨਹੀਂ ਆਇਆ ਉਸ ਪਿੰਡ ਨਾਲ ਮਤਰੇਆ ਸਲੂਕ ਕਰਨ ਲੱਗਿਆ ?

ਪੰਜਾਬੀ ਮਾਂ ਬੋਲੀ ਦੇ ਚੁਗਿਰਦੇ 'ਚ ਪਲਿਆ ਇਕ ਜੁਆਕ ਜਦੋਂ ਸਕੂਲ ਦੇ ਦਰਵਾਜ਼ੇ ਮੂਹਰੇ ਅੱਖਰ ਗਿਆਨ ਤੋਂ ਕੋਰਾ ਉਹ ਤਸਵੀਰਾਂ ਦੇਖਦਾ ਹੈ ਤੇ ਆਪਣੇ ਬਾਪ ਤੋਂ ਪੁੱਛਦਾ ਹੈ ਕਿ ਇਹ ਕੀ ਲਿਖਿਆ ਹੈ। ਤਾਂ ਉਹ ਕਹਿੰਦੇ ਲਿਖਿਆ ਹੈ ਕਿ "ਸ਼ਿੱਖਸ਼ਾ ਕੇ ਲੀਏ ਆਏਂ ਔਰ ਸੇਵਾ ਕੇ ਲੀਏ ਜਾਏਂ।" ਭਾਸ਼ਾ ਗਿਆਨ ਤੋਂ ਕੋਰੇ ਅਤੇ ਅਣਭੋਲ ਦਿਮਾਗ਼ ਦੇ ਖ਼ਾਨੇ ਨਹੀਂ ਵੜੀ ਇਹ ਗੱਲ। ਮਾਂ ਨੇ ਤਾਂ ਇਹੋ ਜਿਹੀਆਂ ਗੱਲਾਂ ਕਦੇ ਦੱਸੀਆਂ ਨਹੀਂ ਸਨ!

ਚਲੋ! ਪੜਾਈ ਸ਼ੁਰੂ ਹੋ ਗਈ ਤੇ ਇਹ ਸਿੱਖ ਗਏ ਕੇ "ਦੇਸਾਂ ਮੈਂ ਦੇਸ਼ ਹਰਿਆਣਾ ਜਿਤ ਦੂਧ ਦਹੀਂ ਕਾ ਖਾਣਾ।" ਗੱਲ ਅੱਗੇ ਤੋਰਨ ਤੋਂ ਪਹਿਲਾਂ ਇੱਥੇ ਇਹ ਗੱਲ ਸਾਫ਼ ਕਰ ਦੇਵਾਂ ਕਿ ਮੈਨੂੰ ਨਾ ਹਰਿਆਣੇ ਨਾਲ ਅਤੇ ਨਾ ਕਿਸੇ ਭਾਸ਼ਾ ਨਾਲ ਕੋਈ ਵੀ ਸ਼ਿਕਵਾ ਹੈ। ਬੱਸ ਸ਼ਿਕਵਾ ਹੈ ਤਾਂ ਇਹ ਹੈ ਕਿ ਜਿਨਾਂ ਸੰਘਰਸ਼ ਮੇਰੇ ਜਿਹੇ ਅਣਗਿਣਤ ਲੋਕਾਂ ਨੂੰ ਆਪਣੀ ਮਾਂ ਬੋਲੀ ਨੂੰ ਆਪਣੇ ਕੋਲ ਰੱਖਣ ਲਈ ਕਰਨਾ ਪਿਆ ਉੱਨੇ 'ਚ ਤਾਂ ਜ਼ਿੰਦਗੀ ਰਾਹ ਪੈ ਸਕਦੀ ਸੀ।

ਭਾਵੇਂ ਘਰਦਿਆਂ ਨੇ ਊੜੇ ਅਤੇ ਜੂੜੇ ਨਾਲ ਜੋੜਨ ਦਾ ਆਪਣੇ ਵੱਲੋਂ ਸਿਰ ਤੋੜ ਯਤਨ ਕੀਤਾ ਪਰ ਅਧਿਕਾਰਤ ਸਿੱਖਿਆ ਸੰਸਥਾਨ ਨੇ ਕਿਤੇ ਜਾ ਕੇ ਸੱਤਵੀਂ ਜਮਾਤ 'ਚ ਊੜੇ ਦੇ ਦਰਸ਼ਨ ਕਰਵਾਏ। ਦਸਵੀਂ ਤੱਕ ਜਾਂਦੇ-ਜਾਂਦੇ ਚਾਰ ਸਾਲਾਂ 'ਚ ਚੌਥੀ ਜਮਾਤ ਦੇ ਨਿਆਣੇ ਜਿੰਨੀ ਗੁਰਮੁਖੀ ਦਾ ਗਿਆਨ ਹਾਸਿਲ ਹੋਇਆ। ਦਸਵੀਂ ਤੱਕ ਛੇ ਕੁ ਜਮਾਤਾਂ ਅੰਗਰੇਜ਼ੀ ਮਾਧਿਅਮ ਰਾਹੀ ਪੜੀਆਂ ਤੇ ਬਾਕੀ ਚਾਰ ਹਿੰਦੀ ਮਾਧਿਅਮ 'ਚ ਪੜ ਕੇ ਉੱਚ ਸਿੱਖਿਆ ਪੰਜਾਬ 'ਚ ਲੈਣ ਦੀ ਜ਼ਿੱਦ ਕੀਤੀ। ਮੇਰੇ ਪਿੰਡ ਤੋਂ ਉੱਨੀ ਕੁ ਦੂਰ ਮੇਰਾ ਜ਼ਿਲਾ ਸਿਰਸਾ ਅਤੇ ਉੱਨੀ ਕੁ ਦੂਰ ਬਠਿੰਡਾ ਸੀ। ਉਸ ਵਕਤ ਗਿਆਰਵੀਂ ਨੂੰ ਪਰੈਪ ਕਿਹਾ ਜਾਂਦਾ ਸੀ ਤੇ ਪੰਜਾਬੀ ਮਾਧਿਅਮ ਚੁਣ ਕੇ ਮੈਂ ਆਪਣੇ ਆਪ ਨੂੰ ਮਜ਼ਾਕ ਦਾ ਪਾਤਰ ਬਣਾ ਲਿਆ। ਪੜਾਈ ਕਾਲਜ ਦੀ ਤੇ ਗਿਆਨ ਚਾਰ ਜਮਾਤਾਂ ਦਾ। ਸਭ ਕੁਝ ਆਉਂਦੇ ਹੋਏ ਵੀ ਇਮਤਿਹਾਨ 'ਚ



ਕੁਝ ਲਿਖ ਨਾ ਪਾਉਂਦਾ। ਜਦੋਂ ਕੁਝ ਲਿਖਦਾ ਤਾਂ ਵਿਚ ਧੱਕੇ ਨਾਲ ਹੀ ਹਮ ਕੋ ਤੁਮ ਕੋ ਲਿਖਿਆ ਜਾਂਦਾ। ਬਹੁਤ ਪੀੜਾ ਸਹੀ। ਪਰ ਪੰਜਾਬੀ ਮੇਰੀ ਮਾਂ ਦੀ ਬੋਲੀ ਸੀ ਉਸ ਨੇ ਤਰਸ ਦੇ ਆਧਾਰ ਤੇ ਛੇਤੀ ਉਂਗਲ ਫੜ ਲਈ।

ਗੱਲ ਇੱਥੇ ਖ਼ਤਮ ਹੋਣ ਵਾਲੀ ਨਹੀਂ ਸੀ। ਲੋਕ ਜ਼ਿੰਦਗੀ ਦੇ ਇੱਕੋ ਮੈਦਾਨ 'ਚ ਵੱਖੋ-ਵੱਖਰੀਆਂ ਲੜਾਈਆਂ ਲੜਦੇ ਹਨ। ਪਰ ਮੇਰੀ ਤ੍ਰਾਸਦੀ ਇਹ ਰਹੀ ਕਿ ਜਦੋਂ ਵੀ ਜ਼ਿੰਦਗੀ ਨੇ ਜੰਗ ਦੇ ਮੈਦਾਨ 'ਚ ਭੇਜਿਆ। ਉੱਥੇ ਮੁੱਦਾ ਨਹੀਂ ਬਦਲਿਆ ਬੱਸ ਮੈਦਾਨ ਬਦਲ ਦਿੱਤਾ।

ਭਾਸ਼ਾ ਦੀ ਪਹਿਲੀ ਲੜਾਈ ਹਰਿਆਣੇ 'ਚ ਲੜੀ, ਦੂਜੀ ਪੰਜਾਬ 'ਚ ਤੇ ਤੀਜੀ ਲਈ ਮੈਦਾਨ-ਏ-ਜੰਗ ਵਿਦੇਸ਼ ਦੀ ਧਰਤੀ ਯਾਨੀ ਆਸਟ੍ਰੇਲੀਆ ਬਣ ਗਿਆ। ਤਕਰੀਬਨ ਪਿਛਲੇ ਚੌਦਾਂ ਵਰਿਆਂ ਤੋਂ ਇੱਥੇ ਆਪਣੀ ਮਤਰੇਈ ਮਾਂ ਯਾਨੀ ਕਿ ਅੰਗਰੇਜ਼ੀ ਨਾਲ ਦੋ ਦੋ ਹੱਥ ਕਰ ਰਿਹਾ ਹਾਂ।

ਸ਼ੁਰੂ 'ਚ ਆਪਣੀ ਮਾੜੀ ਅੰਗਰੇਜ਼ੀ ਤੇ ਸ਼ਰਮ ਆਉਂਦੀ ਸੀ ਪਰ ਫੇਰ ਇੱਕ ਫ਼ਿਕਰਾ ਰਟ ਲਿਆ। ਜਿੱਥੇ ਵੀ ਕਿਤੇ ਅੰਗਰੇਜ਼ੀ ਨਾਲ ਪੰਗਾ ਲੈਣਾ ਹੁੰਦਾ ਤਾਂ ਗੱਲ ਇੱਥੋਂ ਸ਼ੁਰੂ ਕਰ ਲੈਣੀ ਕਿ "ਮਾਫ਼ੀ ਚਾਹੁੰਦਾ ਹਾਂ ਮੇਰੀ ਅੰਗਰੇਜ਼ੀ ਏਨੀ ਚੰਗੀ ਨਹੀਂ ਹੈ ਕਿਉਂਕਿ ਇਹ ਮੇਰੀ ਮਾਤਰ ਭਾਸ਼ਾ ਨਹੀਂ ਹੈ ਪਰ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੇਰੀ ਅੰਗਰੇਜ਼ੀ ਏਨੀ ਵੀ ਮਾੜੀ ਨਹੀਂ ਹੈ ਜਿੰਨੀ ਤੁਹਾਡੀ ਪੰਜਾਬੀ ਮਾੜੀ ਹੈ। ਮੈਂ ਹਾਲੇ ਵੀ ਤੁਹਾਨੂੰ ਟੁੱਟੀ-ਭੱਜੀ ਤੁਹਾਡੀ ਮਾਂ ਬੋਲੀ ਅੰਗਰੇਜ਼ੀ 'ਚ ਕੁਝ ਨਾ ਕੁਝ ਸਮਝਾ ਲਾਵਾਂਗਾ ਪਰ ਤੁਹਾਡੇ ਤੋਂ ਇਹ ਵੀ ਨਹੀਂ ਹੋਣਾ।"

ਉਪਰੋਕਤ ਵਰਤਾਰੇ ਨਾਲ ਬੇਗਾਨਿਆਂ ਨਾਲ ਅਤੇ ਬੇਗਾਨੀ ਭਾਸ਼ਾ ਦੀ ਇਹ ਚਿੰਤਾ ਤਾਂ ਸੌਖੀ ਹੱਲ ਹੋ ਗਈ ਪਰ ਛੇਤੀ ਹੀ ਇਕ ਹੋਰ ਚਿੰਤਾ ਨੇ ਆ ਘੇਰਿਆ। ਉਹ ਚਿੰਤਾ ਮੈਨੂੰ ਉਦੋਂ ਬਹੁਤ ਤੰਗ ਕਰਦੀ ਹੈ ਜਦੋਂ ਮੈਂ ਕਿਸੇ ਪੰਜਾਬੀ ਮਾਂ ਨੂੰ ਆਪਣੇ ਬੱਚਿਆਂ ਨਾਲ ਅੰਗਰੇਜ਼ੀ 'ਚ ਗੱਲ ਕਰਦਾ ਦੇਖਦਾ ਹਾਂ। ਮੈਨੂੰ ਉਨਾਂ ਬੱਚਿਆਂ 'ਚੋਂ ਆਪਾ ਝਲਕਦਾ ਹੈ ਅਤੇ ਪਰਵਾਸ ਅਤੇ ਵੰਡ ਦਾ ਮਾਰਿਆ ਇਕ ਹੋਰ 'ਮਿੰਟੂ ਬਰਾੜ' ਪਨਪਦਾ ਦਿਸਦਾ। ਇਹ ਵਰਤਾਰਾ ਦੇਖ ਕੇ ਕਈ ਬਾਰ ਆਪਾ ਖੋਹ ਜਾਂਦਾ ਹਾਂ ਤੇ ਇਹ ਵੀ ਭੁੱਲ ਜਾਂਦਾ ਹਾਂ ਕਿ ਤੇਰਾ ਕੀ ਹੱਕ ਹੈ ਕਿਸੇ ਨੂੰ ਇੰਝ ਟੋਕਨ ਦਾ ਜਾਂ ਕਿਸੇ ਦੀ ਜ਼ਿੰਦਗੀ 'ਚ ਦਖ਼ਲ ਦੇਣ ਦਾ।

ਅੱਜ ਤੱਕ ਜੇ ਵਿਦੇਸ਼ 'ਚ ਮੇਰੇ ਨਾਲ ਨਰਾਜ਼ ਹੋਣ ਵਾਲਿਆਂ ਦੀ ਗਿਣਤੀ ਕਰਾ ਤਾਂ ਜ਼ਿਆਦਾ ਉਹੀ ਨਿਕਲਣਗੇ ਜਿਨਾਂ ਨੂੰ ਮੈਂ ਕਦੇ ਇਸ ਗੱਲ ਤੋਂ ਟੋਕਿਆ ਹੋਣਾ ਕਿ ਬੱਚਿਆਂ ਨਾਲ ਆਪਣੀ ਮਾਂ ਬੋਲੀ 'ਚ ਕਿਉਂ ਨਹੀਂ ਗੱਲ ਕਰਦੇ। ਮੇਰਾ ਇਹ ਵਰਤਾਰਾ ਉਨਾਂ ਲੋਕਾਂ ਨੂੰ ਸੜੀਅਲ ਅਤੇ ਪੇਂਡੂ ਲੱਗਦਾ। ਉਨਾਂ ਨੂੰ ਲਗਦਾ ਕਿ ਮੈਂ ਅਗਾਂਹ ਵਧੂ ਨਹੀਂ ਹਾਂ। ਪਰ ਆਪਾਂ ਵੀ ਮੋਟੀ ਪੂਛ ਵਾਲੇ ਹਾਂ ਹੋਈ ਜਾਵੇ ਕੋਈ ਨਰਾਜ਼ ਆਪਾਂ ਆਪਣੀ ਵਿਦਵਤਾ ਝਾੜ ਹੀ ਦਿੰਦੇ ਹਾਂ।

'ਮਾਂ' ਇਕੱਲੇ ਮੇਰੇ ਲਈ ਹੀ ਨਹੀਂ ਸਗੋਂ ਸਾਰੀ ਕਾਇਨਾਤ ਲਈ ਸਤਿਕਾਰਤ ਹੈ। ਪਰ ਮੈਨੂੰ ਉਹ ਮਾਂ ਵਿਓਹ ਵਰਗੀ ਲੱਗਦੀ ਹੈ ਜੋ ਆਪਣੇ ਬੱਚੇ ਨਾਲ ਬੇਗਾਨੀ ਭਾਸ਼ਾ 'ਚ ਗੱਲ ਕਰਦੀ ਹੈ।

ਬੀਤੇ ਦਿਨੀਂ ਮੈਂ ਇਕ ਇਹੋ ਜਿਹੀ ਨੱਬੇ ਸਾਲਾ ਮਾਂ ਨੂੰ ਇਕ ਸਰਕਾਰੀ ਬੁਢਾਪਾ ਘਰ 'ਚ ਮਿਲਿਆ ਸੀ ਜੋ ਬਾਰ-ਬਾਰ ਕਹਿ ਰਹੀ ਸੀ ਮੇਰਾ ਮੁੰਡਾ ਆਊਗਾ, ਮੇਰਾ ਮੁੰਡਾ ਆਊਗਾ। ਉੱਥੇ ਦੀ ਇਕ ਨਰਸ ਨੇ ਦੱਸਿਆ ਕਿ ਇਹ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਇੱਥੇ ਹੈ ਤੇ ਪਹਿਲਾਂ ਤਾਂ ਕਦੇ ਕਦੇ ਇਸ ਦੇ ਘਰਦਾ ਕੋਈ ਆ ਜਾਂਦਾ ਸੀ ਹੁਣ ਨਹੀਂ ਆਉਂਦੇ। ਨਰਸ ਕਹਿੰਦੀ ਇਹ 'ਮੁੰਡਾ' ਕੀ ਹੁੰਦਾ ? ਜਦੋਂ ਮੈਂ ਦੱਸਿਆ ਤਾਂ ਉਸ ਨੇ ਕਿਹਾ ਅੱਛਾ! ਇਸ ਦੇ ਮੁੰਡੇ ਨੂੰ ਪੰਜਾਬੀ ਬੋਲਣੀ ਨਹੀਂ ਆਉਂਦੀ, ਥੋੜੀ ਬਹੁਤ ਸਮਝ ਲੈਂਦਾ ਹੈ। ਹੁਣ ਜਦੋਂ ਮਾਤਾ ਨੂੰ ਜ਼ਿਆਦਾ ਸੁਰਤ ਨਹੀਂ ਸ਼ਾਇਦ ਇਸ ਲਈ ਨਹੀਂ ਆਉਂਦਾ। ਮੈਂ ਸੋਚ ਰਿਹਾ ਸੀ ਇਹ ਉਹੀ ਨਾਸਮਝ ਮਾਂ ਹੈ ਜਿਸ ਨੇ ਆਪਣੀ ਬੋਲੀ ਆਪਣੀ ਔਲਾਦ ਨੂੰ ਨਹੀਂ ਦਿੱਤੀ। ਕਰਮ ਭੂਮੀ ਤੇ ਤਾਂ ਹਾਲੇ ਇਹੋ ਜਿਹੇ ਵਰਤਾਰੇ ਸੀਮਤ ਹਨ ਪਰ ਜਦੋਂ ਜਨਮ ਭੋਏਂ ਦੀ ਗੱਲ ਕਰਦੇ ਹਾਂ ਤਾਂ ਹੋਰ ਵੀ ਦੁੱਖ ਹੁੰਦਾ ਕਿ ਜਿੱਥੇ ਵਿਦੇਸ਼ ਵੱਸਦੀਆਂ ਜ਼ਿਆਦਾਤਰ ਮਾਵਾਂ ਮਾਂ ਬੋਲੀ ਨੂੰ ਤਰਜੀਹ ਦਿੰਦਿਆਂ ਹਨ ਉੱਥੇ ਸਾਡੇ ਦੇਸ਼ 'ਚ ਤਾਂ ਹੋੜ ਜਿਹੀ ਲੱਗੀ ਪਈ ਹੈ ਅੰਗਰੇਜ਼ੀ ਨੂੰ ਅਪਣਾਉਣ ਦੀ। ਇੱਥੇ ਮੈਂ ਇਹ ਨਹੀਂ ਕਹਿੰਦਾ ਕਿ ਦੂਜੀਆਂ ਭਾਸ਼ਾਵਾਂ ਸਿੱਖਣਾ ਕੋਈ ਜੁਰਮ ਹੈ। ਮੇਰਾ ਤਾਂ ਸਿਰਫ਼ ਇਹ ਕਹਿਣਾ ਹੈ ਕਿ ਆਪਣਿਆਂ ਨੂੰ ਮਾਰ ਕੇ ਦੂਜਿਆਂ ਨੂੰ ਪਾਲਣਾ ਕੋਈ ਸਿਆਣਪ ਨਹੀਂ ਹੁੰਦਾ।

ਬੀਤੇ ਦਿਨੀਂ ਕਿਸੇ ਨੇ ਮੈਨੂੰ ਇਕ ਟੀ.ਵੀ. ਤੇ ਸਵਾਲ ਕੀਤਾ ਕਿ ਵਿਦੇਸ਼ 'ਚ ਲੋਕ ਆਪਣੇ ਬੱਚਿਆਂ ਨੂੰ ਮਾਂ ਬੋਲੀ ਵੱਲ ਅਤੇ ਦੇਸ਼ 'ਚ ਅੰਗਰੇਜ਼ੀ ਵੱਲ ਕਿਉਂ ਧੱਕੇ ਮਾਰਦੇ ਹਨ ? ਮੇਰਾ ਮੰਨਣਾ ਹੈ ਕਿ ਇਸ ਪਿੱਛੇ ਇਕ ਡਰ ਲੁਕਿਆ ਹੋਇਆ। ਸਾਨੂੰ ਵਿਦੇਸ਼ੀਆਂ ਨੂੰ ਡਰ ਹੈ ਕਿ ਕਿਤੇ ਸਾਡੇ ਜੁਆਕ ਮਾਂ ਬੋਲੀ ਨਾ ਭੁੱਲ ਜਾਣ। ਜੇ ਭੁੱਲ ਗਏ ਤਾਂ ਦਾਦੇ-ਦਾਦੀ ਜਾਂ ਫੇਰ ਨਾਨਾ-ਨਾਨੀ ਨਾਲ ਕਿਵੇਂ ਜੁੜਨਗੇ ? ਤੇ ਦੇਸ਼ 'ਚ ਇਹ ਡਰ ਸਤਾਈ ਜਾਂਦਾ ਹੈ ਕਿ ਜੇ ਸਾਡੇ ਜੁਆਕ ਨੂੰ ਅੰਗਰੇਜ਼ੀ ਨਾ ਆਈ ਤਾਂ ਉਹ ਤਰੱਕੀ ਦੀ ਦੌੜ 'ਚ ਪਛੜ ਜਾਵੇਗਾ ? ਬੱਸ ਇਸੇ ਕਾਰਨ ਅਸੀਂ ਜੁਆਕਾਂ ਨੂੰ ਪੰਜਾਬੀ ਸਿਖਾਈ ਜਾਂਦੇ ਹਾਂ ਤੇ ਤੁਸੀਂ ਅੰਗਰੇਜ਼ੀ।

ਅਸਲ ਜ਼ਰੂਰਤ ਤਾਂ ਮੁੱਦਾ ਸਮਝਣ ਦੀ ਹੈ। ਜੇ ਅਸੀਂ ਸਹੀ ਮੁੱਦਾ ਸਮਝ ਗਏ ਤਾਂ ਅਸੀਂ ਇਕ ਨਹੀਂ ਕਈ-ਕਈ ਭਾਸ਼ਾਵਾਂ 'ਚ ਗਿਆਨ ਹਾਸਿਲ ਵੀ ਕਰ ਸਕਦੇ ਹਾਂ ਤੇ ਇਕਸਾਰਤਾ ਵੀ ਕਾਇਮ ਰੱਖ ਸਕਦੇ ਹਾਂ।

ਬਹੁਤ ਸਾਰੇ ਉਪਰਾਲੇ ਅਸੀਂ ਵਿਦੇਸ਼ਾਂ 'ਚ ਕਰ ਰਹੇ ਹਾਂ ਅਤੇ ਬਹੁਤ ਸਾਰੇ ਹੋਰ ਕੀਤੇ ਜਾ ਸਕਦੇ ਹਨ। ਆਸਟ੍ਰੇਲੀਆ ਦੀ ਸਰਕਾਰ ਨੇ ਸਾਡੇ ਨਾਲ ਇਸ ਕੰਮ 'ਚ ਕਦੇ ਵਿਤਕਰਾ ਨਹੀਂ ਕੀਤਾ। ਉਹ ਗੁਰ ਘਰਾਂ ਨੂੰ ਜ਼ਿਆਦਾ ਮਾਲੀ ਮਦਦ ਉਦੋਂ ਹੀ ਕਰਦੀ ਹੈ ਜਦੋਂ ਉਹ ਗੁਰੂ ਘਰ ਦੇ ਨਾਲ ਸਕੂਲ ਵੀ ਚਲਾਉਂਦੇ ਹਨ ਤੇ ਉਹ ਸਕੂਲ ਵੀ ਸਾਡੀ ਮਾਤ ਭਾਸ਼ਾ ਦਾ। ਅੱਜ ਕੱਲ ਤਾਂ ਸਰਕਾਰੀ ਕਾਗ਼ਜ਼ ਵੀ ਗੁਰਮੁਖੀ 'ਚ ਮੁਹੱਈਆ ਹਨ। ਦੋ ਭਾਸ਼ੀਆ ਤੇ ਵੀ ਸਰਕਾਰ ਬਹੁਤ ਪੈਸਾ ਖ਼ਰਚਦੀ ਹੈ। ਬਹੁਤ ਸਾਰੇ ਅਖ਼ਬਾਰ ਅਤੇ ਰਸਾਲੇ, ਰੇਡੀਓ ਅਤੇ ਟੀ.ਵੀ. ਸ਼ੋਅ ਮੁਫ਼ਤ 'ਚ ਲੋਕਾਂ ਤੱਕ ਪੁੱਜਦੇ ਹਨ। ਬਹੁਤ ਸਾਰੇ ਅਦਾਰੇ ਬਣ ਚੁੱਕੇ ਹਨ ਜੋ ਪੰਜਾਬੀ ਦੇ ਸਮਾਗਮ ਅਤੇ ਤਿਉਹਾਰ ਆਦਿ ਕਰਵਾਉਂਦੇ ਰਹਿੰਦੇ ਹਨ। ਪਿਛਲੇ ਚੌਦਾਂ ਵਰਿਆਂ 'ਚ ਜੇ ਕਿਸੇ ਚੀਜ਼ ਨੇ ਮੈਨੂੰ ਸਭ ਤੋਂ ਵੱਧ ਸਕੂਨ ਦਿੱਤਾ ਹੈ ਤਾਂ ਉਹ ਹੈ ਆਸਟ੍ਰੇਲੀਆ 'ਚ ਪੰਜਾਬੀ ਮਾਂ ਬੋਲੀ ਦਾ ਪ੍ਰਸਾਰ ਹੁੰਦਾ ਦੇਖਣਾ। ਪਰ ਜਦੋਂ ਇਸੇ ਸਮੇਂ ਕਾਲ 'ਚ ਆਪਣੇ ਦੇਸ਼ ਤੋਂ ਮਾਂ ਬੋਲੀ ਦੇ ਹੋ ਰਹੇ ਘਾਣ ਦੀਆਂ ਖ਼ਬਰਾਂ ਸੁਣਦੇ ਹਾਂ ਤਾਂ ਉਹੀ ਸਕੂਨ ਖੁੱਸ ਜਾਂਦਾ ਹੈ।

ਅੱਜ ਆਧੁਨਿਕਤਾ ਦੇ ਇਸ ਦੌਰ 'ਚ ਜੋ ਤਾਕਤ ਸਾਨੂੰ ਆਪਣੀ ਭਾਸ਼ਾ ਦੇ ਪ੍ਰਸਾਰ ਕਰਨ ਲਈ ਮੁਫ਼ਤ 'ਚ ਮਿਲੀ ਹੋਈ ਹੈ(ਸੋਸ਼ਲ ਮੀਡੀਆ) ਉਹ ਵੀ ਸਾਡੇ ਤਾਂ ਹੱਡੀ ਬੈਠਦੀ ਜਾ ਰਹੀ ਹੈ। ਪਹਿਲਾਂ ਇੰਗਲਿਸ਼ ਤਾਂ ਸੁਣੀ ਸੀ ਹੁਣ ਤਕਰੀਬਨ ਦਹਾਕੇ ਤੋਂ ਇਕ 'ਪਿਨਗਲਿਸ਼' ਦਾ ਜਨਮ ਹੋ ਗਿਆ। ਜਿਹੜੀ ਕਿ ਮਾਂ ਬੋਲੀ ਲਈ ਇਸ ਵਕਤ ਸਭ ਤੋਂ ਵੱਧ ਖ਼ਤਰਨਾਕ ਹੈ।

ਬਹੁਤ ਦੁੱਖ ਲੱਗਦਾ ਹੈ ਜਦੋਂ ਕਈ ਬੁੱਧੀਜੀਵੀ ਜਾਂ ਤਾਂ ਖੁੱਲ ਕੇ ਇਸ ਦਾ ਸਮਰਥਨ ਕਰਦੇ ਹਨ ਜਾਂ ਫੇਰ ਜਾਣੇ-ਅਨਜਾਣੇ 'ਚ ਇਸ ਨੂੰ ਰੋਜ਼ਮਰਾ ਦੀ ਜ਼ਿੰਦਗੀ 'ਚ ਵਰਤ ਕੇ ਇਸ ਦਾ ਫੈਲਾਓ ਕਰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਅੱਜ ਦੇ ਯੁੱਗ 'ਚ ਹਰ ਕੋਈ ਦਿਨ 'ਚ ਘੱਟੋ ਘੱਟ ਦਸ ਬਾਰ ਵੱਖੋ-ਵੱਖ ਮਾਧਿਅਮਾਂ ਰਾਹੀਂ ਇਕ ਦੂਜੇ ਨੂੰ ਸੁਨੇਹੇ ਭੇਜਦਾ ਹੈ। ਜੇਕਰ ਅਸੀਂ ਆਪਣੇ ਆਪ ਨਾਲ ਇਹ ਬਚਨ ਕਰ ਲੈਂਦੇ ਹਾਂ ਕਿ ਅੱਜ ਤੋਂ ਮੈਂ ਰੋਮਨ 'ਚ ਨਹੀਂ ਸਿਰਫ਼ ਗੁਰਮੁਖੀ 'ਚ ਪੰਜਾਬੀ ਲਿਖਾਂਗਾ ਤਾਂ ਬਹੁਤ ਵੱਡੀ ਕ੍ਰਾਂਤੀ ਆ ਸਕਦੀ ਹੈ।

ਅੱਜ ਤਾਂ ਸਾਡੇ ਕੋਲ ਗੁਰਮੁਖੀ ਨੂੰ ਇਕੱਲੇ ਟਾਈਪ ਕਰਨ ਦੇ ਹੀ ਨਹੀਂ ਬੋਲ ਕੇ ਲਿਖਣ ਦੇ ਵੀ ਸਾਧਨ ਹਾਸਿਲ ਹਨ। ਜਿਹੜੇ ਕਿ ਸੌ ਫ਼ੀਸਦੀ ਸਹੀ ਕੰਮ ਕਰਦੇ ਹਨ ਕਿਉਂਕਿ ਭਾਸ਼ਾ ਮਾਹਿਰਾਂ ਦਾ ਮੰਨਣਾ ਹੈ ਕਿ ਗੁਰਮੁਖੀ ਦੁਨੀਆ ਦੀ ਇੱਕੋ-ਇਕ ਭਾਸ਼ਾ ਹੈ ਜਿਸ ਕੋਲ ਬਵੰਜਾ ਅੱਖਰ ਅਤੇ ਸਹਾਇਕ ਹਨ। ਉਨਾਂ ਦਾ ਮੰਨਣਾ ਹੈ ਕਿ ਇਕ ਸਰੀਰ ਕੋਲ ਬਵੰਜਾ ਧੁਨੀਆਂ ਕੱਢਣ ਦੀ ਹੀ ਤਾਕਤ ਹੁੰਦੀ ਹੈ ਤੇ ਗੁਰਮੁਖੀ ਉਸ ਨੂੰ ਪੂਰਨ ਵਰਤ ਸਕਦੀ ਹੈ। (ਜਿਸ ਦਾ ਵਿਸਥਾਰ ਤੁਸੀਂ ਅਮਨਦੀਪ ਸਿੰਘ ਦੀ ਕਿਤਾਬ 'ਮੁੰਦਾਵਣੀ' ਦੇ ਇਕ ਲੇਖ ਵਿਚੋਂ ਲੈ ਸਕਦੇ ਹੋ)

ਪੰਜਾਬੀ ਵਿਸ਼ਵ ਵਿਦਿਆਲਿਆ ਪਟਿਆਲਾ ਭਾਵੇਂ ਭਾਸ਼ਾ ਦੇ ਆਧਾਰ ਤੇ ਬਣਿਆ ਇਕਲੌਤਾ ਅਦਾਰਾ ਹੈ ਜਿਸ ਨੂੰ ਕਿ ਅਕਸਰ ਭੰਡਿਆ ਜਾਂਦਾ ਹੈ ਪਰ ਮੇਰਾ ਮੰਨਣਾ ਹੈ ਕਿ ਉਹ ਆਪਣੇ ਸੀਮਤ ਸਾਧਨਾਂ ਨਾਲ ਕਾਫ਼ੀ ਕੁਝ ਸਾਨੂੰ ਦੇ ਰਿਹਾ ਹੈ। ਨਿੱਜੀ ਤੌਰ ਤੇ ਜੇ ਮੈਂ ਅੱਜ ਪੰਜਾਬੀ ਲਿਖਣ ਦੇ ਕਾਬਿਲ ਹੋਇਆ ਹਾਂ ਤਾਂ ਇਸ 'ਚ ਵਿਸ਼ਵ ਵਿਦਿਆਲਿਆ ਵੱਲੋਂ ਬਣਾਏ 'ਅੱਖਰ' ਸਾਫ਼ਟਵੇਅਰ ਦਾ ਬਹੁਤ ਵੱਡਾ ਯੋਗਦਾਨ ਹੈ। ਅਖੀਰ 'ਚ ਮੈ ਇਹ ਗੱਲ ਮਾਣ ਨਾਲ ਲਿਖ ਸਕਦਾ ਹਾਂ ਕਿ ਅੱਜ ਜੇ ਪਾਠਕਾਂ 'ਚ ਮੈਂ ਥੋੜੀ ਬਹੁਤ ਪਛਾਣ ਬਣਾਈ ਹੈ ਤਾਂ ਉਹ ਮੇਰੀ ਮਾਂ ਬੋਲੀ ਦੀ ਬਦੌਲਤ ਹੀ ਹੈ। ਮਾਂ ਬੋਲੀ ਜਿਸ ਤੇ ਰਹਿਮਤਾਂ ਕਰ ਦੇਵੇ ਉਸ ਦੀਆਂ ਝੋਲੀਆਂ ਭਰ ਦਿੰਦੀ ਹੈ ਪਰ ਅਫ਼ਸੋਸ ਝੋਲੀਆਂ ਭਰ ਕੇ ਇਸ ਦੇ ਉਹੀ ਪੁੱਤ ਅਕਸਰ ਕਪੁੱਤ ਬਣ ਕੇ ਕੈਮਰਿਆਂ ਮੂਹਰੇ ਚੌੜੇ ਹੋ-ਹੋ ਕਹਿੰਦੇ ਹਨ ਕਿ ਅਸੀਂ ਤਾਂ ਮਾਂ ਬੋਲੀ ਦੀ ਸੇਵਾ ਕਰ ਰਹੇ ਹਾਂ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਸ੍ਰੀ ਗੁਰੂ ਨਾਨਕ ਦੇਵ ਜੀ : ਜੀਵਨ ਅਤੇ ਸਿੱਖਿਆਵਾਂ

**- ਡਾ. ਮੁਹੰਮਦ ਇਦਰੀਸ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ ਹੋਇਆ ਸੀ। ਰਾਇ ਭੋਇ ਦੀ ਤਲਵੰਡੀ ਦਾ ਨਾਮ ਹੁਣ ਸ੍ਰੀ ਨਨਕਾਣਾ ਸਾਹਿਬ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਪਾਕਿਸਤਾਨ ਦੀ ਸਰਕਾਰ ਵੱਲੋਂ ਜ਼ਿਲ੍ਹਾ ਬਣਾ ਦਿੱਤਾ ਗਿਆ ਹੈ। ਇਹ ਲਾਹੌਰ ਤੋਂ ੬੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪੱਛਮ ਵੱਲ ਹੈ। ਗੁਰੂ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਜੀ ਅਤੇ ਪਿਤਾ ਦਾ ਨਾਮ ਮਹਿਤਾ ਕਾਲੂ ਜੀ ਸੀ। ਮੁੱਢਲੀ ਉਮਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਸਿੱਖਿਆ ਦੇ ਖੇਤਰ ਵਿਚ ਹਿਸਾਬ ਤੇ ਲੰਡਾ ਲਿਪੀ ਆਦਿ ਆਪਣੇ ਪਿਤਾ ਜੀ ਤੋਂ, ਗੋਪਾਲ ਪੰਡਿਤ ਤੋਂ ਹਿੰਦੀ, ਬ੍ਰਿਜ ਲਾਲ ਪੰਡਿਤ ਤੋਂ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਇਕ ਮੁਸਲਿਮ ਮੌਲਵੀ ਕੁਤਬ-ਉਦ-ਦੀਨ ਤੋਂ ਸਿੱਖੀ ਸੀ। ਬਚਪਨ ਤੋਂ ਹੀ ਉਨ੍ਹਾਂ ਦਾ ਸੁਭਾਅ ਸੂਫੀਆਂ ਅਤੇ ਸੰਤਾਂ ਵਾਲਾ ਸੀ। ਪਰਵਾਰਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੌਕਰੀ ਕਰਨ ਹਿੱਤ ਸੁਲਤਾਨਪੁਰ ਲੋਧੀ ਵੱਡੀ ਭੈਣ ਨਾਨਕੀ ਜੀ ਕੋਲ ਆ ਗਏ, ਜਿਨ੍ਹਾਂ ਨੂੰ ਸਤਿਕਾਰ ਸਹਿਤ ਬੇਬੇ ਨਾਨਕੀ ਜੀ ਕਿਹਾ ਜਾਂਦਾ ਹੈ। ਬੇਬੇ ਨਾਨਕੀ ਜੀ ਦੇ ਪਤੀ ਜੈ ਰਾਮ ਜੀ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਵਾਬ ਦੌਲਤ ਖ਼ਾਨ ਲੋਧੀ ਜੋ ਪੰਜਾਬ ਦਾ ਗਵਰਨਰ ਸੀ, ਦੇ ਮੋਦੀ ਖਾਨੇ ਵਿਚ ਨੌਕਰੀ ਲਗਵਾ ਦਿੱਤੀ। ਪ੍ਰੰਤੂ ਇੱਥੇ ਵੀ ਉਨ੍ਹਾਂ ਦਾ ਮਨ ਦੁਨਿਆਵੀ ਕੰਮਾਂ ਵਿਚ ਨਾ ਲੱਗਾ, ਸਗੋਂ ਉਹ ਪਰਮਾਤਮਾ ਦੀ ਉਸਤਤ ਵਿਚ ਰਹਿੰਦੇ ਸਨ। ੧੪੮੭ ਈ. ਵਿਚ ਮੂਲ ਚੰਦ ਖੱਤਰੀ ਜੋ ਕਿ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਨੇੜੇ ਪੱਖੋਕੇ ਰੰਧਾਵਾ ਦਾ ਰਹਿਣ ਵਾਲਾ ਸੀ, ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਗੁਰੂ ਸਾਹਿਬ ਜੀ ਦਾ ਵਿਆਹ ਹੋਇਆ। ਉਨ੍ਹਾਂ ਦੇ ਘਰ ਬਾਬਾ ਸ੍ਰੀ ਚੰਦ ਅਤੇ ਬਾਬਾ ਲਖਮੀ ਦਾਸ, ਦੋ ਪੁੱਤਰਾਂ ਦਾ ਜਨਮ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਾਲੀ ਵੇਈਂ ਸੁਲਤਾਨਪੁਰ ਲੋਧੀ ਵਿਖੇ ਇਲਾਹੀ ਗਿਆਨ ਪ੍ਰਾਪਤ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਵਿਚ ਸ਼ੈਵ ਮਤ, ਵੈਸ਼ਨਵ ਮਤ, ਬੁੱਧ, ਜੈਨ, ਇਸਲਾਮ ਧਰਮ, ਸਿਧ, ਨਾਥ, ਜੋਗ ਮਤ, ਭਗਤੀ ਲਹਿਰ, ਇਸਲਾਮ ਤੇ ਸੂਫ਼ੀ ਮਤ ਆਦਿ ਲਹਿਰਾਂ ਤੇ ਧਰਮਾਂ ਦਾ ਪ੍ਰਸਾਰ ਤੇ ਪ੍ਰਚਾਰ ਹੋ ਚੁੱਕਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁੱਢਲਾ ਮੰਤਵ ਉਪਰੋਕਤ ਸੰਪਰਦਾਵਾਂ, ਲਹਿਰਾਂ ਤੇ ਧਾਰਮਿਕ ਸਥਾਨ ਦੀਆਂ ਯਾਤਰਾਵਾਂ ਕਰ ਕੇ ਉਨ੍ਹਾਂ ਦੇ ਮੁਖੀਆਂ ਨਾਲ ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਮੁੱਦਿਆਂ ਉੱਪਰ ਸੰਵਾਦ ਰਚਾਉਣਾ ਸੀ। ਇਸ ਜਗਿਆਸਾ ਦੀ ਪੂਰਤੀ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਮਹੱਤਵਪੂਰਨ ਯਾਤਰਾਵਾਂ ਕੀਤੀਆਂ ਗਈਆਂ ਸਨ। ਯਾਤਰਾਵਾਂ ਦੌਰਾਨ ਵਧੇਰੇ ਸਮਾਂ ਭਾਈ ਮਰਦਾਨਾ ਜੀ (ਮੁਸਲਿਮ ਸਾਥੀ) ਉਨ੍ਹਾਂ ਦੇ ਨਾਲ ਰਹੇ ਸਨ। 'ਪੁਰਾਤਨ ਜਨਮ ਸਾਖੀ' ਅਨੁਸਾਰ ਪੰਜ ਯਾਤਰਾਵਾਂ ਕੀਤੀਆਂ ਸਨ, ਪਰ ਸਿੱਖ ਪਰੰਪਰਾਵਾਂ ਵਿਚ ਗੁਰੂ ਸਾਹਿਬ ਜੀ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਆਉਂਦਾ ਹੈ। 'ਮਿਹਰਬਾਨ ਵਾਲੀ ਜਨਮਸਾਖੀ' ਅਨੁਸਾਰ ਵੀ ਚਾਰ ਉਦਾਸੀਆਂ ਸਨ। ਉਦਾਸੀਆਂ ਦੀ ਸ਼ੁਰੂਆਤ ਪੂਰਬ ਤੇ ਦੱਖਣ ਵੱਲ ਹਿੰਦੂ ਧਰਮ ਦੇ ਪ੍ਰਮੁੱਖ ਧਾਰਮਿਕ ਨਗਰਾਂ- ਕੁਰੂਕਸ਼ੇਤਰ, ਦਿੱਲੀ, ਹਰਿਦੁਆਰ, ਮਥਰਾ, ਅਯੁੱਧਿਆ, ਪ੍ਰਯਾਗ, ਬਨਾਰਸ, ਢਾਕਾ, ਗਯਾ, ਮਾਲਦੇਵ ਆਦਿ ਸਥਾਨਾਂ 'ਤੇ ਜਾ ਕੇ ਧਾਰਮਿਕ ਮੁਖੀਆਂ ਨਾਲ ਹੱਕ ਤੇ ਸੱਚ ਪ੍ਰਤੀ ਸੰਵਾਦ ਰਚਾਏ ਗਏ। ਗੁਰੂ ਸਾਹਿਬ ਪਰਬਤ ਦੇ ਇਲਾਕਿਆਂ ਜਿਵੇਂ- ਜਵਾਲਾਮੁਖੀ, ਕਾਂਗੜਾ, ਰਿਵਾਲਸਰ, ਕੁੱਲੂ, ਲਾਹੌਲ ਸਪਿਤੀ, ਕਸ਼ਮੀਰ ਵਾਦੀ, ਤਿੱਬਤ, ਨੇਪਾਲ ਅਤੇ ਭੂਟਾਨ ਆਦਿ ਧਾਰਮਿਕ ਸਥਾਨਾਂ 'ਤੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਸਮੇਂ ਭਾਰਤ ਵਿਚ ਦਿੱਲੀ ਸਲ਼ਤਨਤ ਦੇ ਲੋਧੀ ਸੁਲਤਾਨਾਂ ਅਤੇ ਮੁਗ਼ਲ ਬਾਦਸ਼ਾਹਾਂ ਦਾ ਰਾਜ ਸੀ। ਲੋਧੀ ਸੁਲਤਾਨ ਅਤੇ ਮੁਗ਼ਲ ਬਾਦਸ਼ਾਹ ਦੋਵੇਂ ਇਸਲਾਮ ਧਰਮ ਦੇ ਪੈਰੋਕਾਰ ਸਨ। ਇਸਲਾਮ ਮੱਧ ਪੂਰਬ ਤੋਂ ਕੇਂਦਰੀ ਏਸ਼ੀਆ ਰਾਹੀਂ ਭਾਰਤ ਵਿਚ ਪਹੁੰਚਿਆ ਸੀ। ਇਸਲਾਮ ਦੇ ਮੂਲ ਧਾਰਮਿਕ ਸਥਾਨ ਮੱਕਾ ਸ਼ਰੀਫ ਅਤੇ ਹੋਰ ਪ੍ਰਮੁੱਖ ਇਸਲਾਮੀ ਕੇਂਦਰਾਂ, ਧਾਰਮਿਕ ਸਥਾਨਾਂ ਦੀ ਅਗਲੀ ਯਾਤਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨਾਲ ਸ਼ੁਰੂ ਕੀਤੀ ਸੀ। ਇਸ ਯਾਤਰਾ ਦਾ ਮੁੱਖ ਮੰਤਵ ਭਾਰਤੀ ਹੁਕਮਰਾਨਾਂ ਦੇ ਧਾਰਮਿਕ ਸਥਾਨਾਂ ਉੱਪਰ ਜਾ ਕੇ ਉਨ੍ਹਾਂ ਨੂੰ ਸ਼ੁਭ ਅਮਲਾਂ ਦਾ ਉਪਦੇਸ਼ ਦੇਣਾ ਸੀ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਮੱਕਾ ਮਦੀਨਾ ਤੋਂ ਬਗ਼ਦਾਦ ਪਹੁੰਚੇ ਸਨ। ਮੱਕਾ ਜਾਣ ਸਮੇਂ ਗੁਰੂ ਸਾਹਿਬ ਰਸਤੇ ਵਿਚ ਤਲਵੰਡੀ ਰਾਇ ਭੋਇ, ਖ਼ੈਰਪੁਰ, ਸਿੰਧ, ਖ਼ਾਨਪੁਰ, ਅਹਿਮਦਪੁਰ ਉੱਚ, ਮੁਲਤਾਨ, ਆਦਿ ਪ੍ਰਮੁੱਖ ਇਸਲਾਮੀ ਧਾਰਮਿਕ ਸਥਾਨਾਂ 'ਤੇ ਰੁਕੇ ਸਨ ਅਤੇ ਉਪਦੇਸ਼ ਦਿੱਤਾ ਸੀ। ਮੁਲਤਾਨ ਵਿਚ ਸੁਹਰਾਵਰਦੀ ਸੂਫ਼ੀਆਂ ਨੂੰ ਮਿਲਣ ਉਪਰੰਤ ਉੱਚ ਵਿਖੇ ਹਾਜੀ ਅਬਦੁੱਲਾ ਬੁਖ਼ਾਰੀ ਸੁਹਰਾਵਰਦੀ ਨੂੰ ਮਿਲੇ ਸਨ। ਪਾਕਪਟਨ ਵਿਖੇ ਭਗਤ ਸ਼ੇਖ ਫ਼ਰੀਦ ਜੀ ਦੀ ਦਰਗਾਹ ਉੱਪਰ ੧੨ਵੇਂ ਗੱਦੀ-ਨਸ਼ੀਨ ਸ਼ੇਖ਼ ਇਬਰਾਹੀਮ ਫ਼ਰੀਦ ਸਾਨੀ ਨਾਲ ਮੁਲਾਕਾਤ ਕਰਨ ਉਪਰੰਤ ਤੁਲੰਬਾ ਭਾਵ ਮਖ਼ਦੂਮਪੁਰਾ ਗਏ। ਉੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ ਸੀ। ਇਸ ਯਾਤਰਾ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕਿਸ਼ਤੀ ਰਾਹੀਂ ਸਫ਼ਰ ਤੈਅ ਕੀਤਾ ਗਿਆ। ਉਨ੍ਹਾਂ ਦੇ ਨਾਲ ਭਾਈ ਮਰਦਾਨਾ ਜੀ ਤੇ ਮੁਲਤਾਨ ਦਾ ਸੂਫ਼ੀ ਬਹਾਊ-ਉਦ-ਦੀਨ ਵੀ ਸਨ। ਇਸ ਯਾਤਰਾ ਦੌਰਾਨ ਹੀ ਲਖ਼ਪਤ ਨਗਰ ਤੋਂ ਕੁਰੀਆਨੀ ਅਤੇ ਕੋਟ ਸਵੇਰਾ ਰਾਹੀਂ ਸਮੁੰਦਰ ਕੰਢੇ 'ਤੇ ਬਣੇ ਸਵਾਮੀ ਨਰਾਇਣ ਮੰਦਿਰ ਵਿਖੇ ਜਾਣ ਉਪਰੰਤ ਸੈਨਮਿਆਨੀ (ਮਿਆਨੀ) ਬੰਦਰਗਾਹ ਮੌਜੂਦਾ ਪਾਕਿਸਤਾਨ ਦੇ ਕਰਾਚੀ ਸ਼ਹਿਰ ਤੋਂ ੮੦ ਕਿਲੋਮੀਟਰ ਪੱਛਮ ਵੱਲ ਪਹੁੰਚੇ ਸਨ। ਯਮਨ ਦੇ ਸ਼ਹਿਰ ਅਦਨ ਵਿਖੇ ਕੁਝ ਦਿਨ ਰੁਕਣ ਉਪਰੰਤ ਸਾਉਦੀ ਅਰਬੀਆ ਦੇ ਸ਼ਹਿਰ ਜੱਦਾ ਦੀ ਬੰਦਰਗਾਹ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਅਤੇ ਸੱਯਦ ਮੁਹੰਮਦ ਗੌਂਸ, ਜੋ ਕਿ ਸਨਕੋਂਤਰਾ ਦਾ ਰਹਿਣ ਵਾਲਾ ਸੂਫ਼ੀ ਸੀ, ਨਾਲ ੪੦ ਮੀਲ ਲੰਬਾ ਰੇਗਿਸਤਾਨੀ ਰਸਤਾ ਤੈਅ ਕਰ ਕੇ ਮੱਕਾ ਮਦੀਨਾ ਪਹੁੰਚੇ ਸਨ। ਮੱਕਾ ਸ਼ਰੀਫ਼ ਵਿਖੇ ਕਾਅਬਾ ਦੀ ਮਸਜਿਦ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੈਰ ਕਰ ਕੇ ਸੌਣਾ ਅਤੇ ਮੌਲਵੀ ਮੁਹੰਮਦ ਹਸਨ, ਇਮਾਮ ਜਫ਼ਰ, ਪੀਰ ਅਬਦਲ ਵਹਾਵ ਅਤੇ ਰੁਕਨ-ਉਦ-ਦੀਨ ਨਾਲ ਵਾਰਤਾ ਮੁਸਲਿਮ-ਸਿੱਖ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦੀ ਹੈ ਜਿਸ ਰਾਹੀਂ ਗੁਰੂ ਜੀ ਨੇ ਪਰਮਾਤਮਾ ਦੀ ਸਰਬ ਵਿਆਪਕਤਾ ਦਾ ਉਪਦੇਸ਼ ਦਿੱਤਾ। ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੀਲਾ ਬਾਣਾ ਧਾਰਨ ਕੀਤਾ ਹੋਇਆ ਸੀ, ਨਮਾਜ਼ ਪੜ੍ਹਨ ਵਾਲਾ ਮੁਸੱਲਾ, ਲੋਟਾ ਅਤੇ ਸ਼ਬਦਾਂ ਦੀ ਪੋਥੀ ਕੋਲ ਰੱਖੇ ਹੋਏ ਸਨ। ਦੇਖਣ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਲਿਮ ਹਾਜੀ ਲੱਗਦੇ ਸਨ। ਇਹ ਵੇਰਵਾ ਮੱਕੇ ਮਦੀਨੇ ਦੀ ਗੋਸ਼ਟ ਅਧੀਨ ਦਰਜ ਹੈ। ਭਾਈ ਗੁਰਦਾਸ ਜੀ ਦੁਆਰਾ ਇਸ ਨੂੰ ਵਾਰ ਪਹਿਲੀ ਦੀ ਬੱਤੀਵੀਂ ਪਉੜੀ ਵਿਚ ਲਿਖਿਆ ਗਿਆ ਹੈ। ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਅਤੇ ਮਿਹਰਬਾਨ ਜੀ ਅਨੁਸਾਰ ਮੱਕਾ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਮਦੀਨਾ ਸ਼ਰੀਫ ਵੱਲ ਨੂੰ ਗਏ ਜਿੱਥੇ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਕਈ ਸਾਲ ਬਤੀਤ ਕੀਤੇ ਸਨ। ਮਦੀਨਾ ਵਿਖੇ ਉਨ੍ਹਾਂ ਦੀ ਵਾਰਤਾ ਇਮਾਮ ਜ਼ਫ਼ਰ ਆਦਿ ਮੌਲਵੀਆਂ ਨਾਲ ਹੋਈ ਸੀ। ਮਦੀਨਾ ਸ਼ਰੀਫ ਤੋਂ ਉਹ ਬਗ਼ਦਾਦ ਗਏ। ਬਗ਼ਦਾਦ ਵਿਖੇ ਉਨ੍ਹਾਂ ਦੀ ਵਾਰਤਾ ਪੀਰ ਦਸਤਗੀਰ, ਅਬਦੁਲ ਕਾਦਿਰ ਜਿਲਾਨੀ, ਪੀਰ ਬਹਿਲੋਲ ਆਦਿ ਮੌਲਵੀਆਂ ਨਾਲ ਹੋਈ ਸੀ। ਭਾਈ ਗੁਰਦਾਸ ਜੀ ਅਨੁਸਾਰ :

**ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ। (ਵਾਰ ੧:੩੨)**

ਬਗਦਾਦ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਤਹਿਰਾਨ ਅਤੇ ਮਸਹਦ (ਤੂਸ) ਰਾਹੀਂ ਤਬਰੇਜ਼, ਕੰਧਾਰ, ਕਾਬੁਲ, ਜਲਾਲਾਬਾਦ, ਪਿਸ਼ਾਵਰ, ਨੌਸ਼ਿਹਰਾ, ਹੋਤੀ ਮਰਦਾਨ, ਹਸਨ ਅਬਦਾਲ, ਸੱਯਦਪੁਰ ਤੋਂ ਵਾਪਸ ਪਹੁੰਚੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਵਧੇਰੇ ਰਸਤਾ ਪੈਦਲ ਹੀ ਤੈਅ ਕੀਤਾ ਗਿਆ ਸੀ। ਪ੍ਰਸਿੱਧ ਯਾਤਰੀ ਇਬਨ-ਬਤੂਤਾ, ਹਾਜੀਆਂ, ਵਪਾਰੀਆਂ, ਸੂਫ਼ੀਆਂ ਅਤੇ ਕੁਝ ਹਮਲਾਵਰਾਂ ਵੱਲੋਂ ਮੱਧਕਾਲ ਸਮੇਂ ਇਸ ਰਸਤੇ ਰਾਹੀਂ ਆਉਣ-ਜਾਣ ਦੇ ਸਾਨੂੰ ਅਨੇਕਾਂ ਹਵਾਲੇ ਮਿਲਦੇ ਹਨ। ੨੨ ਸਤੰਬਰ, ੧੫੩੯ ਈ. ਨੂੰ ਅੰਮ੍ਰਿਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਜੋਤੀ-ਜੋਤ ਸਮਾ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਦਾ ਉਦੇਸ਼ ਝੂਠੇ ਰੀਤੀ ਰਿਵਾਜਾਂ, ਕਰਮ-ਕਾਂਡਾਂ, ਮੂਰਤੀ-ਪੂਜਾ, ਜਾਤ-ਪਾਤ, ਜਨਮ, ਰੰਗ, ਨਸਲ, ਬਰਾਦਰੀਆਂ, ਊਚ-ਨੀਚ, ਸਮਾਜਿਕ, ਸੱਭਿਆਚਾਰਕ, ਆਰਥਿਕ, ਧਾਰਮਿਕ ਆਦਿ ਅਸਮਾਨਤਾਵਾਂ ਆਦਿ ਵਿਰੁੱਧ ਸੁਨੇਹਾ ਦੇਣਾ ਸੀ। ਗੁਰੂ ਜੀ ਦੁਆਰਾ ਦਿੱਤੇ ਗਏ ਉਪਦੇਸ਼ ਇਸਲਾਮ ਧਰਮ 'ਤੇ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਵਿਚਕਾਰ ਅਨੇਕਾਂ ਸਮਾਨਤਾਵਾਂ ਰੱਖਦੇ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਸਮਾਨਤਾਵਾਂ ਇੱਕ ਰੱਬ, ਉਸ ਪ੍ਰਤੀ ਸੱਚਾ ਵਿਸ਼ਵਾਸ, ਰੱਬ ਦੀ ਬੰਦਗੀ, ਜਾਤ-ਪਾਤ ਦਾ ਖੰਡਨ ਤੇ ਹੋਰ ਕਰਮ-ਕਾਂਡਾਂ ਦਾ ਵਿਰੋਧ, ਮੂਰਤੀ-ਪੂਜਾ ਦਾ ਖੰਡਨ, ਧਾਰਮਿਕ ਸਹਿਣਸ਼ੀਲਤਾ, ਰੱਬ ਦੀ ਦਿਆਲਤਾ, ਅਨੰਤਤਾ, ਰੱਬ ਦੀ ਪ੍ਰਾਪਤੀ ਲਈ ਸਮਰਪਣ, ਚੰਗੇ ਕਰਮਾਂ 'ਤੇ ਜ਼ੋਰ, ਗ੍ਰਹਿਸਥੀ ਜੀਵਨ, ਨੈਤਿਕ ਅਤੇ ਪਵਿੱਤਰ ਜੀਵਨ ਬਤੀਤ ਕਰਨ 'ਤੇ ਜ਼ੋਰ, ਪ੍ਰਭਾਵਸ਼ਾਲੀ ਵਿਅਕਤੀਤਵ, ਸਿੱਖਿਆਵਾਂ ਅਨੁਸਾਰ ਜੀਵਨ, ਸਿੱਖਿਆਵਾਂ ਦੀ ਸਰਲਤਾ, ਜਾਤੀ ਅਭਿਮਾਨ ਦਾ ਖੰਡਨ, ਮਨੁੱਖਤਾ ਦੀ ਸੇਵਾ, ਸਵੇਰ-ਸ਼ਾਮ ਪਰਮਾਤਮਾ ਦਾ ਨਾਮ ਲੈਣਾ, ਜ਼ਕਾਤ ਤੇ ਧਰਮ ਹਿੱਤ ਦਾਨ-ਪੁੰਨ ਰਾਜਨੀਤਿਕ ਅੱਤਿਆਚਾਰਾਂ ਅਤੇ ਜ਼ਬਰ ਵਿਰੁੱਧ ਅਵਾਜ਼ ਉਠਾਉਣੀ, ਸੱਚੇ ਮਾਰਗਦਰਸ਼ਕ, ਪੈਗ਼ੰਬਰ, ਦਾਰਸ਼ਨਿਕ, ਗ੍ਰਹਿਸਥੀ ਦੇ ਨਾਲ ਸੱਚ ਦੀ ਆਵਾਜ਼ ਲਈ ਯਾਤਰਾ ਕਰਨ ਵਾਲੇ, ਨਿਧੜਕ, ਨਿਮਰਤਾ ਦੇ ਪੁੰਜ ਅਤੇ ਮਿੱਠੇ ਸੁਭਾਅ ਵਾਲੇ ਨੀਤੀਵੇਤਾ ਅਤੇ ਵਿਸ਼ਵ-ਵਿਆਪੀ ਤੇ ਸਿੱਖਿਅਕ ਆਦਿ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੀ ਹਰਮਨ ਪਿਆਰੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਸਾਰੇ ਆਪਣਾ ਕਹਿਣ ਵਿਚ ਮਾਣ ਮਹਿਸੂਸ ਕਰਦੇ ਹਨ।

**ਮੁਖੀ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**






## ਪਾਠਕਾਂ ਦਾ ਨਜ਼ਰੀਆ

## ਪਹੁੰਚ ਰਿਹਾ ਭਾਰਤ ਭੁੱਖਮਰੀ ਦੇ ਲੰਮੇ ਦੌਰ ਵਿੱਚ

ਕਰੋਨਾ ਦੇ ਮੱਦੇਨਜ਼ਰ, ਜਦੋਂ ਅਸੀਂ ਪਹਿਲੇ ਤੋਂ ਹੁਣ ਤਕ ਕੀਤੇ ਨੀਤੀਗਤ ਫੈਸਲਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਯੂਰੋਪ ਅਤੇ ਅਮਰੀਕਾ ਵੱਲੋਂ ਚੁੱਕੇ ਕਦਮਾਂ ਨੂੰ ਹੀ ਤਰਜੀਹ ਦਿੱਤੀ ਹੈ। ਇਹ ਠੀਕ ਹੈ ਕਿ ਵਿਸ਼ਵ ਸਿਹਤ ਸੰਸਥਾ ਵੱਲੋਂ ਇਸ ਨੂੰ ਵਿਸ਼ਵੀ ਮਹਾਮਾਰੀ ਐਲਾਨਣ ਨਾਲ ਕੁਝ ਕੁ ਕੌਮਾਂਤਰੀ ਸਿਹਤ ਨੇਮਾਂ ਦਾ ਪਾਲਣ ਕਰਨਾ ਹੁੰਦਾ ਹੈ ਪਰ ਹਰ ਦੇਸ਼ ਆਪਣੇ ਦੇਸ਼ ਦੀਆਂ ਆਰਥਿਕ, ਸਮਾਜਿਕ ਨੀਤੀਆਂ ਦੇ ਮੱਦੇਨਜ਼ਰ ਉਸ ਵਿੱਚ ਲੋੜ ਅਨੁਸਾਰ ਬਦਲਾਅ ਵੀ ਕਰ ਸਕਦਾ ਹੈ।

ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਦੂਸਰੇ ਲੌਕਡਾਊਨ ਦੇ ਸੰਦੇਸ਼ ਵਿੱਚ ਤਾਲਾਬੰਦੀ ਤੋਂ ਹੋਏ ਫ਼ਾਇਦਿਆਂ ਵਿੱਚ ਇਹ ਵੀ ਦੱਸਿਆ ਕਿ ਤਿੰਨ ਹਫ਼ਤਿਆਂ ਵਿੱਚ ਜਿੱਥੇ ਹਾਲਾਤ ਅਮਰੀਕਾ-ਯੂਰੋਪ ਵਰਗੇ ਮਾੜੂ ਨਹੀਂ ਹੋਏ, ਉੱਥੇ ਸਾਨੂੰ ਆਪਣੀਆਂ ਸਿਹਤ ਸਹੂਲਤਾਂ ਲਈ ਤਿਆਰੀ ਦਾ ਵੀ ਸਮਾਂ ਮਿਲ ਗਿਆ। ਦਰਅਸਲ, ਹਰ ਬਿਮਾਰੀ ਦੇ ਤਿੰਨ ਹਿੱਸੇ ਹੁੰਦੇ ਹਨ, ਖ਼ਾਸ ਕਰ ਜੇ ਉਹ ਮਹਾਮਾਰੀ ਹੋਵੇ। ਇੱਕ ਜੋ ਬਿਮਾਰੀ ਦੇ ਲੱਛਣਾਂ ਵਾਲੇ ਹਨ, ਦੂਸਰੇ ਜਿਨਾਂ ਵਿੱਚ ਵਾਇਰਸ/ਜਰਮ ਹਨ ਪਰ ਲੱਛਣ ਨਹੀਂ ਹਨ ਤੇ ਤੀਸਰੇ ਜੋ ਅਜੇ ਤਕ ਬਚੇ ਹੋਏ ਹਨ। ਜੇ ਇਨਾਂ ਪ੍ਰਬੰਧਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਬਿਮਾਰ ਹੋਣ ਵਾਲਿਆਂ ਵਾਸਤੇ ਹਨ। ਨਿਸ਼ਚੇ ਹੀ ਇਹ ਲੋੜ ਹੁੰਦੀ ਹੈ ਪਰ ਵੱਡੀ ਗਿਣਤੀ ਲਈ ਟੈਸਟ ਅਤੇ ਹੋਰ ਤਰੀਕਿਆਂ ਦੀ ਲੋੜ ਹੁੰਦੀ ਹੈ।

ਲੌਕਡਾਊਨ ਦਾ ਰਾਹ ਕੀ ਲਾਜ਼ਮੀ ਸੀ, ਕੀ ਇਸ ਤੋਂ ਬਗੈਰ ਸਰ ਨਹੀਂ ਸੀ ਸਕਦਾ? ਕੀ ਸਾਡੀ ਸਮਾਜਿਕ-ਆਰਥਿਕ ਹਾਲਤ ਵਿੱਚ ਇਸ ਨੂੰ ਪੱਛਮ ਦੀ ਤਰਜ਼ 'ਤੇ ਹੂ-ਬ-ਹੂ ਲਾਗੂ ਕਰਨਾ ਵਾਜਬ ਸੀ? ਇਹ ਕੁਝ ਸਵਾਲ ਅਤੇ ਸੰਦੇਹ ਹਨ। ਇਨਾਂ ਦਾ ਜਵਾਬ ਕਿਸੇ ਮਹਾਮਾਰੀ ਮਾਹਿਰ ਤੋਂ ਲੈ ਕੇ ਫੈਸਲੇ ਕਰਨੇ ਬਣਦੇ ਸੀ। ਇਸ ਸੰਦੇਹ ਦਾ ਇੱਕ ਜਵਾਬ, ਯੇਲ ਯੂਨੀਵਰਸਿਟੀ ਅਮਰੀਕਾ ਦੇ ਦੋ ਸਮਾਜ ਵਿਗਿਆਨੀਆਂ ਨੇ ਆਪਣੇ ਵਿਸ਼ਲੇਸ਼ਣ ਵਿੱਚ ਦਿੱਤਾ ਹੈ ਕਿ ਲੌਕਡਾਊਨ ਦਾ ਫੈਸਲਾ ਵਿਕਸਿਤ ਦੇਸ਼ਾਂ ਨੂੰ ਤਾਂ ਫ਼ਾਇਦਾ ਦੇਣ ਵਾਲਾ ਹੈ ਪਰ ਵਿਕਾਸਸ਼ੀਲ ਦੇਸ਼ਾਂ ਨੂੰ ਨਹੀਂ। ਉਨਾਂ ਨੇ ਅਮਰੀਕਾ, ਜਰਮਨੀ ਤੇ ਦੂਸਰੇ ਪਾਸੇ ਭਾਰਤ ਅਤੇ ਨਾਇਜੀਰੀਆ ਨਾਲ ਤੁਲਨਾ ਕਰ ਕੇ ਇਹ ਸਿੱਟਾ ਕੱਢਿਆ ਹੈ।

ਕੀ ਅਸੀਂ ਕੁਝ ਕੁ ਅਧਿਐਨਾਂ ਦੇ ਮੱਦੇਨਜ਼ਰ ਘੱਟੋ-ਘੱਟ ਦੂਸਰੇ ਲੌਕਡਾਊਨ ਵਿੱਚ ਹੀ ਤਬਦੀਲੀ ਕਰ ਲੈਂਦੇ, ਜਿੱਥੇ 53 ਸਾਲਾਂ ਤੋਂ ਉੱਪਰ ਉਮਰ ਦੇ ਲੋਕਾਂ ਲਈ ਲੌਕਡਾਊਨ ਹੁੰਦਾ ਜਾਂ ਅਜਿਹੇ ਕੁਝ ਹੋਰ ਲੰਮੀਆਂ ਬਿਮਾਰੀਆਂ ਵਾਲਿਆਂ ਲਈ, ਨੌਜਵਾਨਾਂ ਨੂੰ ਕੰਮ ਕਰਨ ਦੀ ਖੁੱਲ ਹੁੰਦੀ। ਹੁਣ ਤਾਂ ਸਾਡੇ ਕੋਲ ਅੰਕੜੇ ਹਨ ਕਿ 40 ਸਾਲ ਤੋਂ ਘੱਟ ਉਮਰ ਦੇ ਮਰੀਜ਼ਾਂ ਵਿੱਚ ਮੌਤ ਦਰ ਇੱਕ ਫ਼ੀਸਦੀ ਤੋਂ ਵੀ ਘੱਟ ਹੈ, ਕਿਉਂ ਜੋ ਨੌਜਵਾਨ ਹੋਣ ਕਰਕੇ ਉਨਾਂ ਦੀ ਸੁਰੱਖਿਆ ਪ੍ਰਣਾਲੀ ਤੁਲਨਾਤਮਕ ਠੀਕ ਹੁੰਦੀ ਹੈ।

ਭਾਰਤ ਭੁੱਖਮਰੀ ਦੇ ਲੰਮੇ ਦੌਰ ਵਿੱਚ ਪਹੁੰਚ ਰਿਹਾ ਹੈ। ਮੌਜੂਦਾ ਹਾਲਤ ਵਿੱਚ ਉਹ ਰਾਸ਼ਨ ਤੇ ਲੰਗਰ ਪਿੱਛੇ ਭੱਜਦਾ ਭੁੱਖ ਦੀ ਪੂਰਤੀ ਕਰ ਰਿਹਾ ਹੈ, ਨਾਲ ਜ਼ਲੀਲ ਵੀ ਹੋ ਰਿਹਾ ਹੈ।

ਇਸਦੀ ਇੱਕ ਤਸਵੀਰ ਇਹ ਵੀ ਹੈ ਕਿ ਫਸੇ ਹੋਏ ਯਾਤਰੂਬਨਾਰਸ ਪੜਨ ਲਈ ਗਏ ਵਿਦਿਆਰਥੀ ਹੋਣ, ਜੋ ਡਾਕਟਰ, ਅਫਸਰ, ਇੰਜਨੀਅਰ ਬਣਨ ਦੀ ਤਿਆਰੀ ਵਿੱਚ ਸ਼ਹਿਰ ਵਿੱਚ ਹਨ ਜਾਂ ਵਿਦੇਸ਼ਾਂ ਵਿੱਚ, ਉਨਾਂ ਲਈ ਤਾਂ ਵਿਸ਼ੇਸ਼ ਪ੍ਰਬੰਧ ਹੋ ਸਕਦੇ ਹਨ ਪਰ ਸਾਡੇ ਆਪਣੇ ਦੇਸ਼ ਦੇ ਕਾਮੇ ਜੋ ਸਾਡੀ ਅਰਥ-ਵਿਵਸਥਾ ਦੀ ਢਾਲ ਹਨ, ਉਹ ਭੁੱਖ ਵੀ ਝੱਲ ਰਹੇ ਹਨ ਤੇ ਪੁਲੀਸ ਦੀ ਮਾਰ ਵੀ।

**ਡਾ. ਸ਼ਿਆਮ ਸੁੰਦਰ ਦੀਪਤੀ**

## ਹਿੰਦੂਤਵੀਆਂ ਵਿਰੁਧ ਅਰਬ ਦੇਸਾਂ ਦਾ ਰੋਸ

ਪਿੱਛੇ ਜਿਹੇ ਜਦ ਅਰਬ ਦੇਸਾਂ ਨੇ ਮੋਦੀ ਨੂੰ ਆਨਰ ਕੀਤਾ ਸੀ ਤਾਂ ਸਾਡੇ ਇੱਥੇ ਭਗਤਾਂ ਨੇ ਜ਼ਮੀਨ ਅਸਮਾਨ ਤੇ ਚੁੱਕ ਲਈ ਸੀ। ਦੇਖੋ ਅਰਬ ਜਗਤ ਵੀ ਮੋਦੀ ਦਾ ਲੋਹਾ ਮੰਨਦਾ ਹੈ ਪਰ ਲੱਗਦਾ ਹੁਣ ਹਨੀਮੂਨ ਦੇ ਦਿਨ ਪੁੱਗ ਗਏ ਨੇ ਇੰਡੀਆ ਵਿੱਚ ਜੋ ਮੁਸਲਮਾਨਾਂ ਖ਼ਿਲਾਫ਼ ਜ਼ਹਿਰ ਉਗਲਿਆ ਜਾ ਰਿਹਾ ਹੈ ਤੇ ਕਈ ਭਗਤ ਅਰਬ ਕੰਟਰੀਆਂ ਵਿਚ ਵੀ ਬਾਜ਼ ਨਹੀਂ ਆ ਰਹੇ।ਹੁਣ ਅਰਬ ਦੇ ਉੱਚ ਵਰਗ ਨੇ ਇਸ ਦੇ ਖਿਲਾਫ਼ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਹੈ। ਇਨਾਂ ਨੂੰ ਜੇਲ ਤੇ ਡਿਪੋਰਟ ਕਰਨ ਦੀ ਮੰਗ ਕੀਤੀ ਹੈ ਦੂਸਰਾ ਭਾਰਤੀ ਹਾਈ ਕਮਿਸ਼ਨ ਨੇ ਟਵੀਟ ਕਰਕੇ ਤੱਤੇ ਭਗਤਾਂ ਨੂੰ ਚੁੱਪ ਕਰਨ ਦੀ ਅਪੀਲ ਕੀਤੀ ਹੈ।ਜੋ ਇੰਡੀਆ ਵਿਚ ਮੁਸਲਮਾਨਾਂ ਨਾਲ ਵਿਹਾਰ ਹੋ ਰਿਹਾ ਹੈ ਉਸ ਦੀ ਯੂ ਐਨ ਓ ਵਿੱਚ ਆਵਾਜ਼ ਚੁੱਕਣ ਦੀ ਗੱਲ ਕੀਤੀ ਜਾ ਰਹੀ ਹੈ। ਲੱਗਦਾ ਹੁਣ ਹਨੀਮੂਨ ਦੇ ਦਿਨ ਪੁੱਗ ਗਏ ਨੇ ਤੇ ਅਰਬ ਜਗਤ ਦੇ ਮੁਸਲਮਾਨ ਹੌਲੀ ਹੌਲੀ ਖੁੱਲ ਕੇ ਮੋਦੀ ਖਿਲਾਫ਼ ਬੋਲਣ ਲੱਗ ਪਏ ਨੇ।

**ਕੇ ਐਸ ਚੱਠਾ**

## ਬਿਜਲਈ ਮੀਡੀਆ ਅਤੇ ਫ਼ਿਰਕਾਪ੍ਰਸਤੀ ਦਾ ਜ਼ਹਿਰ

ਬਿਜਲਈ ਮੀਡੀਆ ਦੇ ਇਕ ਵੱਡੇ ਹਿੱਸੇ ਵਲੋਂ ਇਕੋ ਪ੍ਰਕਾਰ ਦੀਆਂ ਦੋ ਘਟਨਾਵਾਂ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਤੋਂ ਕਿਵੇਂ ਬਿਆਨਣ ਦੀ ਹੋੜ ਲੱਗ ਗਈ। ਇਸ ਵਿਚਾਰ ਚਰਚਾ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਅਸੀਂ ਤਬਲੀਗੀ ਜਮਾਤ ਵਲੋਂ ਕੀਤੇ ਇਸ ਇਕੱਠ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਹਰਗਿਜ਼ ਹੀ ਨਹੀਂ ਕਰ ਰਹੇ, ਬਲਕਿ ਉਸ ਮਾਨਸਿਕਤਾ ਨੂੰ ਸਿਰਫ ਪੜਚੋਲਣ ਦਾ ਨਿਗੂਣਾ ਜਿਹਾ ਯਤਨ ਕਰ ਰਹੇ ਹਾਂ, ਜਿਹੜੀ ਸੋਚ ਇਕੋ ਤਰਾਂ ਦੀਆਂ ਦੋ ਘਟਨਾਵਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਦਿਖਾਉਣ ਦੀ ਇਜਾਜ਼ਤ ਦਿੰਦੀ ਹੈ। ਨਿਜ਼ਾਮੁਦੀਨ ਮਰਕਜ਼ ਵਿਚ ਹੋਇਆ ਇਕੱਠ ਦਿੱਲੀ ਅਤੇ ਕੇਂਦਰ ਸਰਕਾਰ ਦੀ ਮਨਜ਼ੂਰੀ ਮਿਲਣ ਉਪਰੰਤ ਹੋਇਆ ਦੱਸਿਆ ਜਾਂਦਾ ਹੈ। ਜੇਕਰ ਇਸ ਤਰਾਂ ਦੀ ਕੋਈ ਇਜਾਜ਼ਤ ਨਹੀਂ ਲਈ ਗਈ ਤਾਂ ਫਿਰ ਤਾਂ ਸੁਰੱਖਿਆ ਏਜੰਸੀਆਂ ਦੀ ਕਾਰਜਸ਼ੈਲੀ 'ਤੇ ਇਕ ਵੱਡਾ ਅਤੇ ਗੰਭੀਰ ਸਵਾਲੀਆ ਚਿੰਨ ਲੱਗਣ ਦਾ ਖਦਸ਼ਾ ਵੀ ਹੈ। ਭਾਵ ਇਸ ਵੱਡੇ ਇਕੱਠ ਦੀ ਸਰਕਾਰ ਨੂੰ ਭਿਣਕ ਤੱਕ ਨਾ ਪਈ ਹੋਵੇ ਇਹ ਸੰਘ ਤੋਂ ਹੇਠਾਂ ਉਤਰਨ ਵਾਲੀ ਗੱਲ ਨਹੀਂ। ਬੇਸ਼ੱਕ ਬਾਅਦ ਵਿਚ ਅਜਿਹੇ ਖੁਲਾਸੇ ਵੀ ਹੋਏ ਜਿਨਾਂ ਵਿਚ ਤਬਲੀਗੀ ਜਮਾਤ ਦੇ ਲੋਕ ਸਥਾਨਕ ਥਾਣਾ ਮੁਖੀ ਨੂੰ ਮਸਜਿਦ ਵਿਚ ਲੋਕਾਂ ਦੀ ਮੌਜੂਦਗੀ ਬਾਰੇ ਦੱਸਦੇ ਰਹੇ ਦਿਸੇ, ਜਿਸ ਵਿਚ ਉਨਾਂ ਨੂੰ ਇਲਾਕਾ ਮੈਜਿਸਟ੍ਰੇਟ ਨੂੰ ਮਿਲਣ ਦੀ ਤਾਕੀਦ ਕਰਦੇ ਹੋਏ ਦਿਖਾਇਆ ਗਿਆ। 15 ਮਾਰਚ ਨੂੰ ਹੀ ਦੇਸ਼ ਦੇ ਦੱਖਣੀ ਹਿੱਸੇ ਵਿਚ ਇਕ ਸੂਬੇ ਦੇ ਮੁੱਖ ਮੰਤਰੀ ਨੂੰ 3000 ਤੋਂ ਵੀ ਵੱਧ ਲੋਕਾਂ ਦੇ ਇਕੱਠ ਵਾਲੇ ਇਕ ਵਿਆਹ ਸਮਾਗਮ ਵਿਚ ਸ਼ਾਮਿਲ ਹੁੰਦੇ ਲੋਕਾਂ ਨੇ ਵੇਖਿਆ, ਬਾਵਜੂਦ ਇਸ ਦੇ ਕਿ ਸਬੰਧਿਤ ਸੂਬੇ ਵਿਚ ਉਸ ਵਕਤ ਵਿਆਹ ਆਦਿ ਸਮਾਜਿਕ ਕਿਸਮ ਦੇ ਸਮਾਗਮਾਂ ਵਿਚ 100 ਲੋਕਾਂ ਤੋਂ ਵਧੇਰੇ ਇਕੱਠੇ ਹੋਣ ਦੀ ਮਨਾਹੀ ਦੇ ਹੁਕਮ ਲਾਗੂ ਸਨ। ਇਸੇ ਤਰਾਂ 25 ਮਾਰਚ ਤੋਂ 2 ਅਪ੍ਰੈਲ ਤੱਕ ਇਕ ਤਿਉਹਾਰ ਮੌਕੇ ਅਯੁੱਧਿਆ ਵਿਚ ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਇਕੱਠੇ ਹੋ ਕੇ ਆਪਣੇ ਇਸ਼ਟ ਦੀ ਪੂਜਾ ਅਰਾਧਨਾ ਕੀਤੀ। ਸਿਹਤ ਵਿਭਾਗ ਦੇ ਸਬੰਧਿਤ ਅਫ਼ਸਰਾਂ ਨੇ ਜਦੋਂ ਆਮ ਜਨਤਾ ਦੀ ਸਿਹਤ ਸੁਰੱਖਿਆ ਨੂੰ ਲੈ ਕੇ ਫ਼ਿਕਰਮੰਦੀ ਦਾ ਤੌਖ਼ਲਾ ਪ੍ਰਗਟਾਇਆ ਤਾਂ ਉਨਾਂ ਨੂੰ ਅੱਗੋਂ ਜਵਾਬ ਇਹ ਮਿਲਿਆ ਕਿ ਅਸੀਂ ਸ਼ਰਧਾਲੂਆਂ ਨੂੰ 'ਸਰੀਰਕ ਦੂਰੀ' ਬਣਾਈ ਰੱਖਣ ਅਤੇ ਮਾਸਕ ਪਹਿਨਣ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਦੂਸਰੇ ਸ਼ਬਦਾਂ ਵਿਚ ਇਹ ਨਿਰਦੇਸ਼ ਇਕ ਤਰਾਂ ਨਾਲ ਸ਼ਰਧਾਲੂਆਂ ਨੂੰ ਇਕੱਠੇ ਹੋਣ ਤੋਂ ਰੋਕਣ ਪਿੱਛੇ ਅਸਮਰੱਥਾ ਹੀ ਪ੍ਰਗਟ ਕਰ ਰਹੇ ਸਨ। ਇਸ ਬਿਰਤਾਂਤ ਕੀਤੇ ਘਟਨਾਕ੍ਰਮ ਦਾ ਬੇਸ਼ਕ ਹੀ ਇਹ ਅਰਥ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਜੇਕਰ ਇਕ ਤਬਕਾ ਕੋਈ ਗ਼ਲਤੀ ਕਰਦਾ ਹੈ ਤਾਂ ਦੂਸਰੇ ਕਿਸੇ ਵਰਗ ਨੂੰ ਵੀ ਉਹੋ ਗਲਤੀ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ, ਨਹੀਂ ਹਰਗਿਜ਼ ਨਹੀਂ। ਸਰਕਾਰੀ ਨਿਯਮਾਂ ਅਤੇ ਕਾਇਦੇ-ਕਾਨੂੰਨ ਦਾ ਪਾਲਣ ਕਰਨਾ ਸਭ ਲਈ ਇਕੋ ਜਿੰਨਾ ਜ਼ਰੂਰੀ ਹੈ। ਪਰ ਜੇਕਰ ਇਕੋ ਪ੍ਰਕਾਰ ਦੀਆਂ ਦੋ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਦਾ ਆਧਾਰ ਵੀ ਵੱਖਰਾ ਹੋਵੇਗਾ ਤਾਂ ਸੁਭਾਵਿਕ ਵੀ ਹੈ ਅਤੇ ਲਾਜ਼ਮੀ ਵੀ ਕਿ ਸੁਆਲ ਉੱਠਣ ਅਤੇ ਅਜਿਹੇ ਸਵਾਲਾਂ ਦਾ ਜਵਾਬ ਦੇਣਾ ਵੀ ਮੁਸ਼ਕਿਲ ਹੁੰਦਾ ਹੈ।

'ਮਰਕਜ਼' ਨਾਲ ਜੁੜੇ ਲੋਕਾਂ ਨੇ ਜੇ ਆਮ ਲੋਕਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣ ਵਾਲੀ ਕੋਈ ਗ਼ਲਤੀ ਕੀਤੀ ਵੀ ਹੈ ਤਾਂ ਇਸ ਦਾ ਕਾਨੂੰਨੀ ਪੱਖ ਹੈ ਜਿਸ ਦੀ ਜਾਂਚ-ਪੜਤਾਲ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਪਰ ਜੋ ਨੁਕਤਾ ਵਧੇਰੇ ਅਹਿਮ ਅਤੇ ਮੁਤਾਅਲਾ-ਗੌਰ ਹੈ ਉਹ ਇਹ ਕਿ ਟੈਲੀਵਿਜ਼ਨ ਦੇ ਚੈਨਲਾਂ 'ਤੇ ਇਕ ਯੋਜਨਾਬੱਧ ਤਰੀਕੇ ਨਾਲ ਕਿਸੇ ਵਰਗ ਵਿਸ਼ੇਸ਼ ਖ਼ਿਲਾਫ਼ ਬਹਿਸਾਂ ਦੀ ਲੜੀ ਦੇ ਰੂਪ ਵਿਚ 'ਮੀਡੀਆ ਟਰਾਇਲ' ਕਰਨ ਦੀ ਕੋਸ਼ਿਸ਼ ਬਿਲਕੁਲ ਸਹੀ ਨਹੀਂ ਸੀ। ਇਹ ਵਕਤ ਅਤੇ ਸਮਾਜ, ਦੋਵਾਂ ਦੀ ਮੰਗ ਹੈ ਕਿ ਅਜਿਹੀਆਂ ਨਫ਼ਰਤਾਂ ਮੁਹਿੰਮਾਂ ਨੂੰ ਰੋਕਿਆ ਜਾਵੇ। ਦਰਸ਼ਕ ਗਿਣਤੀ ਵਧਾਉਣਾ ਵਪਾਰਕ ਹਿਤਾਂ ਲਈ ਅਹਿਮ ਹੋ ਸਕਦਾ ਹੈ ਪਰ ਸਮਾਜ ਦੇ ਵੱਖ-ਵੱਖ ਫ਼ਿਰਕਿਆਂ ਵਿਚ ਆਪਸੀ ਸਾਂਝ ਬਣੀ ਰਹੇ ਇਹ ਸਮਾਜਿਕ ਹਿਤਾਂ ਲਈ ਉਸ ਤੋਂ ਵੀ ਵਧੇਰੇ ਅਹਿਮ ਹੈ।

ਕਿਸੇ ਘਟਨਾ ਵਿਸ਼ੇਸ਼ ਦੀ ਜ਼ਿੰਮੇਵਾਰੀ ਸਬੰਧਿਤ ਕੌਮ ਦੇ ਸਿਰ ਮੜ ਦੇਣ ਦੇ ਨਤੀਜੇ ਇਤਿਹਾਸ ਆਪਣੀ ਬੁਕਲ ਵਿਚ ਸਮੋਈ ਬੈਠਾ ਹੈ ਜੋ ਕਦੀ ਨਾ-ਮਿਟਣ ਵਾਲੀ ਨਫ਼ਰਤ ਦੇ ਬੀਜਾਂ ਦੀ ਖੇਤੀ ਦੀ ਕਹਾਣੀ ਪੀੜੀ-ਦਰ-ਪੀੜੀ ਸੁਣਾਉਂਦੇ ਪ੍ਰਤੀਤ ਹੁੰਦੇ ਹਨ। ਕਈ ਦਹਾਕੇ ਬੀਤ ਚੁੱਕੇ ਹਨ ਪਰ ਨਵੰਬਰ ਦਾ ਪਹਿਲਾ ਹਫ਼ਤਾ ਕਿੰਨੇ ਹੀ ਹਿਰਦਿਆਂ ਨੂੰ ਅਕਿਹ 'ਤੇ ਅਸਹਿ ਪੀੜਾ ਦੇ ਕੇ ਗੁਜ਼ਰਦਾ ਹੈ। ਫ਼ਿਰਕਾਪ੍ਰਸਤੀ ਦਾ ਜ਼ਹਿਰ ਅਤੇ ਸਦਭਾਵਨਾ ਦੀ ਲਹਿਰ-ਦੋ ਸੁਜਾਤੀ ਨਹੀਂ ਬਲਕਿ ਵਿਜਾਤੀ ਤਾਸੀਰ ਵਾਲੇ ਮਸਲੇ ਹਨ। ਮਰਕਜ਼ ਨਾਲ ਜੁੜੀਆਂ ਸਰਗਰਮੀਆਂ ਦੀ ਤਰਕਹੀਣ ਹਮਾਇਤ ਤੋਂ ਵੀ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਸਮੇਂ ਦੇ ਮੌਜੂਦਾ ਕਸ਼ਟਦਾਇਕ ਦੌਰ ਵਿਚੋਂ ਗੁਜ਼ਰਦਿਆਂ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਯਤਨਾਂ ਦੀ ਪਹਿਚਾਣ ਕਰਨਾ ਵੀ ਓਨਾ ਹੀ ਜ਼ਰੂਰੀ ਹੈ। ਫ਼ਿਰਕਾਪ੍ਰਸਤੀ ਸਮਾਜਿਕ ਆਬੋ-ਹਵਾ ਨੂੰ ਗੰਧਲਾ ਕਰਨ ਦੀ ਤਰਾਂ ਹੈ, ਇਸ ਵਿਰੁੱਧ ਆਵਾਜ਼ ਉਠਾਉਣਾ ਬੇਹੱਦ ਜ਼ਰੂਰੀ ਹੈ।

**ਪ੍ਰੋ. ਰਣਜੀਤ ਸਿੰਘ**

## ਕਰੋਨਾਵਾਇਰਸ ਦੀ ਦਲਿਤਾਂ 'ਤੇ ਮਾਰ

ਭਾਰਤ ਦੀ 134 ਕਰੋੜ ਆਬਾਦੀ ਵਿਚੋਂ 34 ਕਰੋੜ ਦੇ ਕਰੀਬ ਦਲਿਤ ਵਸੋਂ ਹੈ। 2014 ਵਿਚ ਵਿਸ਼ਵ ਬੈਂਕ ਨੇ ਇਕ ਰਿਪੋਰਟ ਦਿੱਤੀ, ਜਿਸ ਮੁਤਾਬਕ ਭਾਰਤ ਵਿਚ 27.1 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਕਰੋਨਾਵਾਇਰਸ ਨੇ ਪਿਛਲੇ 100 ਦਿਨਾਂ ਵਿਚ ਪੂਰੇ ਵਿਸ਼ਵ ਵਿਚ ਇਕ ਲੱਖ ਤੋਂ ਉਪਰ ਜਾਨਾਂ ਲੈ ਲਈਆਂ ਹਨ। ਕਰੋਨਾਵਾਇਰਸ ਕਾਰਨ ਹਰ ਦੇਸ਼ ਦੀ ਅਰਥ-ਵਿਵਸਥਾ ਚਰਮਰਾ ਗਈ ਹੈ। ਪਿਛਲੇ 100 ਦਿਨਾਂ ਅੰਦਰ ਚੀਨ ਵਰਗੇ ਦੇਸ਼ ਦਾ 10% ਜੀਡੀਪੀ ਹੇਠਾਂ ਆ ਗਿਆ ਹੈ। ਭਾਰਤ ਦੇ ਹੁਣ ਤਕ 5.0 ਕਰੋੜ ਲੋਕ ਨੌਕਰੀਆਂ ਤੋਂ ਹੱਥ ਧੋ ਚੁੱਕੇ ਹਨ।

ਲੋਕ ਘਰਾਂ ਵਿਚ ਬੰਦ ਹਨ। ਬੇਰੁਜ਼ਗਾਰ ਦੁਖੀ ਹਨ। ਪ੍ਰਸ਼ਾਸਨ ਅਤੇ ਪੁਲੀਸ ਸਖ਼ਤੀ ਨਾਲ ਕਰਫਿਊ ਲਾਗੂ ਕਰ ਰਹੀ ਹੈ। ਕਰਨਾ ਵੀ ਬਣਦਾ ਹੈ, ਪਰ ਗ਼ਰੀਬ ਜਨਤਾ ਜੇਕਰ ਕਰੋਨਾ ਦੇ ਡਰ ਤੋਂ ਘਰਾਂ ਅੰਦਰ ਬੰਦ ਰਹੀ ਤਾਂ ਉਹ ਭੁੱਖ ਅਤੇ ਹੋਰ ਬਿਮਾਰੀਆਂ ਨਾਲ ਨਾ ਮਾਰ ਜਾਵੇ, ਇਸ ਦਾ ਫ਼ਿਕਰ ਵੀ ਸਰਕਾਰ ਨੂੰ ਕਰਨਾ ਹੋਵੇਗਾ। ਅਮੀਰ ਲੋਕ ਘਰਾਂ ਵਿਚ ਬੈਠ ਕੇ ਟੀ.ਵੀ. ਦੇਖ ਕੇ, ਇਨਡੋਰ ਗੇਮ ਖੇਡ ਕੇ, ਪੜ ਕੇ ਆਪਣਾ ਸਮਾਂ ਬਤੀਤ ਕਰ ਰਹੇ ਹਨ। ਪਰ ਗ਼ਰੀਬ ਜੋ ਹਰ ਰੋਜ਼ ਦਿਹਾੜੀ ਕਰਕੇ ਖਾਂਦਾ ਸੀ, ਉਸ ਵਾਸਤੇ ਸਰਕਾਰ ਦੇ ਇੰਤਜ਼ਾਮ ਕੀ ਪੁਖ਼ਤਾ ਹਨ? ਕੀ ਗ਼ਰੀਬਾਂ ਲਈ ਰੋਟੀ-ਦਾਲ, ਬਿਮਾਰਾਂ ਲਈ ਦਵਾਈ, ਪਰਵਾਸੀ ਮਜ਼ਦੂਰਾਂ ਅਤੇ ਬੇਜ਼ਮੀਨੇ ਪੇਂਡੂ ਲੋਕਾਂ ਲਈ ਸਰਕਾਰ ਨੇ ਪੁਖ਼ਤਾ ਪ੍ਰਬੰਧ ਕੀਤੇ ਹਨ? ਕੀ ਫੈਕਟਰੀ ਕਾਮਿਆਂ ਲਈ ਕੋਈ ਰੋਜ਼ੀ-ਰੋਟੀ ਦਾ ਸਾਧਨ ਜਾਂ ਫੈਕਟਰੀ ਮਾਲਕਾਂ ਲਈ ਕੋਈ ਪੈਕੇਜ ਤਿਆਰ ਕੀਤਾ ਗਿਆ ਹੈ?

ਆਉਣ ਵਾਲੇ ਸਮੇਂ ਵਿਚ ਕਰੋਨਾ ਦਾ ਪ੍ਰਭਾਵ ਅਰਥਚਾਰੇ 'ਤੇ ਅਤੇ ਅਰਥਚਾਰੇ ਦਾ ਪ੍ਰਭਾਵ ਗ਼ਰੀਬ ਲੋਕਾਂ 'ਤੇ ਪੈਣਾ ਲਾਜ਼ਮੀ ਹੈ। ਅੱਜ ਦੀ ਲੋੜ ਲੋਕਾਂ ਦੀ ਮੈਡੀਕਲ ਸਾਂਭ ਸੰਭਾਲ ਤੋਂ ਬਾਅਦ ਦਾਲ-ਰੋਟੀ ਦੀ ਹੈ। ਕਰੋਨਾ ਦੇ ਪ੍ਰਭਾਵ ਕਾਰਨ ਲੋਕਾਂ ਦੇ ਖੁੱਸੇ ਰੁਜ਼ਗਾਰ ਬਹਾਲ ਕਰਵਾਉਣੇ ਇਕ ਵੱਡੀ ਸਮੱਸਿਆ ਹੋਵੇਗੀ। ਸੂਬਾ ਸਰਕਾਰ ਲਈ ਗ਼ਰੀਬ, ਅਤਿ ਗ਼ਰੀਬ, ਕਿਰਾਏਦਾਰ, ਛੋਟੀ ਅਤੇ ਦਰਮਿਆਨੀ ਸਨਅੱਤ ਦੇ ਮਾਲਕ, ਫੈਕਟਰੀ ਕਾਮੇ, ਖੇਤ ਮਜ਼ਦੂਰ, ਪੇਂਡੂ ਬੇ-ਜ਼ਮੀਨੇ, ਸ਼ਹਿਰੀ ਸਲੱਮ ਬਸਤੀਆਂ ਦੇ ਵਸਨੀਕਾਂ ਆਦਿ ਲਈ ਠੋਸ ਯੋਜਨਾਵਾਂ ਬਣਾਉਣੀਆਂ ਪੈਣੀਆਂ ਹਨ, ਨਹੀਂ ਤਾਂ ਕਰੋਨਾ ਤੋਂ ਤਾਂ ਸ਼ਾਇਦ ਲੋਕ ਬਚ ਜਾਣ, ਪਰ ਭੁੱਖ ਅਤੇ ਬੇਰੁਜ਼ਗਾਰੀ ਤੋਂ ਨਹੀਂ ਬਚ ਸਕਣਗੇ।

ਪੰਜਾਬ ਦੇ ਦਲਿਤ ਅਤਿ ਦੇ ਗ਼ਰੀਬ ਹਨ। ਪੰਜਾਬ ਦੀ 35% ਦਲਿਤ ਵਸੋਂ ਕੋਲ ਸਿਰਫ਼ 3.2% ਜ਼ਮੀਨ ਦੀ ਮਾਲਕੀ ਹੈ। ਕਰਨਾਟਕ ਵਰਗੇ ਸੂਬੇ ਵਿਚ 93% ਦਲਿਤ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਆਦਿਵਾਸੀਆਂ ਦਾ ਹਾਲ ਹੋਰ ਵੀ ਮਾੜਾ ਹੈ। ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਆਊਟ ਸੋਰਸਿੰਗ ਵਰਗੀਆਂ ਨੀਤੀਆਂ ਨੇ ਪੜੇ-ਲਿਖੇ ਦਲਿਤ ਨੌਜਵਾਨ ਨੌਕਰੀਆਂ ਤੋਂ ਵਾਂਝੇ ਕਰ ਦਿੱਤੇ ਹਨ। ਕੇਂਦਰ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਮਹਿੰਗੀ ਸਿੱਖਿਆ ਪ੍ਰਣਾਲੀ ਨੇ ਪਹਿਲਾਂ ਹੀ ਦਲਿਤਾਂ ਦੀ ਜਾਨ ਕੱਢੀ ਪਈ ਹੈ। ਅਜਿਹੇ ਹਾਲਾਤ ਵਿਚ ਕਰੋਨਾ ਦੀ ਮਾਰ ਦਲਿਤਾਂ ਵੱਲੋਂ ਝੱਲ ਪਾਉਣੀ ਅਸੰਭਵ ਹੋਵੇਗੀ। ਜਾਤ-ਧਰਮ ਤੋਂ ਉਪਰ ਉੱਠ ਕੇ ਹਰ ਗ਼ਰੀਬ ਲੋੜਵੰਦ ਦੀ ਸਹਾਇਤਾ ਕਰਨੀ ਸਰਕਾਰ ਦਾ ਮੁੱਢਲਾ ਫਰਜ਼ ਹੈ। ਕੇਂਦਰ ਸਰਕਾਰ ਨੂੰ ਸੂਬਾ ਸਰਕਾਰ ਦੀ ਹਰ ਸੰਭਵ ਸਹਾਇਤਾ ਕਰਨੀ ਹੋਵੇਗੀ। ਆਰਥਿਕ ਸੰਕਟ ਸਾਹਮਣੇ ਨਜ਼ਰ ਆ ਰਿਹਾ ਹੈ। ਚੰਗਾ ਹੁੰਦਾ ਜੇਕਰ ਕੇਂਦਰ ਸਰਕਾਰ ਚੋਣਾਂ ਤੋਂ ਪਹਿਲਾਂ ਆਰਬੀਆਈ ਦੇ ਰਿਜ਼ਰਵ ਫੰਡ ਨਾ ਕਢਵਾਉਂਦੀ। ਅਮੀਰ ਘਰਾਣਿਆਂ ਨੂੰ ਮਦਦ ਕਰਨੀ ਬੰਦ ਹੋਵੇ। ਦੇਸ਼ ਦੇ ਮੀਡੀਆ ਨੂੰ ਗੋਦੀ ਮੀਡੀਆ ਦਾ ਟੈਗ ਉਤਾਰ ਕੇ ਸੁੱਟਣਾ ਪਵੇਗਾ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਇਸ ਸੰਕਟਮਈ ਸਥਿਤੀ ਨਾਲ ਨਜਿੱਠਣ ਲਈ ਸਰਕਾਰ, ਸਵੈ-ਸੇਵੀ ਸੰਸਥਾਵਾਂ ਅਤੇ ਆਮ ਜਨਤਾ ਦੇ ਸਹਿਯੋਗ ਦੀ ਲੋੜ ਹੈ। ਪੰਜਾਬ ਸਰਕਾਰ ਲਈ ਖਾਸ ਕਰਕੇ ਇਸ ਘੜੀ 'ਚੋਂ ਨਿਕਲਣਾ ਅਤੇ ਪੂਰੇ ਭਾਰਤ ਲਈ ਮਿਸਾਲ ਪੈਦਾ ਕਰਨੀ ਇਕ ਚੁਣੌਤੀ ਹੈ।

**ਐੱਸ.ਆਰ. ਲੱਧੜ**

## ਪੰਜਾਬ 'ਚ ਲੌਕਡਾਊਨ, ਦਹਿਸ਼ਤ ਤੇ ਮਸੀਹੇ

ਲੌਕਡਾਊਨ ਦੌਰਾਨ ਵੱਖ-ਵੱਖ ਗੱਲਾਂ ਸਾਹਮਣੇ ਆ ਰਹੀਆਂ ਹਨ। ਕਿਸੇ ਘਰ ਵਿਚ ਪਕਵਾਨ ਬਣਾਏ ਜਾ ਰਹੇ ਹਨ ਤੇ ਕਿਤੇ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। ਜਿਸ ਦਾ ਅਰਥਚਾਰਾ ਰੋਜ਼ ਦੀ ਦਿਹਾੜੀ 'ਤੇ ਟਿਕਿਆ ਸੀ ਉਸ ਲਈ ਹਾਲਾਤ ਬਦਤਰ ਹੋ ਗਏ। ਜਿਨਾਂ ਨੂੰ ਇਹ ਸੰਤਾਪ ਭੋਗਣਾ ਪੈ ਰਿਹਾ ਹੈ, ਉਨਾਂ ਵਿਦੇਸ਼ ਜਾਣਾ ਤਾਂ ਕੀ, ਕਦੇ ਇਸ ਬਾਬਤ ਸੋਚਿਆ ਵੀ ਨਹੀਂ ਹੋਣਾ। ਅਮੀਰਾਂ ਵੱਲੋਂ ਆਈ ਬਿਮਾਰੀ ਗਰੀਬਾਂ 'ਤੇ ਭਾਰੂ ਪੈ ਗਈ। ਜਿੱਥੇ ਵਿਦੇਸ਼ਾਂ ਵਿਚ ਰਹਿੰਦੇ ਲੋਕ ਇਸ ਬਿਮਾਰੀ ਤੋਂ ਡਰਦੇ ਆਪਣੇ ਵਤਨ ਪਰਤ ਰਹੇ ਹਨ, ਉੱਥੇ ਪਰਵਾਸੀ ਮਜ਼ਦੂਰ ਆਪਣੇ ਕੰਮ ਬੰਦ ਹੋਣ ਪਿੱਛੋਂ ਆਪਣੇ ਵਤਨ ਪਰਤਣ ਲਈ ਮਜਬੂਰ ਹੋ ਰਹੇ ਹਨ। ਰੋਟੀ ਤੋਂ ਆਤੁਰ ਪਰਵਾਸੀ ਮਜ਼ਦੂਰ ਰੇਲਵੇ ਸਟੇਸ਼ਨਾਂ ਤੇ ਬੱਸ ਅੱਡਿਆਂ 'ਤੇ ਆਪਣੇ ਘਰ ਪਰਤਣ ਲਈ ਪ੍ਰੇਸ਼ਾਨ ਦਿਸ ਰਹੇ ਹਨ। ਬੇਸ਼ੱਕ ਬਿਮਾਰੀ ਬਹੁਤ ਖਤਰਨਾਕ ਹੈ ਪਰ ਭੁੱਖਮਰੀ ਇਸ ਤੋਂ ਵੀ ਵੱਧ ਦਰਦਨਾਕ ਹੈ।

ਪ੍ਰਸ਼ਾਸਨ ਵੱਲੋਂ ਲਗਦੀ ਵਾਹ ਲੋੜਵੰਦਾਂ ਨੂੰ ਰਾਸ਼ਨ ਪਹੁੰਚਣ ਦੇ ਉਪਰਾਲੇ ਹੋ ਰਹੇ ਹਨ, ਇਸ ਵਿਚ ਕੋਈ ਸ਼ੱਕ ਨਹੀਂ। ਲੋਕ ਵੀ ਆਪਣੇ ਤੌਰ 'ਤੇ ਸੁਯੋਗ ਉਪਰਾਲੇ ਕਰ ਰਹੇ ਹਨ। ਇਨਸਾਨੀਅਤ ਵੰਡ ਕੇ ਖਾਣਾ ਸਿਖਾਉਂਦੀ ਹੈ। ਬਹੁਤ ਸਾਰੇ ਇਨਸਾਨ ਇਸ ਵੇਲੇ ਪਰਖੇ ਜਾ ਰਹੇ ਨੇ। ਕਈ ਗੁਰਦੁਆਰਿਆਂ ਨੇ ਆਪਣੀਆਂ ਗੋਲਕਾਂ ਖੋਲ ਦਿੱਤੀਆਂ ਹਨ। ਉਨਾਂ ਵੱਲੋਂ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਵਾਲੇ ਕਥਨ ਉੱਪਰ ਪੂਰਾ ਉੱਤਰਨ ਦਾ ਮਹਾਨ ਉਪਰਾਲਾ ਨਜ਼ਰ ਆਉਂਦਾ ਹੈ। ਪੰਜਾਬ ਵਿਚਲੇ ਬਹੁਤ ਸਾਰੇ ਧਾਰਮਿਕ ਸਥਾਨ/ਗੁਰਦੁਆਰੇ ਆਪੋ ਆਪਣੇ ਇਲਾਕੇ ਵਿਚ ਲੋੜਵੰਦਾਂ ਦੀ ਹਰ ਪ੍ਰਕਾਰ ਮਦਦ ਕਰਨ ਲਈ ਅੱਗੇ ਆ ਰਹੇ ਹਨ।

ਪੰਜਾਬ ਵਿਚ ਡੇਰਾਵਾਦ ਨੂੰ ਨਿਰੰਤਰ ਭੰਡਿਆ ਗਿਆ ਹੈ, ਪਰ ਇਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਵਕਤ ਜਦੋਂ ਬਹੁਤ ਸਾਰੇ ਪ੍ਰਾਈਵੇਟ ਹਸਪਤਾਲ ਹੱਥ ਖੜੇ ਕਰ ਗਏ ਹਨ, ਉਥੇ ਡੇਰਿਆਂ ਦੇ ਹਸਪਤਾਲਾਂ ਨੇ ਆਪਣੇ ਦਰਵਾਜ਼ੇ ਖੋਲ ਦਿੱਤੇ ਹਨ। ਕਈ ਡੇਰਿਆਂ ਤੇ ਸੰਪਰਦਾਵਾਂ ਵੱਲੋਂ ਆਪਣੇ ਸਤਸੰਗ ਘਰ ਆਈਸੋਲੇਸ਼ਨ ਵਾਰਡਾਂ ਵਿਚ ਤਬਦੀਲ ਕਰਨ ਲਈ ਦਿੱਤੇ ਗਏ ਹਨ ਤੇ ਆਪਣੇ ਹਸਪਤਾਲ ਵੀ ਇਸ ਬਿਮਾਰੀ ਨਾਲ ਲੜਨ ਲਈ ਦਿੱਤੇ ਜਾ ਰਹੇ ਹਨ। ਕਈ ਡੇਰੇ ਲੋੜਵੰਦਾਂ ਲਈ ਖਾਣਾ ਦੇਣ ਵਿਚ ਵੀ ਪਿੱਛੇ ਨਹੀਂ ਰਹਿ ਰਹੇ ਤੇ 24 ਘੰਟੇ ਲੰਗਰ ਚਲਾਏ ਜਾ ਰਹੇ ਹਨ। ਪੰਜਾਬ ਵਿਚ ਬਹੁਤ ਸਾਰੇ ਛੋਟੇ ਡੇਰੇ ਹਨ ਜਿਨਾਂ ਵਲੋਂ ਵੀ ਇਸ ਸਮੇਂ ਲੋੜਵੰਦਾਂ ਦੀ ਮਦਦ ਲਈ ਅੱਗੇ ਆ ਕੇ ਅਹਿਮ ਭੂਮਿਕਾ ਅਦਾ ਕੀਤੀ ਜਾ ਰਹੀ ਹੈ। ਇਹ ਮੌਕਾ ਨਿੰਦਣ ਦਾ ਨਹੀਂ ਸਗੋਂ ਸਲਾਹੁਣ ਦਾ ਹੈ। ਇਸ ਮੌਕੇ ਇਕ ਦੂਜੇ ਦਾ ਸਾਥ ਦੇ ਕੇ ਹੀ ਸੰਕਟ ਦਾ ਟਾਕਰਾ ਹੋ ਸਕਦਾ ਹੈ, ਨਾ ਕਿ ਇਕ ਦੂਜੇ ਤੋਂ ਪਾਸਾ ਵੱਟਣ ਨਾਲ। ਬੇਸ਼ੱਕ ਸਾਡੇ ਦੇਸ਼ ਕੋਲ ਕਰੋਨਾ ਵਰਗੇ ਵਾਇਰਸ ਨਾਲ ਨਜਿੱਠਣ ਦੀ ਤਾਕਤ ਨਹੀਂ ਪਰ ਜੇ ਸਾਥ ਸਭ ਲੋਕ ਇੱਕਠੇ ਹੋ ਕੇ, ਬਿਨਾਂ ਕਿਸੇ ਜਾਤ, ਮਜ਼ਹਬ, ਰੰਗ, ਨਸਲ ਦੇ ਭੇਦਭਾਵ ਤੋਂ ਦੇ ਰਹੇ ਹਨ, ਇਹ ਆਉਣ ਵਾਲੇ ਸਮੇਂ ਵਿਚ ਯਕੀਨਨ ਕੋਈ ਉਸਾਰੂ ਰੰਗ ਲਿਆਵੇਗਾ। ਲੋਕਾਂ ਵਿਚ ਦਇਆ, ਹਯਾ ਹੋਵੇ ਤੇ ਸਭ ਇੱਕ ਦੂਜੇ ਬਾਰੇ ਸੋਚਣ।

**ਡਾ. ਹਰਮੀਤ ਕੌਰ**

## ਨਹੀਂ ਲੱਭਣੇ ਲਾਲ ਗੁਆਚੇ

ਸੋਚਦਾ ਸੀ ਕਿਹੜਾ ਵੇਲਾ ਹੋਵੇ ਮੈਂ ਪਾਠ ਤੇ ਜਾਵਾਂ ਪਰ ਪੈਰਾਂ ਵਿੱਚ ਬੇੜੀਆਂ ਪਈਆਂ ਸਨ ਕੁਛ ਨਹੀਂ ਸੀ ਹੋ ਸਕਦਾ। ਜੇ ਲੜਦਾ ਸੀ ਤਾਂ ਸਜ਼ਾ ਵਧ ਸਕਦੀ ਸੀ। ਕੇਵਲ ਦੀ ਹਾਲਤ ਉਸ ਤੋਤੇ ਵਰਗੀ ਸੀ ਜਿਹੜਾ ਪਿੰਜਰੇ ਵਿੱਚ ਬੰਦ ਸਿਰ ਮਾਰ-ਮਾਰ ਕੇ ਆਵਦੀ ਜਾਨ ਦੇਣ ਤੋਂ ਇਲਾਵਾ ਕੁਛ ਨਹੀਂ ਸੀ ਕਰ ਸਕਦਾ। ਸ਼ਾਮ ਨੂੰ ਖਾਣਾ ਵੀ ਨਾ ਖਾਧਾ। ਸਿਰਫ ਪਾਣੀ ਤੇ ਹੀ ਸੀ। ਇੱਕ ਤਾਂ ਫੌਜੀਆਂ ਦੀਆਂ ਸੱਟਾਂ ਦੇ ਜ਼ਖਮ ਅਜੇ ਭਰੇ ਨਹੀਂ ਸਨ ਦੂਜੀ ਸੱਟ ਕੁਲਵੰਤ ਦੀ ਸੀ ਜਿਹੜੀ ਕਿ ਅਸਹਿ ਸੀ। ਪਰ ਕੀ ਕਰ ਸਕਦਾ ਸੀ ? ਕੇਵਲ ਦੇ ਚਾਰ ਚੁਫੇਰੇ ਹਨੇਰਾ ਹੀ ਹਨੇਰਾ ਸੀ। ਸਾਲ ਅਜੇ ਵਿਆਹ ਨੂੰ ਹੋਇਆ ਸੀ ਅਜੇ ਤਾਂ ਉਸਨੇ ਕੁਲਵੰਤ ਨਾਲ ਦੋ ਮਹੀਨੇ ਦੀ ਛੁੱਟੀ ਵੀ ਨਹੀਂ ਸੀ ਕੱਟੀ। ਕੇਵਲ ਕੰਧਾਂ ਵਿੱਚ ਟੱਕਰਾਂ ਮਾਰ ਰਿਹਾ ਸੀ। ਸੋਚਦਾ ਸੀ ਮੈਂ ਕਿਉਂ ਜਿੰਦਾ ਹਾਂ ਮੈਂ ਕਿਉਂ ਨਹੀਂ ਮਰ ਗਿਆ। ਸੋਚਦਾ ਸੀ ਕਿਤੋਂ ਜ਼ਹਿਰ ਮਿਲ ਜਾਵੇ ਤੇ ਆਵਦੀ ਜੀਵਨ ਲੀਲਾ ਖ਼ਤਮ ਕਰ ਲਵੇ। ਉਸ ਰਾਤ ਚਾਦਰ ਨਾਲ ਫਾਹਾ ਲੈ ਕੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਜੇਲ੍ਹ ਗਾਰਡ ਨੇ ਬਚਾ ਲਿਆ ਕਿਉਂਕਿ ਅਜਿਹੇ ਆਦਮੀ ਦਾ ਖਿਆਲ ਰੱਖਣ ਵਾਸਤੇ ਸਖਤ ਆਡਰ ਹੁੰਦੈ। ਉਸਤੋਂ ਬਾਅਦ ਜੇਲ੍ਹ ਵਿੱਚ ਤਾਂ ਪਾਣੀ ਵੀ ਚੈੱਕ ਕਰਕੇ ਦਿੰਦੇ ਸਨ। ਕੋਲ ਛੁਰੀ ਚਾਕੂ ਤਾਂ ਦੂਰ ਦੀ ਗੱਲ ਬਲੇਡ ਰੱਖਣ ਦਾ ਵੀ ਹੁਕਮ ਨਹੀਂ ਸੀ। ਪੰਦਰਾਂ ਪੰਦਰਾਂ ਮਿੰਟਾਂ ਬਾਅਦ ਚੈਕ ਕਰਦੇ।

'ਯਾਰ ਤੂੰ ਘਰ ਕਿਓਂ ਦੱਸਿਆ ਕਿ ਮੈਂ ਜੇਲ੍ਹ ਵਿੱਚ ਆਂ ?' ਗਿਆਨੀ ਨੇ ਕਿਹਾ।

'ਕੀ ਕਰਦਾ ਯਾਰ ਪੈਸੇ ਮੰਗਦੇ ਸੀ ਟ੍ਰੈਕਟਰ ਲੈਣ ਨੂੰ ਮੈਨੂੰ ਸੱਚ ਦੱਸਣਾ ਪਿਆ'

'ਬੱਸ ਇਹ ਪੜ ਕੇ ਭਾਬੀ ਬੀਮਾਰ ਹੋ ਗਈ ਤੇ ਦੌਰਾ ਪੈ ਗਿਆ ?' ਗਿਆਨੀ ਨੇ ਕਿਹਾ।

'ਤੇਰੀ ਭਾਬੀ ਤੋਂ ਸਦਮਾ ਬਰਦਾਸ਼ਤ ਨੀ ਹੋਇਆ' ਕੇਵਲ ਨੇ ਅੱਖਾਂ ਪੂੰਝਦੇ ਕਿਹਾ।

'ਚਾਰ ਪੰਜ ਮਹੀਨੇ ਹੋਗੇ ਜੇਲ੍ਹ 'ਚ' ਇਓਂ ਲੱਗ ਰਿਹੈ ਜਿਵੇਂ ਜੇਲ੍ਹ ਵਿੱਚ ਜੁੱਗੜੇ ਬੀਤਗੇ' ਦਰਸ਼ਨ ਨੇ ਜੇਲ੍ਹ ਦੀ ਛੱਤ ਵੱਲ ਦੇਖਦੇ ਕਿਹਾ।

'ਅਜੇ ਤਾਂ ਸੇਰ 'ਚੋਂ' ਪੂਣੀ ਨੀ ਕੱਤੀ' ਕਾਮਰੇਡ ਨੇ ਕਿਹਾ। ਜੇਲ੍ਹ ਵਿੱਚ ਸਨ ਨਾ ਰੰਮ ਨਾ ਵਿਸਕੀ ਸੁੱਕੇ ਹੀ ਜੇਲ੍ਹ ਕੱਟਣੀ ਸੀ।

ਕੇਵਲ ਨੇ ਜੇਬ ਵਿੱਚੋਂ ਕੁਲਵੰਤ ਦੀ ਫੋਟੋ ਕੱਢਣੀ ਤੇ ਦੇਖ ਕੇ ਭੁੱਬਾਂ ਮਾਰ ਕੇ ਰੋ ਪੈਣਾਂ।

'ਯਾਰ ਜੇ ਕੇਵਲ ਫੋਟੋ ਨੂੰ ਦੇਖਕੇ ਏਵੇ ਰੋਂਦਾ ਰਿਆ ਤਾਂ ਮੇਰਾ ਖਿਆਲ ਆ ਭਾਬੀ ਦੇ ਪਿੱਛੇ ਏਹ ਵੀ ਚਲਾ ਜਾਊਗਾ! ਦਰਸ਼ਨ ਨੇ ਕਿਹਾ।

'ਫੋਟੋ ਚੱਕ ਕੇ ਕਿਤੇ ਲੁਕੋ ਦੇ'

'ਕਿਵੇਂ ਲਕੋਵਾਂ ਇੱਕ ਤਾਂ ਚੀਜ਼ ਆ ਇਸ ਕੋਲ ਸਿਰਫ ਫੋਟੋ ਹੋਰ ਫੌਜੀ ਕੋਲ ਨੌਂ ਲੱਖਾ ਹਾਰ ਹੁੰਦੈ ? ਹੌਲੀ ਹੌਲੀ ਸਮਝਾਂਵਾਂਗੇ'! ਸਾਰੇ ਸਮਝਾਉਂਦੇ ਰਹੇ ਉਹਨਾ ਸਾਹਮਣੇ ਕੇਵਲ ਰੋਣੋ ਹਟ ਗਿਆ ਪਰ ਚੋਰੀ ਚੋਰੀ ਰੋ ਕੇ ਮਨ ਹੌਲਾ ਕਰ ਲੈਂਦਾ! ਵਕਤ ਗੁਜ਼ਰਦਾ ਗਿਆ।

'ਮੇਰੀ ਗੱਲ ਦਾ ਗੁੱਸਾ ਨਾ ਕਰੀਂ ਪੰਡਤਾ ਭਲਾ ਅਸੀਂ ਤਾਂ ਸੀ ਜੱਟ ਫੌਜ 'ਚ' ਫਸਗੇ ਤੇਰੇ ਕੋਲੋਂ ਕਿਵੇਂ ਗਲਤ ਟੇਵਾ ਲੱਗ ਗਿਆ ?' ਕਾਮਰੇਡ ਨੇ ਦਰਸ਼ਨ ਨੂੰ ਹੁੱਝ ਮਾਰ ਕੇ ਪੁੱਛਿਆ।

'ਬੱਸ ਭਰਾਵੋ ਮਾੜੀ ਕਿਸ਼ਮਤ ਨੇ ਜੱਟ ਬਣਾ ਤਾ' ਦਰਸ਼ਨ ਨੇ ਕਿਹਾ।

'ਕਿਵੇਂ ?'

'ਗੱਲ ਇਓਂ ਹੋਈ ਭਰਾਵੋ ਕਿ ਸਾਡੇ ਪਿੰਡ ਦੇ ਮਾਸਟਰ ਨੇ ਮਾਸਟਰਨੀ ਛੇੜ ਤੀ ਸੀ ਉਹ ਸ਼ਹਿਰ ਤੋਂ ਭੜੌਣ ਔਂਦੀ ਹੁੰਦੀ ਸੀ'

'ਫੇਰ ?'

'ਫੇਰ ਕੀ ਸਰਪੰਚ ਦੀ ਅੱਖ ਵੀ ਮਾਸ਼ਟਨੀ ਤੇ ਸੀ ਜਦੋਂ ਪਤਾ ਲੱਗਾ ਕਿ ਕਾਲੀਆਂ ਦੇ ਮੁੰਡੇ ਮਛਟਰ ਨੇ ਮਛਟਰਨੀ ਨਾਲ ਕੁੰਡੀ ਫਸਾਈ ਆ ਤਾਂ ਓਦ੍ਹੇ ਕੋਲੋਂ ਜਰਿਆ ਨੀ ਗਿਆ'

'ਵਾਕਿਆ ਈ ਮਛਟਰ-ਮਛਟਰਨੀ ਦਾ ਇਸ਼ਕ ਮੁਸ਼ਕ ਚਲਦਾ ਸੀ ਕਿ ਐਵੇਂ ਤੋਏ ਤੋਏ ਕਰਾਈ' ਕਾਮਰੇਡ ਨੇ ਪੁੱਛਿਆ।

'ਮੈਂ ਵੀ ਉਦੋਂ ਜੁਆਕ ਸੀ ਸੁਣੀ ਸੁਣਾਈ ਗੱਲ ਆ, ਵੈਸੇ ਲੋਕ ਖੰਭਾਂ ਦੀਆਂ ਡਾਰਾਂ ਬਣਾ ਦਿੰਦੇ ਆ' ਦਰਸ਼ਨ ਨੇ ਕਿਹਾ।

'ਤੂੰ ਜੱਟ ਕਿਵੇਂ ਬਣਿਆ ?' ਕਾਮਰੇਡ ਨੇ ਫਿਰ ਪੁੱਛਿਆ।

'ਉਹੋ ਗੱਲ ਤਾਂ ਦੱਸ ਰਿਹਾਂ, ਕਿ ਭਾਈ ਪਿੰਡ ਦੇ ਮਛਟਰ ਦੀ ਬਦਲੀ ਕਰਵਾਤੀ ਨਵਾਂ ਮਛਟਰ ਆ ਗਿਆ ਮੈਂ ਕੱਲਾ ਮੁੰਡਾ ਪੰਡਤਾਂ ਦਾ ਸੀ, ਨਵਾਂ ਮਛਟਰ ਭੁੱਲ ਜਾਂਦਾ ਸੀ ਕਿ ਮੈਂ ਪੰਡਤ ਹਾਂ, ਉਸ ਨੇ ਮੇਰੇ ਨਾਂ ਦੇ ਪਿੱਛੇ 'ਬਰਾੜ' ਲਿਖ ਦਿੱਤਾ ਮੈਂ ਦਰਸ਼ਨ ਸਿੰਘ 'ਬਰਾੜ' ਬਣ ਗਿਆ'

'ਫੌਜ 'ਚ' ਤਾਂ ਜਾਤ ਪਾਤ ਦੇਖਦੇ ਆ ਭਰਤੀ ਕਰਨ ਵਾਲਿਆਂ ਨੀ ਪੁੱਛਿਆ ?

'ਫੌਜ ਵਾਲਿਆਂ ਨੂੰ ਬੰਦਿਆਂ ਦੀ ਲੋੜ ਸੀ ਸਿੱਖ ਅਫਸਰ ਭਰਤੀ ਕਰਨ ਵਾਲਾ ਵੀ ਬਰਾੜ ਸੀ ਉਸਨੇ ਕੀ ਪੁੱਛਣਾ ਸੀ। ਦੂਜੀ ਗੱਲ ਏਹ ਸੀ 1962, 1965 ਤੇ 1971 ਦੀ 'ਚ' ਬੌਤ ਫੌਜੀ ਸ਼ਹੀਦ ਹੋਏ ਸੀ ਇਸ ਵਾਸਤੇ ਜਾਦਾ ਪੁੱਛ-ਤਾਛ ਨੀ ਕੀਤੀ'

'ਏਹ ਗੱਲ ਤੇਰੀ ਠੀਕ ਆ ਪਾਕਿਸਤਾਨ ਨੇ ਤਾਂ 1971 ਵੇਲੇ ਖੁਸਰੇ ਭਰਤੀ ਕਰਲੇ ਸੀ' ਕੇਵਲ ਨੇ ਕਿਹਾ ਤਾਂ ਸਾਰੇ ਹੱਸ ਪਏ।

ਮੈਨੂੰ ਤਾਂ ਛੋਟੇ ਹੁੰਦੇ ਨੂੰ ਪਤਾ ਈ ਨੀ ਸੀ ਕਿ ਮੈਂ ਪੰਡਤ ਆਂ ਜਦੋਂ ਮੈਂ ਬਾਪੂ ਦੀ ਰੋਟੀ ਲੈ ਕੇ ਖੇਤ ਜਾਂਦਾ ਹੁੰਦਾ ਸੀ '

'ਦੱਸ ਤੂੰ ਕੀ ਖੱਟ ਲਿਆ ਜੱਟ ਬਣ ਕੇ ?' ਕਾਮਰੇਡ ਨੇ ਕਿਹਾ।

'ਬੌਤ ਖੱਟ ਲਿਆ ਕੰਮਰੇੜਾ ਸਾਡੀਆਂ ਸੱਤਾਂ ਪੁਛਤਾਂ ਯਾਦ ਰੱਖਣਗੀਆਂ ਕਿ ਦਰਸ਼ਨ ਸਿੰਘ ਨੇ ਦਰਬਾਰ ਸੈਬ੍ਹ ਖਾਤਰ ਕੁਰਬਾਨੀ ਕੀਤੀ' ਦਰਸ਼ਨ ਨੇ ਹਿੱਕ ਚੌੜੀ ਕਰ ਕੇ ਕਿਹਾ।

'ਓ ਪੰਡਤਾ ਤੈਨੂੰ ਕਿੰਨੀ ਵਾਰ ਕਿਹਾ ਕਿ ਮੈਨੂੰ ਕੰਮਰੇੜ ਨਾ ਕਿਹਾ ਕਰ ਜੇ ਕੈਣ੍ਹਾਂ ਕਾਮਰੇਡ ਆਖਿਆ ਕਰ ਨਈਂ ਤਾ ਮੇਰਾ ਨਾ ਲੈ ਲਿਆ ਕਰ' ਕੌਮਨਿਸ਼ਟ ਗੁੱਸੇ ਵਿੱਚ ਆ ਗਿਆ।

'ਮਾਫ ਕਰ ਬਾਬਾ ਨਈਂ ਕੈਂਦ੍ਹਾ ਮੂੰਹ 'ਚੋਂ' ਨਿਕਲ ਗਿਆ ਪਰ ਦੁਨੀਆਂ ਨੂੰ ਦੱਸ ਤਾ ਪੰਡਤ ਵੀ ਕਿਸੇ ਨਾਲੋਂ ਘੱਟ ਨੀ' ਦਰਸ਼ਨ ਨੇ ਕਿਹਾ।

'ਏਹ ਤਾਂ ਹੈ ਅਸੀਂ ਲੋਕਾਂ ਵਾਂਗੂੰ ਤੇ ਤਮਾਸ਼ਾਂ ਨੀ ਦੇਖਿਆ' ਗਿਆਨੀ ਨੇ ਕਿਹਾ।

'ਹੱਛਾ ਹੋਰ ਕੀ ਫੈਦਾ ਹੋਇਆ ਤੈਨੂੰ ਜੱਟ ਬਨਣ ਵਿੱਚ' ਗਿਆਨੀ ਨੇ ਪੁੱਛਿਆ।

'ਫੈਦਾ ਫੂਦਾ ਤਾਂ ਕੋਈ ਨੀ ਹੋਇਆ ਨੁਕਸ਼ਾਨ ਬਥੇਰਾ ਹੋਇਆ' ਦਰਸ਼ਨ ਨੇ ਕਿਹਾ।

'ਆਹੋ ਕੋਈ ਸਰਾਧ ਨੀ ਖੁਆਉਂਦਾ ਹੋਣਾਂ ?' ਕਾਮਰੇਡ ਨੇ ਹੱਸਕੇ ਕਿਹਾ।

'ਜੱਟ ਤਾਂ ਆਪ ਭੁੱਖੇ ਮਰਦੇ ਆ ਸਾਨੂੰ ਸਰਾਧ ਸੁਆਹ ਖੁਆ ਦੇਣਗੇ' ਦਰਸ਼ਨ ਨੇ ਮੋੜਵਾਂ ਜਵਾਬ ਦਿੱਤਾ।

'ਫਿਰ ਕੀ ਘਾਟਾ ਖਾਧਾ ?

'ਸਾਰੀ ਉਮਰ ਘਾਟਾ ਖਾਧਾ ਜਿਵੇਂ ਸਾਡੀ ਕੌਮ ਨੂੰ ਸਕੂਲ ਦੀ ਫੀਸ ਮਾਫ ਸੀ ਪਰ ਮੇਰੀ ਮਾਫ ਨਹੀਂ ਹੋਈ, ਬੈਕਾਂ ਦਾ ਕਰਜ਼ਾ ਸਾਡੇ ਵਾਸਤੇ ਬਿਨਾਂ ਵਿਆਜ ਤੋਂ ਸੀ ਪਰ ਮੇਰੇ ਤੇ ਜੱਟ ਦਾ ਲੇਬਲ ਹੋਣ ਕਰਕੇ ਕਰਜੇ ਤੇ ਵਿਆਜ ਕਰਤੇ ਤੋਂ ਕਰਜ਼ਾ ਤੇ ਹੋਰ ਵੀ ਬੌਤ੍ਹ ਘਾਟੇ ਖਾਧੇ ਪੁੱਛੋ ਕੁਸ਼ ਨਾ ਮੈਨੂੰ ਨਾ ਤਾਂ ਜੱਟ ਸਾਕ ਦਿੰਦੇ ਤੇ ਨਾ ਪੰਡਤ, ਪੰਡਤ ਆਖ ਦਿੰਦੇ ਆ ਏਹ ਜੱਟ ਆ ਤੇ ਜੱਟ ਆਖ ਦਿੰਦੇ ਆ ਪੰਡਤ ਆ ਫੜਲੋ ਪੂਛ! ਲੌ ਕਰ ਲੋ ਗੱਲ' ਦਰਸ਼ਨ ਕੇ ਕਿਹਾ।

'ਲੋਕ ਆਪਣੇ ਪੈਰਾਂ ਤੇ ਕੁਹਾੜਾ ਮਾਰਦੇ ਸੁਣੇ ਸੀ, ਪਰ ਪੰਡਤਾ ਤੂੰ ਤਾਂ ਕੁਹਾੜੇ ਤੇ ਪੈਰ ਮਾਰਿਆ' ਕਾਮਰੇਡ ਨੇ ਕਿਹਾ।

'ਭਰਾਵੋ ਮੈਂ ਤਾ ਅਗਲੀ ਜੂਨ ਵਿੱਚ ਬਾਣੀਆਂ ਦੇ ਘਰ ਜੰਮੂਗਾ ਰੱਬ ਨੂੰ ਕਹੂੰਗਾ ਕਿ ਜੱਟ ਦੀ ਜੂਨ 'ਚ' ਨਾ ਪਾਵੀਂ ਚਾਹੇ ਖੋਤੇ ਦੀ ਜੂਨ 'ਚ ਪਾ ਦੇਵੀਂ' ਕੇਵਲ ਨੇ ਕਿਹਾ। ਉੱਧਰੋਂ ਬੈਰਕਾਂ ਵਿੱਚ ਜਾਣ ਦੀ ਸੀਟੀ ਵੱਜ ਗਈ ਸਾਰੇ ਬੈਰਕ ਵੱਲ ਨੂੰ ਹੋ ਤੁਰੇ। ਉਹ ਕਰਮਾਂ ਵਾਲਾ ਦਿਨ ਵੀ ਆਇਆ ਜਿਸ ਦਿਨ ਸਜ਼ਾ ਪੂਰੀ ਹੋ ਗਈ। ਜੇਲਰ ਨੇ ਸਾਰਿਆ ਦਾ ਸਮਾਨ ਵਾਪਸ ਕਰ ਦਿੱਤਾ। ਸਜ਼ਾ ਪੂਰੀ ਕਰਕੇ ਜੇਲ ਵਿੱਚੋਂ ਬਾਹਰ ਆ ਗਏ ਖੁੱਲੇ ਅਕਾਸ਼ ਵਿੱਚ ਅਜ਼ਾਦ ਪੰਛੀ ਵਾਂਗੂੰ ਹੱਥ ਫੈਲਾਏ। ਨਾ ਗ਼ਮੀ ਤੇ ਨਾ ਖੁਸ਼ੀ ਮਹਿਸੂਸ ਕਰਦੇ ਹੋਏ ਘਰ ਆ ਗਏ। ਸਾਰਿਆਂ ਦੇ ਘਰਾਂ ਦੀ ਹਾਲਤ ਮਾੜੀ ਹੀ ਸੀ। ਜਦੋਂ ਕਿ ਆਂਢ ਗੁਆਂਢ ਦੇ ਲੋਕ ਤਰੱਕੀ ਕਰ ਗਏ ਸਨ। ਆਮ ਤੌਰ ਤੇ ਸਾਰਿਆਂ ਕੋਲ ਟ੍ਰੈਕਟਰ ਸਨ ਅਤੇ ਸਾਰੇ ਧਰਮੀ ਫੌਜੀਆਂ ਦਾ ਸਭ ਕੁਛ ਵਿੱਕ ਗਿਆ ਸੀ! ਕਿਸੇ ਕੋਲ ਬਲਦ ਸਨ ਉਹ ਵੀ ਪੂਛੋਂ ਫੜਕੇ ਉਠਾਉਣ ਵਾਲੇ। ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਗਏ ਅਜੇ ਵੀ ਖੁਸ਼ ਸਨ ਕਿ ਕੁੜੀ ਜੰਮੀ ਹੱਡ ਛੁੱਟੇ!

## ਮਹਾਨ ਸਿੱਖ-ਨਾਇਕ...

1776 ਈਸਵੀ ਵਿਚ ਜੱਸਾ ਸਿੰਘ ਦੀ ਸਾਰੀ ਹਕੂਮਤ ਮੂਲੋਂ ਹੀ ਖ਼ਤਮ ਹੋ ਗਈ ਅਤੇ ਉਸ ਨੂੰ ਆਪਣੀ ਤਾਕਤ ਮੁੜ ਬਹਾਲ ਕਰਨ ਲਈ ਸਤਲੁਜ ਤੋਂ ਪਾਰ ਮਾਲਵੇ ਵਿੱਚ ਆਪਣੀ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ। ਪਟਿਆਲੇ ਦੇ ਰਾਜਾ ਅਮਰ ਸਿੰਘ ਨਾਲ ਰਲ ਕੇ ਉਸ ਨੇ ਹਾਂਸੀ ਤੇ ਹਿਸਾਰ ਨੂੰ ਅਪਣੇ ਅਧੀਨ ਕਰ ਲਿਆ। ਅਮਰ ਸਿੰਘ ਨੂੰ ਆਪਣੇ ਰਾਜ ਦੇ ਖੁੱਸਣ ਦਾ ਵੀ ਡਰ ਲੱਗਾ ਹੋਇਆ ਸੀ। ਇਸ ਲਈ ਉਸ ਨੇ ਆਪਣੀ ਸਹਾਇਤਾ ਲਈ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੇ ਨਾਲ ਰਲਾ ਲਿਆ। ਜੱਸਾ ਸਿੰਘ ਨੇ ਅਮਰ ਸਿੰਘ ਦਾ ਕਈ ਲੜਾਈਆਂ ਵਿੱਚ ਸਾਥ ਦਿਤਾ। ਇਨਾਂ ਲੜਾਈਆਂ ਵਿੱਚ ਸਾਥ ਦੇਣ ਨਾਲ ਜੱਸਾ ਸਿੰਘ ਦੀ ਤਾਕਤ ਦਿਨੋ-ਦਿਨ ਵੱਧਣ ਲੱਗੀ। ਉਸ ਨੇ ਮੇਰਠ, ਚੰਦੋਸੀ ਉਤੇ ਹਮਲਾ ਕਰਕੇ ਇਥੋਂ ਲੱਖਾਂ ਰੁਪਈਆਂ ਹਾਸਲ ਕੀਤਾ। ਇਸ ਤੋਂ ਬਾਅਦ ਜੱਸਾ ਸਿੰਘ ਨੇ ਸਾਂਵਲ, ਕਾਸਗੰਜ, ਕੋਸੀਆ ਗੰਜ, ਖੁਰਜਾ, ਸਕੰਦਰਾ, ਦਾਰਾ ਨਗਰ ਆਦਿ ਇਲਾਕਿਆਂ ਨੂੰ ਲੁੱਟਿਆ ਅਤੇ ਇਥੋਂ ਦੇ ਸਰਦਾਰਾਂ ਨੂੰ ਭਾਂਜ ਦਿੱਤੀ।

ਮਾਰਚ, 1783 ਈਸਵੀ ਵਿੱਚ ਬਹੁਤ ਸਾਰੇ ਸਿੱਖ ਸਰਦਾਰਾਂ ਨੇ ਦਿੱਲੀ ਉੱਤੇ ਧਾਵਾ ਕਰਨ ਦਾ ਮਤਾ ਪਾਸ ਕੀਤਾ। ਜੱਸਾ ਸਿੰਘ ਵੀ ਇਨਾਂ ਨਾਲ ਭਰਤਪੁਰ ਦੇ ਸਥਾਨ 'ਤੇ ਮਿਲ ਗਿਆ। ਭਰਤਪੁਰ ਦੇ ਜਾਟਾਂ ਤੋਂ ਜੱਸਾ ਸਿੰਘ ਨੇ ਇਕ ਲੱਖ ਰੁਪਈਆ ਵਸੂਲ ਕੀਤਾ। ਉਸ ਤੋਂ ਬਾਅਦ ਸਿੱਖ ਛੇਤੀ ਹੀ ਦਿੱਲੀ ਵਿੱਚ ਦਾਖ਼ਲ ਹੋ ਗਏ। ਉਨਾਂ ਨੇ ਦਿੱਲੀ ਵਿੱਚ ਦਾਖ਼ਲ ਹੋ ਕੇ ਸ਼ਾਹ ਆਲਮ ਦੂਜੇ ਨੂੰ ਕਰਾਰੀ ਹਾਰ ਦਿੱਤੀ। ਜੱਸਾ ਸਿੰਘ ਸਿੱਖ ਸਰਦਾਰਾਂ ਤੋਂ ਵੱਖਰਾ ਹੋ ਕੇ ਵੀ ਲੜਦਾ ਰਿਹਾ। ਸਭ ਤੋਂ ਪਹਿਲਾਂ ਉਸ ਨੇ ਮੁਗ਼ਲਪੁਰਾ ਫਤਹਿ ਲਾਲ ਕਿਲੇ ਵਿਚੋਂ ਜੱਸਾ ਸਿੰਘ ਦੇ ਹੱਥ ਮੁਗ਼ਲਾਂ ਦੇ ਤੋਪਖਾਨੇ ਦੀਆਂ ਚਾਰ ਬੰਦੂਕਾਂ ਅਤੇ ਇਕ ਰੰਗ-ਬਰੰਗੇ ਪੱਥਰ ਨਾਲ ਬਣੀ ਹੋਈ ਸੁੰਦਰ ਸਿੱਲ ਮਿਲੀ। ਇਹ ਵੀ ਅਨੁਮਾਨ ਲਗਾਇਆ ਜਾਂਦਾ ਹੈ ਕਿ ਜਦ ਜੱਸਾ ਸਿੰਘ ਮੁਗ਼ਲ ਫ਼ੌਜਾਂ ਨੂੰ ਹਾਰ ਦੇ ਰਿਹਾ ਸੀ ਅਤੇ ਉਨਾਂ ਦੇ ਮਹਿਲਾਂ ਨੂੰ ਲੁੱਟ ਰਿਹਾ ਸੀ ਤਾਂ ਸ਼ਾਹ ਆਲਮ ਦੂਜੇ ਨੇ ਉਸ ਨੂੰ ਪੰਜ ਸੌ ਰੁਪਏ ਨਜ਼ਰਾਨੇ ਵਜੋਂ ਭੇਟ ਕੀਤੇ ਸਨ ਅਤੇ ਉਸ ਨੂੰ ਇਹ ਬੇਨਤੀ ਕੀਤੀ ਕਿ ਉਹ ਸ਼ਹਿਰ ਨੂੰ ਛੱਡ ਕੇ ਚਲਾ ਜਾਵੇ। ਸ਼ਾਹ ਆਲਮ ਦੂਜੇ ਦੇ ਕਹਿਣ ਉਪਰ ਜੱਸਾ ਸਿੰਘ ਦਿੱਲੀ ਤੋਂ ਵਾਪਸ ਮੁੜ ਆਇਆ ਅਤੇ ਉਸ ਨੇ ਆਪਣੇ ਨਾਲ ਲਿਆਂਦੀ ਪੱਥਰ ਦੀ ਸਿੱਲ ਨੂੰ ਰਾਮਗੜ ਦੇ ਕਿਲੇ ਵਿੱਚ ਲੁਆ ਦਿੱਤਾ। 1783 ਤੋਂ 1796 ਈਸਵੀ ਤਕ ਜੱਸਾ ਸਿੰਘ ਦਾ ਸੰਘਰਸ਼ ਸਿੱਖ ਮਿਸਲਾਂ ਨਾਲ ਲਗਾਤਾਰ ਚਲਦਾ ਰਿਹਾ। ਜਦੋਂ 1783 ਈਸਵੀ ਵਿੱਚ ਪੰਜਾਬ ਵਿਚ ਮਿਸਲਾਂ ਦੀ ਰਾਜਨੀਤਿਕ ਸ਼ਕਤੀ ਕਮਜ਼ੋਰ ਹੁੰਦੀ ਵਿਖਾਈ ਦਿੱਤੀ ਤਾਂ ਜੱਸਾ ਸਿੰਘ ਨੇ ਪੰਜਾਬ ਵੱਲ ਆਪਣਾ ਰੁਖ਼ ਕੀਤਾ। ਜੱਸਾ ਸਿੰਘ ਨੇ ਮਹਾਂ ਸਿੰਘ ਸ਼ੁੱਕਰਚੱਕੀਆ ਨੂੰ ਉਸ ਦਾ ਸਾਥ ਦੇਣ ਦੀ ਤਜਵੀਜ਼ ਭੇਜੀ। ਮਹਾਂ ਸਿੰਘ ਉਸ ਸਮੇਂ ਬਾਕੀ ਮਿਸਲਾਂ ਤੋਂ ਤੰਗ ਆਇਆ ਸੀ। ਮਹਾਂ ਸਿੰਘ ਨੇ ਇਸ ਤਜਵੀਜ਼ ਨੂੰ ਮੰਨ ਲਿਆ। ਜਦੋਂ ਜੱਸਾ ਸਿੰਘ ਤੇ ਮਹਾਂ ਸਿੰਘ ਦੀ ਸੰਧੀ ਦੀ ਖ਼ਬਰ ਦੂਸਰੇ ਮਿਸਲ ਸਰਦਾਰਾਂ ਤਕ ਪੁੱਜੀ ਤਾਂ ਉਹ ਵੀ ਚੇਤੰਨ ਹੋ ਗਏ। ਮਹਾਂ ਸਿੰਘ ਨੇ ਜੱਸਾ ਸਿੰਘ ਨੂੰ ਪੰਜਾਬ ਵਿਚ ਆਉਣ ਦਾ ਸੱਦਾ ਭੇਜਿਆ।

ਕਾਂਗੜੇ ਦੇ ਕਿਲੇ ਦੇ ਪ੍ਰਬੰਧ ਦਾ ਪ੍ਰਸ਼ਨ ਇਸ ਪੰਜਾਬ ਮੁਹਿੰਮ ਦਾ ਖ਼ਾਸ ਕਾਰਨ ਬਣਿਆ। ਕਾਂਗੜੇ ਦਾ ਕਿਲਾ ਜੋ ਕਿ ਜੈ ਸਿੰਘ ਘਨੱਈਆ ਦੇ ਅਧੀਨ ਸੀ। ਜੈ ਸਿੰਘ ਦਾ ਸਾਥ ਭੰਗੀ ਸਰਦਾਰ ਦੇ ਰਹੇ ਸਨ। ਸਤਲੁਜ ਨੂੰ ਪਾਰ ਕਰਕੇ ਜੱਸਾ ਸਿੰਘ ਪੰਜਾਬ ਵਿਚ ਦਾਖ਼ਲ ਹੋ ਗਿਆ ਅਤੇ ਇਕੱਲਾ ਹੀ ਕਾਂਗੜੇ ਵੱਲ ਵਧਣ ਲੱਗਾ। ਬਟਾਲੇ ਕੋਲ ਪਹੁੰਚ ਕੇ ਉਸ ਦੀ ਲੜਾਈ ਜੈ ਸਿੰਘ ਘਨੱਈਆ ਨਾਲ ਹੋ ਗਈ ਜਿਸ ਵਿੱਚ ਧਰਮ ਦਾਸ ਤੁਲੀ ਨੇ ਜੱਸਾ ਸਿੰਘ ਦੀ ਮਦਦ ਕੀਤੀ। ਜੱਸਾ ਸਿੰਘ ਦੀ ਮਦਦ ਹੁੰਦੀ ਦੇਖ ਕੇ ਘਨੱਈਆ ਸਰਦਾਰ ਦੀ ਫ਼ੌਜ ਖੇਰੂੰ-ਖੇਰੂੰ ਹੋ ਗਈ। ਜੈ ਸਿੰਘ ਨੂੰ ਇਸ ਲੜਾਈ ਵਿੱਚ ਭਾਰੀ ਹਾਰ ਹੋਈ। ਜੱਸਾ ਸਿੰਘ ਦੀਆਂ ਜੇਤੂ ਫੌਜਾਂ ਨੇ ਸ਼ਹਿਰ ਵਿਚ ਦਾਖਲ ਹੋ ਕੇ ਕਾਫ਼ੀ ਲੁੱਟ ਮਾਰ ਕਰਕੇ, ਕਲਾਨੌਰ ਵੱਲ ਕੂਚ ਕੀਤਾ। ਕਲਾਨੌਰ ਉਪਰ ਜੈ ਸਿੰਘ ਦਾ ਪੁੱਤਰ ਸਿੰਘ ਰਾਜ ਕਰ ਰਿਹਾ ਸੀ। ਮੰਗਲ ਸਿੰਘ ਵੀ ਬਹੁਤੀ ਦੇਰ ਤਕ ਜੱਸਾ ਸਿੰਘ ਦੀਆਂ ਫੌਜਾਂ ਅੱਗੇ ਨਾ ਟਿਕ ਸਕਿਆ। ਜਲਦੀ ਹੀ ਜੱਸਾ ਸਿੰਘ ਦਾ ਕਬਜ਼ਾ ਕਲਾਨੌਰ, ਸ੍ਰੀ ਹਰਗੋਬਿੰਦਪੁਰ, ਮੱਤੇਵਾਲ ਤੇ ਥਾਦੂਵਾਲ ਦੇ ਸਥਾਨਾਂ ਉਪਰ ਹੋ ਗਿਆ। ਇਸ ਤੋਂ ਪਿੱਛੋਂ ਘਨੱਈਆ ਸਰਦਾਰ ਵੀ ਕਿਤੇ ਟਿਕ ਕੇ ਨਾ ਬੈਠ ਸਕੇ। ਜੱਸਾ ਸਿੰਘ ਹੁਣ ਇਹ ਚਾਹੁੰਦਾ ਸੀ ਕਿ ਉਹ ਘਨੱਈਆ ਸਰਦਾਰਾਂ ਦੇ ਪਹਾੜੀ ਇਲਾਕਿਆਂ ਉਪਰ ਵੀ ਕਬਜ਼ਾ ਕਰ ਲਵੇ ਇਸ ਲਈ ਉਸ ਨੇ ਆਪਣਾ ਰੁਖ਼ ਕਾਂਗੜੇ ਵੱਲ ਨੂੰ ਕਰ ਲਿਆ। ਜੱਸਾ ਸਿੰਘ ਨੇ ਕਾਂਗੜੇ ਉਪਰ ਜਲਦੀ ਹੀ ਚੜ੍ਹਾਈ ਕਰ ਦਿੱਤੀ ਅਤੇ ਮੁਕੇਰੀਆਂ, ਹਾਜੀਪੁਰ ਤੇ ਹੋਰ ਇਲਾਕਿਆਂ ਨੂੰ ਵੀ ਆਪਣੇ ਅਧੀਨ ਕਰ ਲਿਆ। ਇਨਾਂ ਸਾਰੀਆਂ ਮੁਹਿੰਮਾਂ ਨੂੰ ਜੱਸਾ ਸਿੰਘ ਨੇ ਮਹਾਂ ਸਿੰਘ ਤੋਂ ਬਿਨਾਂ ਹੀ ਤੈਅ ਕਰ ਲਿਆ ਸੀ ਅਤੇ ਆਪਣੇ ਇਲਾਕੇ ਖੋਹ ਕੇ ਬਹਾਲ ਕਰ ਲਏ ਸਨ, ਇਸ ਲਈ ਉਸ ਦੀ ਸਥਿਤੀ ਫਿਰ ਤੋਂ ਪੰਜਾਬ ਵਿੱਚ ਕਾਇਮ ਹੋ ਗਈ ਅਤੇ ਉਸ ਦੇ ਮਾਣ ਵਿੱਚ ਵੀ ਵਾਧਾ ਹੋਇਆ।

ਆਪਣੇ ਖੁੱਸੇ ਹੋਏ ਇਲਾਕਿਆਂ ਨੂੰ ਦੁਬਾਰਾ ਪ੍ਰਾਪਤ ਕਰ ਲੈਣ ਉਪਰੰਤ ਜੱਸਾ ਸਿੰਘ ਨੂੰ ਸਭ ਤੋਂ ਪਹਿਲਾਂ ਭਾਗ ਸਿੰਘ ਆਹਲੂਵਾਲੀਆ ਨਾਲ ਟਾਕਰਾ ਕਰਨਾ ਪਿਆ, ਕਿਉਂਕਿ ਜਦੋਂ ਜੈ ਸਿੰਘ ਘਨੱਈਆ ਦੇ ਇਲਾਕਿਆਂ ਉਪਰ ਜੱਸਾ ਸਿੰਘ ਹਮਲਾ ਕਰ ਰਿਹਾ ਸੀ ਤਾਂ ਭਾਗ ਸਿੰਘ ਉਸ ਦਾ ਸਾਥ ਦੇ ਰਿਹਾ ਸੀ। ਭਾਗ ਸਿੰਘ ਨੇ ਕਈ ਰਾਮਗੜ੍ਹੀਆ ਸਰਦਾਰਾਂ ਨੂੰ ਗ੍ਰਿਫ਼ਤਾਰ ਕਰਕੇ ਕਰੜੇ ਦੰਡ ਦਿੱਤੇ ਸਨ। ਇਸ ਲਈ ਜੱਸਾ ਸਿੰਘ ਉਸ ਦੇ ਖ਼ਿਲਾਫ਼ ਸੀ। ਜੱਸਾ ਸਿੰਘ ਨੇ ਭਾਗ ਸਿੰਘ ਨੂੰ ਕਈ ਥਾਵਾਂ 'ਤੇ ਕਿਲਿਆਂ ਦੀ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ। ਇਨਾਂ ਕਿਲਿਆਂ ਨੂੰ ਉਸ ਨੇ ਪੂਰੇ ਸਿਰੜ ਤੇ ਮਿਹਨਤ ਨਾਲ ਤਿਆਰ ਕਰਵਾਇਆਂ ਜਿਸ ਵਿੱਚ ਕਿਲਾ ਦਰਸ਼ਨ ਸਿੰਘ, ਤਲਵਾੜੇ ਦਾ ਕਿਲਾ ਅਤੇ ਬਟਾਲੇ ਦਾ ਕਿਲਾ ਬਹੁਤ ਮਸ਼ਹੂਰ ਕਿਲੇ ਸਨ।

1796 ਤੋਂ 1803 ਈਸਵੀ ਤਕ ਜੱਸਾ ਸਿੰਘ ਦੇ ਲੰਮੇ ਜੀਵਨ ਘੋਲ ਦਾ ਅੰਤਿਮ ਸਮਾਂ ਸੀ। ਸ਼ੁੱਕਰਚੱਕੀਆ ਸਰਦਾਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸ਼ਕਤੀ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਛੋਟੇ-ਛੋਟੇ ਸਰਦਾਰਾਂ ਨੂੰ ਜਿੱਤ ਕੇ ਉਨਾਂ ਨੂੰ ਆਪਣੇ ਅਧੀਨ ਕਰ ਲਿਆ ਸੀ। ਤਾਕਤਵਰ ਮਿਸਲਾਂ ਨਾਲ ਮਿੱਤਰਤਾਪੂਰਵਕ ਸਬੰਧ ਸਥਾਪਤ ਕਰ ਲਏ ਸਨ। ਜੱਸਾ ਸਿੰਘ ਨੂੰ ਇਹ ਡਰ ਸਤਾ ਰਿਹਾ ਸੀ ਕਿ ਜੇਕਰ ਰਣਜੀਤ ਸਿੰਘ ਉਸ ਉਪਰ ਹਮਲਾ ਕਰੇਗਾ ਤਾਂ ਉਸ ਦੇ ਇਲਾਕੇ ਉਸ ਦੇ ਅਧੀਨ ਹੋਣੇ ਕੁਦਰਤੀ ਹਨ। ਜੱਸਾ ਸਿੰਘ ਅੰਗਰੇਜ਼ਾਂ ਨਾਲ ਵੀ ਮਿੱਤਰਤਾ ਕਾਇਮ ਕਰਨ ਦਾ ਚਾਹਵਾਨ ਸੀ ਪਰ ਅੰਗਰੇਜ਼ਾਂ ਨੇ ਜੱਸਾ ਸਿੰਘ ਨਾਲ ਮਿੱਤਰਤਾ ਦੀ ਕੋਈ ਖ਼ਾਸ ਦਿਲਚਸਪੀ ਨਾ ਦਿਖਾਈ। ਉਧਰ ਰਣਜੀਤ ਸਿੰਘ ਦੀ ਤਾਕਤ ਪੰਜਾਬ ਵਿਚ ਲਗਾਤਾਰ ਵਧ ਰਹੀ ਸੀ। ਭੰਗੀ ਸਰਦਾਰ ਤੇ ਜੱਸਾ ਸਿੰਘ ਉਸ ਦੀ ਅਧੀਨਗੀ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਸਨ। ਜਦੋਂ ਰਣਜੀਤ ਸਿੰਘ ਨੇ 1799 ਈਸਵੀ ਵਿਚ ਲਾਹੌਰ 'ਤੇ ਕਬਜ਼ਾ ਕਰਨ ਸਬੰਧੀ ਮੁਹਿੰਮ ਚਲਾਈ ਤਾਂ ਉਸ ਸਮੇਂ ਜੱਸਾ ਸਿੰਘ ਦੀ ਉਮਰ 75 ਵਰੇ ਹੋ ਚੁੱਕੀ ਸੀ। ਬਿਰਧ ਹੋਣ ਕਰਕੇ ਉਹ ਹੁਣ ਬਿਮਾਰ ਰਹਿ ਰਿਹਾ ਸੀ। ਉਸ ਦੀ ਬਿਮਾਰੀ ਨੂੰ ਭਾਂਪਦੇ ਹੋਏ ਹੀ ਰਣਜੀਤ ਸਿੰਘ ਨੇ 1799 ਈਸਵੀ ਵਿੱਚ ਲਾਹੌਰ 'ਤੇ ਕਬਜ਼ਾ ਕਰ ਲਿਆ। ਕੁਝ ਸਮੇਂ ਬਾਅਦ ਤੰਦਰੁਸਤ ਹੋ ਕੇ ਜੱਸਾ ਸਿੰਘ ਨੇ ਮੁੜ ਭੰਗੀ ਸਰਦਾਰਾਂ ਨਾਲ ਮਿਲ ਕੇ ਰਣਜੀਤ ਸਿੰਘ ਦੇ ਖ਼ਿਲਾਫ਼ ਮੁਹਿੰਮ ਚਲਾਈ।

ਰਣਜੀਤ ਸਿੰਘ ਦੀਆਂ ਫੌਜਾਂ ਅਤੇ ਭੰਗੀ ਸਰਦਾਰਾਂ ਅਤੇ ਜੱਸਾ ਸਿੰਘ ਦੀਆਂ ਮਿਲਵੀਆਂ ਫੌਜਾਂ ਵਿਚਕਾਰ ਭਸੀਨ ਪਿੰਡ ਦੇ ਸਥਾਨ 'ਤੇ ਆਹਮੋ-ਸਾਹਮਣੀ ਲੜਾਈ ਹੋਈ। ਦੋਹਾਂ ਫੌਜਾਂ ਨੂੰ ਇਕ-ਦੂਸਰੇ ਦੀ ਤਾਕਤ ਦਾ ਠੀਕ ਅਨੁਮਾਨ ਨਹੀਂ ਸੀ ਇਸ ਲਈ ਲਗਪਗ ਦੋ ਮਹੀਨੇ ਤਕ ਦੋਵੇਂ ਫ਼ੌਜਾਂ ਇਕ ਦੂਸਰੇ ਦੇ ਸਾਹਮਣੇ ਖੜੀਆਂ ਰਹੀਆਂ। ਇਕ ਦਿਨ ਅਚਾਨਕ ਭੰਗੀ ਸਰਦਾਰ ਗੁਲਾਬ ਸਿੰਘ ਦੀ ਜ਼ਿਆਦਾ ਸ਼ਰਾਬ ਪੀਣ ਕਾਰਨ ਮੌਤ ਹੋ ਗਈ, ਜਿਸ ਕਾਰਨ ਜੱਸਾ ਸਿੰਘ ਦੀਆਂ ਫੌਜਾਂ ਦੇ ਹੌਸਲੇ ਵੀ ਟੁੱਟ ਗਏ ਅਤੇ ਉਹ ਬਿਨਾਂ ਲੜਾਈ ਕੀਤਿਆਂ ਹੀ ਵਾਪਸ ਪਰਤ ਗਈਆਂ। ਇਸ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਹੌਸਲਾ ਬਹੁਤ ਵਧ ਗਿਆ ਅਤੇ ਉਸ ਨੇ 'ਰਾਮਗੜੀਆਂ' ਦੇ ਮਸ਼ਹੂਰ ਕਿਲੇ ਮਿਆਣੀ ਉਪਰ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਆਹਲੂਵਾਲੀਏ ਸਰਦਾਰਾਂ ਨੇ ਰਣਜੀਤ ਸਿੰਘ ਦੀ ਮਦਦ ਕੀਤੀ। ਜਲਦੀ ਹੀ ਕਿਲਾ ਰਣਜੀਤ ਸਿੰਘ ਦੇ ਅਧੀਨ ਹੋ ਗਿਆ। ਜੱਸਾ ਸਿੰਘ ਨੂੰ ਇਸ ਨਾਲ ਵੱਡਾ ਝਟਕਾ ਲੱਗਾ ਅਤੇ ਉਸ ਨੇ ਪਹਿਲਾਂ ਆਹਲੂਵਾਲੀਏ ਸਰਦਾਰਾਂ ਨੂੰ ਸਬਕ ਸਿਖਾਉਣ ਲਈ ਉਨਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਉਸ ਨੇ ਆਹਲੂਵਾਲੀਏ ਸਰਦਾਰਾਂ ਨੂੰ ਫਗਵਾੜੇ ਦੇ ਸਥਾਨ ਉਪਰ ਭਾਰੀ ਹਾਰ ਦਿੱਤੀ। 1802 ਈਸਵੀ ਵਿਚ ਜੱਸਾ ਸਿੰਘ ਨੇ ਬਟਾਲੇ ਉਪਰ ਵੀ ਦੁਬਾਰਾ ਹਮਲਾ ਕੀਤਾ ਪਰ ਇਸ ਲੜਾਈ ਦਾ ਵੀ ਉਸ ਨੂੰ ਕੋਈ ਆਰਥਿਕ ਫਾਇਦਾ ਨਾ ਹੋਇਆ। ਆਖ਼ਰ 1803 ਈਸਵੀ ਵਿਚ 80 ਸਾਲ ਦੀ ਉਮਰ ਵਿਚ ਸਰਦਾਰ ਜੱਸਾ ਸਿੰਘ ਰਾਮਗੜੀਆ ਪ੍ਰਾਣ ਤਿਆਗ ਗਿਆ। ਇਸ ਸਮੇਂ ਉਸ ਦੇ ਕਈ ਇਲਾਕੇ ਉਸ ਦੇ ਕਬਜ਼ੇ ਵਿਚ ਸਨ। ਸ. ਜੱਸਾ ਸਿੰਘ ਦੀ ਮੌਤ ਮਗਰੋਂ ਰਣਜੀਤ ਸਿੰਘ ਦੇ ਰਾਜ ਦਾ ਵਿਸਥਾਰ ਕਰਨ ਲਈ ਸਥਿਤੀ ਅਤਿ ਸਹਾਇਕ ਸਿੱਧ ਹੋਈ। ਜੱਸਾ ਸਿੰਘ ਦੇ ਪੁੱਤਰ ਜੋਧ ਸਿੰਘ ਨਾਲ ਰਣਜੀਤ ਸਿੰਘ ਨੇ ਸੰਧੀ ਕਰ ਲਈ ਤੇ ਉਸ ਦੇ ਮਰਨ ਤਕ ਭਾਵ 1816 ਈਸਵੀ ਤਕ ਕਦੀ ਵੀ ਰਾਮਗੜੀਆਂ ਦੇ ਖ਼ਿਲਾਫ਼ ਜੰਗ ਨਹੀਂ ਕੀਤੀ।

## ਆਰਥਿਕ ਸੰਕਟ ਕਰਕੇ...

ਜਿੰਨੇ ਅਕਾਲੀ ਦਲ ਬਾਦਲ ਵਾਲੇ ਪੰਜਾਬ ਤੇ ਪੰਥ ਪ੍ਰਤੀ ਬਦਲ ਚੁੱਕੇ ਹਨ, ਉਨਾਂ ਹੋਰ ਕੋਈ ਵੀ ਨਹੀਂ ਬਦਲਿਆ। ਧਰਮ ਯੁੱਧ ਮੋਰਚਾ ਲਗਾਉਣ ਵਾਲੇ ਅਕਾਲੀ ਜਿਵੇਂ ਕੇਂਦਰ ਅੱਗੇ ਪੰਜਾਬੀ ਹੱਕਾਂ ਲਈ ਗਰਜਦੇ ਸਨ, ਉਹ ਹੁਣ ਕਿਤੇ ਵੀ ਰੜਕਦੇ ਨਹੀਂ ਦਿਖਾਈ ਦਿੰਦੇ। ਅਨੰਦਪੁਰ ਮਤੇ ਤੋਂ ਭੱਜੇ ਬਾਦਲ ਅਕਾਲੀ ਦਲ ਵਾਲੇ ਹੁਣ ਪੰਜਾਬ ਦੇ ਹੱਕ ਵਿਚ ਪੈਂਤੜਾ ਲੈਣ ਤੋਂ ਵੀ ਗੁਰੇਜ ਕਰ ਰਹੇ ਹਨ। ਇਸ ਤਰਾਂ ਬਾਦਲਕੇ ਆਪਣੇ ਲੋਕਾਂ, ਆਪਣੇ ਪੰਥ, ਆਪਣੇ ਪੰਜਾਬ ਤੋਂ ਦੂਰ ਹੋ ਗਏ ਹਨ। ਪੰਜਾਬ ਵਿਚ 'ਅਕਾਲੀ ਦਲ' (ਬਾਦਲ) ਇਕ ਕਾਰਪੋਰੇਟ ਜਮਾਤ ਹੈ, ਜਿਸ ਨੂੰ ਅੱਜ ਤਿੰਨ 'ਮਹਾਂਪੁਰਖ' ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ ਤੇ ਸ. ਬਿਕਰਮ ਸਿੰਘ ਮਜੀਠੀਆ ਚਲਾ ਰਹੇ ਹਨ। ਜੋ ਉਹ ਕਹਿੰਦੇ ਹਨ, ਉਹੀ ਅਕਾਲੀ ਦਲ ਦਾ ਹੁਕਮ ਹੁੰਦਾ ਹੈ।

ਪੰਜਾਬ ਵਰਗੀ ਇਹੋ ਜਿਹੀ ਸਥਿਤੀ ਕਈ ਗੈਰ ਭਾਜਪਾ ਹੋਰਾਂ ਰਾਜਾਂ ਦੀ ਵੀ ਬਣੀ ਹੋਈ ਹੈ ਕਿ ਕੇਂਦਰ ਸਰਕਾਰ ਉਨਾਂ ਨਾਲ ਵਿਤਕਰਾ ਕਰ ਰਹੀ ਹੈ। ਪੱਛਮੀ ਬੰਗਾਲ ਦਾ ਦਾਅਵਾ ਹੈ ਕਿ ਕੇਂਦਰ ਵਿਤਕਰਾ ਕਰ ਰਿਹਾ ਜਦੋਂ ਕਿ ਕੇਂਦਰ ਦਾ ਕਹਿਣਾ ਹੈ ਕਿ ਮਮਤਾ ਸਰਕਾਰ ਸੰਕਟ ਸਮੇਂ ਅੜਿਕੇ ਖੜੇ ਕਰ ਰਹੀ ਹੈ। ਰਾਜਸਥਾਨ ਦੇ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਉਨਾਂ ਨੇ ਵੀ ਵਿਸ਼ੇਸ਼ ਪੈਕੇਜ਼ ਦੀ ਮੰਗ ਕੀਤੀ ਹੈ ਪਰ ਕੋਈ ਸੁਣਵਾਈ ਨਹੀਂ ਹੋਈ। ਕਈ ਰਾਜਾਂ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਕੋਰੋਨਾ ਵਾਇਰਸ ਦੀ ਜਾਂਚ ਲਈ ਰਾਜਾਂ ਨੂੰ ਕੇਂਦਰ ਵੱਲੋਂ ਹੀ ਕਿੱਟਾਂ ਮੁਹੱਈਆਂ ਕੀਤੀਆਂ ਜਾਣ। ਇਸ ਵੇਲੇ ਰਾਜ ਆਪਣੇ ਤੌਰ 'ਤੇ ਵੀ ਕਿੱਟਾਂ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਨਾਂ ਨੂੰ ਮੁਸ਼ਕਲ ਪੇਸ਼ ਆ ਰਹੀ ਹੈ।

ਕੈਪਟਨ ਦੀਆਂ ਮਾਰੂ ਨੀਤੀਆਂ

ਇਸ ਸੰਕਟ ਦੀ ਘੜੀ ਵਿੱਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸੀਨੀਅਰ ਉਪ ਚੇਅਰਮੈਨ ਅਤੇ ਉਪ ਚੇਅਰਮੈਨ ਦੇ ਅਹੁਦੇ ਬਹਾਲ ਕਰਨ ਵੱਲੋਂ ਵੀ ਮੀਡੀਆ ਅਤੇ ਰਾਜਸੀ ਹਲਕਿਆਂ ਦਾ ਧਿਆਨ ਖਿੱਚਿਆ ਹੈ। ਇੱਕ ਪਾਸੇ ਸਰਕਾਰ ਖਰਚਿਆਂ ਵਿੱਚ ਕਟੌਤੀਆਂ ਕਰ ਰਹੀ ਹੈ ਅਤੇ ਦੂਜੇ ਪਾਸੇ ਇਨਾਂ ਅਹੁਦਿਆਂ ਨੂੰ ਬਹਾਲ ਕੀਤਾ ਗਿਆ ਹੈ। ਪੰਜਾਬ ਸਰਕਾਰ ਕੇਂਦਰ ਕੋਲੋਂ ਤਾਂ ਵਿਸ਼ੇਸ਼ ਪੈਕੇਜ਼ ਦੀ ਮੰਗ ਕਰ ਰਹੀ ਹੈ ਪਰ ਇਸ ਫੈਸਲੇ ਨਾਲ 10 ਕਰੋੜ ਰੁਪਏ ਤੋਂ ਵੱਧ ਬੋਝ ਸਰਕਾਰੀ ਖਜਾਨੇ 'ਤੇ ਪਏਗਾ। ਜਦੋਂ ਇਹ ਫੈਸਲਾ ਅਮਲ ਵਿੱਚ ਆਏਗਾ ਤਾਂ ਅਹੁਦੇਦਾਰਾਂ ਨੂੰ ਕਾਰਾਂ, ਰਹਾਇਸ਼ ਅਤੇ ਭੱਤੇ ਵਰਗੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ। ਕੈਪਟਨ ਸਰਕਾਰ ਨੇ ਸਤਾ ਵਿੱਚ ਆਉਣ ਤੋਂ ਬਾਅਦ ਸੰਸਦੀ ਸਕੱਤਰ ਲਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਅਦਾਲਤੀ ਅੜਿਕੇ ਕਰਕੇ ਇਸ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਸਕਿਆ। ਹਾਲਾਂਕਿ ਸੰਸਦੀ ਸਕੱਤਰ ਕੋਲ ਫੈਸਲਾ ਲੈਣ ਦੇ ਕੋਈ ਅਧਿਕਾਰ ਵੀ ਨਹੀਂ ਹਨ। ਕੈਪਟਨ ਸਰਕਾਰ ਦਾ ਹੁਣ ਦੋ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ। ਪਹਿਲਾਂ ਹੀ ਵੱਡੇ ਵਿੱਤੀ ਸੰਕਟ ਵਿੱਚ ਡੁਬਿਆ ਪੰਜਾਬ ਕੋਰੋਨਾ ਮਹਾਮਾਰੀ ਦੇ ਸੰਕਟ ਵਿੱਚ ਬੁਰੀ ਤਰਾਂ ਫਸਿਆ ਹੋਇਆ ਹੈ। ਅਜਿਹੀਆਂ ਸੰਕਟ ਦੀਆਂ ਪ੍ਰਸਥਿਤੀਆਂ ਵਿੱਚ ਪੰਜਾਬ ਸਰਕਾਰ ਦੇ ਫੈਸਲੇ ਉਚਿਤ ਨਹੀਂ ਹਨ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




# 22

## GET FLAT 22 CENTS DISCOUNT AT




TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER® BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com